**1400/harpreet singh**

**PUNJAB VIDHAN SABHA**

*Monday, the 11th March, 2024*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 02.00 P.M. Mr. Speaker (Sardar Kultar Singh Sandhwan) in the Chair.*

-------

**ਮਾਣਯੋਗ ਸਪੀਕਰ:** ਪ੍ਰਸ਼ਨ ਕਾਲ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, 4 ਤਾਰੀਖ ਨੂੰ ਹਾਊਸ ਵਿਚ ਸਾਡੇ Esteemed Colleague ਨੂੰ ਮਾੜੀ ਚੰਗੀ ਭਾਸ਼ਾ ਵਰਤੀ ਗਈ ਹੈ।

**ਮਾਣਯੋਗ ਸਪੀਕਰ:** ਪਹਿਲਾਂ ਆਪਾਂ ਪ੍ਰਸ਼ਨ ਕਾਲ ਕਰ ਲਈਏ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਇਕ ਮਿੰਟ ਮੇਰੀ ਬੇਨਤੀ ਸੁਣ ਲਓ ਜੀ। ਤੁਸੀਂ ਇਸ ਮਾਮਲੇ ਤੇ ਆਪਣੀ ਕੋਈ ਰੂਲਿੰਗ ਤਾਂ ਦੇ ਦਿਓ ਜੀ। ਇਕ ਹਫ਼ਤਾ ਹੋ ਗਿਆ ਹੈ ਜੀ। ਸਾਡੇ ਵੱਲੋਂ ਇਸ ਮਾਮਲੇ ਤੇ ਤੁਹਾਨੂੰ ਪ੍ਰਿਵਲੇਜ ਮੋਸ਼ਨ ਦਿੱਤਾ ਹੋਇਆ ਹੈ। ਮੁੱਖ ਮੰਤਰੀ ਨੇ ਸਾਡੇ ਇਕ ਦਲਿਤ ਵੀਰ ਨੂੰ, ਸਾਰੀ ਕਮਿਊਨਿਟੀ ਨੂੰ ਜਿਸ ਤਰ੍ਹਾਂ ਡੱਬ ਕੀਤਾ ਹੈ, ਮੈਂ ਬੇਨਤੀ ਕਰਾਂਗਾ ਕਿ ਜਾਂ ਤਾਂ ਤੁਸੀਂ ਰੂਲਿੰਗ ਦੇ ਦਿਓ ਜਾਂ ਫਿਰ ਕਹਿ ਦਿਓ ਕਿ ਮੈਂ ਐਕਸੈਪਟ ਕਰਦਾ ਹਾਂ ਕਿ ਜੋ ਉਨ੍ਹਾਂ ਨੇ ਕਿਹਾ ਉਹ ਠੀਕ ਹੈ। ਸੋ, ਕ੍ਰਿਪਾ ਕਰਕੇ ਅੱਜ ਇਸ ਮਾਮਲੇ ਤੇ ਆਪਣੀ ਰੂਲਿੰਗ ਜ਼ਰੂਰ ਦਿਓ ਜੀ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਬੈਠੋ, ਬੈਠੋ।

## STARRED QUESTIONS AND ANSWERS

### ਪਟਿਆਲਾ ਸ਼ਹਿਰ ਵਿਚ ਧਰਮ ਅਰਥ ਬੋਰਡ ਦੀਆਂ ਪ੍ਰਾਪਰਟੀਜ਼ ਦੇ ਵੇਰਵੇ

***1071 ਸਰਦਾਰ ਅਜੀਤਪਾਲ ਸਿੰਘ ਕੋਹਲੀ:** ਕੀ ਮਾਲ ਤੇ ਮੁੜ ਵਸੇਬਾ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ :

ੳ) ਪਟਿਆਲਾ ਸ਼ਹਿਰ ਵਿਚ ਧਰਮ ਅਰਥ ਬੋਰਡ ਦੀਆਂ ਕਿੰਨੀਆਂ ਪ੍ਰਾਪਰਟੀਜ਼ ਕਿੱਥੇ ਕਿੱਥੇ ਹਨ ਅਤੇ ਇਨ੍ਹਾਂ ਦਾ ਫਿਜ਼ੀਕਲ ਸਟੇਟਸ ਕੀ ਹੈ;

ਅ) ਇਨ੍ਹਾਂ ਵਿਚੋਂ ਕਿੰਨੀਆਂ ਪ੍ਰਾਪਰਟੀਜ਼ ਤੇ ਐਨਕਰੋਚਮੈਂਟ ਹੋਈ ਪਈ ਹੈ;

ੲ) ਇਨ੍ਹਾਂ ਐਨਕਰੋਚਮੈਂਟ ਪ੍ਰਾਪਰਟੀਜ਼ ਨੂੰ ਛੁਡਵਾਉਣ ਲਈ ਕੀ ਕੀ ਉਪਰਾਲੇ ਕੀਤੇ ਗਏ ਹਨ ਅਤੇ ਕਦੋਂ ਤੱਕ ਸਾਰੀਆਂ ਪ੍ਰਾਪਰਟੀਜ਼ ਛੁਡਵਾ ਲਈਆਂ ਜਾਣਗੀਆਂ?

**Shri Bram Shankar:** Sir,

1. List of Dharam Arth Properties is attached herewith.
2. Details regarding legal / illegal possession will be clear after demarcation.

3. If any illegal possession is found, necessary action will be taken as per rules to remove it.

| Sr. No | Name of Mandir | Total Land | Legal/illegal Possession Status | Remarks |
|---|---|---|---|---|
| 1. | Mandir Shri Kedar Nath Ji, Rajpura Raod Patiala | 90 Bigha 1 Biswa now 1 Bigha 5 Biswa | No illegal Occupation | As per Office Record Total land was 90 Bigha 1 Biswa Out of which 88 Bigha 16 Biswa transferred to PRTC . Now Mandir Has only 1 Bigha 5 Biswa |
| 2. | Mandir Shri Badri Narayan, Bahadurgarh, Patiala | 202 Kanal 14 Marle | | Already written to Tehsildar Patiala for Demarcation |
| 3. | Mandir Shri Tung Nath Ji | 66 Bigha 17 Biswas | | Details Regarding legal/illegal possession will become clear after demarcation |
| 4. | Mandir Shri Kali Devi Ji, Patiala | 27 Bigha 10 Biswa | | Details Regarding legal/illegal possession will be clear after demarcation |
| 5. | Mandir Shivala, Vajidpur | 12 Bigha 9 Biswa | | Details Regarding legal/illegal possession will be clear after demarcation |
| 6. | Samadh Mai Desa, Nabha | 42 Bigha 3 Biswa | | Details Regarding legal/illegal possession will be clear after demarcation |

**ਸਰਦਾਰ ਅਜੀਤਪਾਲ ਸਿੰਘ ਕੋਹਲੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪਟਿਆਲਾ ਸ਼ਹਿਰ ਇਕ ਰਿਆਸਤੀ ਸ਼ਹਿਰ ਰਿਹਾ ਹੈ, ਜਿਸ ਕਰਕੇ ਇੱਥੇ ਮੰਦਰ ਗੁਰਦੁਆਰਿਆਂ ਅਤੇ ਡੇਰਿਆਂ ਦੀ ਕਾਫ਼ੀ ਪ੍ਰਾਪਰਟੀ ਸ਼ਹਿਰ ਵਿਚ ਪੈਂਦੀ ਹੈ। ਪੁਰਾਣੀਆਂ ਸਰਕਾਰਾਂ ਵਿਚ ਲੈਂਡ ਮਾਫੀਆ ਨੇ ਇਹ ਥਾਵਾਂ ਮਾਲ ਵਿਭਾਗ ਨਾਲ ਮਿਲ ਕੇ ਖੁਰਦ ਬੁਰਦ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਰੋੜਾਂ ਰੁਪਿਆਂ ਦੀ ਇਹ ਪ੍ਰਾਪਰਟੀ ਲੈਂਡ ਮਾਫ਼ੀਆ ਕੌਡੀਆਂ ਦੇ ਭਾਅ ਖਰੀਦ ਲੈਂਦਾ ਹੈ ਅਤੇ ਮੰਦਰਾਂ ਅਤੇ ਗੁਰਦੁਆਰਿਆਂ ਦੀਆਂ ਇਹ ਥਾਵਾਂ ਹੀ ਸ਼ੋਅਰੂਮਾਂ ਵਿਚ ਤਬਦੀਲ ਕਰਕੇ ਅੱਗੇ ਵੇਚ ਦਿੱਤੀਆਂ ਜਾਂਦੀਆਂ ਹਨ। ਸੋ, ਮੈਂ ਮਾਲ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਾਡੇ ਕੋਲ ਕੋਈ ਅਜਿਹਾ ਡਾਟਾ ਹੈ? ਕੀ ਧਰਮ ਅਰਥ ਅਧੀਨ ਆਉਂਦੀਆਂ ਸਾਰੀਆਂ ਪ੍ਰਾਪਰਟੀਜ਼ ਸਿਕਿਉਰ ਹਨ? ਜਿਹੜੀਆਂ

ਸਿਕਿਉਰਡ ਨਹੀਂ ਤਾਂ ਉਨ੍ਹਾਂ ਨੂੰ ਸਿਕਿਉਰਡ ਕਰਨ ਲਈ ਸਰਕਾਰ ਕੀ ਕਦਮ ਚੁੱਕ ਰਹੀ ਹੈ। ਜਿਹੜੀਆਂ ਅਜਿਹੀਆਂ ਪ੍ਰਾਪਰਟੀਜ਼ ਨਜਾਇਜ਼ ਕਬਜ਼ੇ ਵਿਚ ਹਨ, ਉਨ੍ਹਾਂ ਨੂੰ ਖਾਲੀ ਕਰਵਾਉਣ ਲਈ ਸਰਕਾਰ ਕੀ ਕਰ ਰਹੀ ਹੈ?

**ਮੰਤਰੀ:** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਇਹ ਮਾਮਲਾ ਮੇਰੇ ਧਿਆਨ ਵਿਚ ਲਿਆਂਦਾ ਹੈ। ਮੈਂ ਆਪਣੇ ਅਫ਼ਸਰ ਸਾਹਿਬਾਨ ਅਤੇ ਡਿਪਟੀ ਕਮਿਸ਼ਨਰ ਸਾਹਿਬ ਦੀ ਡਿਊਟੀ ਲਗਾਵਾਂਗਾ ਕਿ ਇਹ ਜਿਹੜੀਆਂ 6 ਪ੍ਰਾਪਰਟੀਜ਼ ਦੀ ਲਿਸਟ ਸਾਡੇ ਕੋਲ ਆਈ ਹੈ, ਇਨ੍ਹਾਂ ਦਾ ਉਚੇਚਾ ਪ੍ਰਬੰਧ ਕਰਕੇ ਮਾਲ ਵਿਭਾਗ ਇਨ੍ਹਾਂ ਨੂੰ ਆਪਣੀ ਕਸਟਡੀ ਵਿਚ ਲਵੇਗਾ। ਮੈਂ ਮੈਂਬਰ ਸਾਹਿਬ ਨੂੰ ਇਸ ਗੱਲ ਦਾ ਯਕੀਨ ਦਿਵਾਉਂਦਾ ਹਾਂ।

**ਸਰਦਾਰ ਅਜੀਤਪਾਲ ਸਿੰਘ ਕੋਹਲੀ:** ਸਪੀਕਰ ਸਾਹਿਬ, ਮੈਂ ਦੋ ਫੋਟੋਗ੍ਰਾਫਸ ਹਾਊਸ ਵਿਚ ਲੈ ਕੇ ਆਇਆ ਹਾਂ (ਹੱਥ ਵਿਚ ਦੋ ਫੋਟੋਆਂ ਲਹਿਰਾਉਂਦੇ ਹੋਏ) ਸਪੀਕਰ ਸਾਹਿਬ, ਤੁਹਾਡੀ ਆਗਿਆ ਨਾਲ ਮੈਂ ਇਹ ਦੋ ਫੋਟੋਆਂ ਮੰਤਰੀ ਸਾਹਿਬ ਨੂੰ ਦੇਣਾ ਚਾਹਾਂਗਾ। ਇੱਥੇ ਸ਼ੋਅਰੂਮ ਬਣਾ ਦਿੱਤੇ ਗਏ ਸੀ, ਜੋ ਬਾਅਦ ਵਿਚ ਸਰਕਾਰ ਵੱਲੋਂ ਢਾਹ ਦਿੱਤੇ ਗਏ ਪਰ ਹਾਲੇ ਤੱਕ ਸਰਕਾਰ ਵੱਲੋਂ ਇਥੇ ਕੋਈ ਚਾਰਦੀਵਾਰੀ ਨਹੀਂ ਕੀਤੀ ਗਈ ਅਤੇ ਨਾ ਹੀ ਇਹ ਥਾਵਾਂ ਸਰਕਾਰ ਨੇ ਆਪਣੀ ਕਸਟਡੀ ਵਿਚ ਲਈਆਂ ਹਨ।

**ਮੰਤਰੀ:** ਸਪੀਕਰ ਸਾਹਿਬ, ਕਿਸੇ ਵੀ ਸ਼ਹਿਰ ਵਿਚ ਸਰਕਾਰ ਦੀ ਕਿਸੇ ਪ੍ਰਾਪਰਟੀ ਤੇ ਕੋਈ ਵੀ ਨਜਾਇਜ਼ ਕਬਜ਼ਾ ਨਹੀਂ ਕਰ ਸਕਦਾ। ਮੈਂ ਹਾਊਸ ਤੋਂ ਬਾਅਦ ਇਸ ਮਾਮਲੇ ਤੇ ਐਫ.ਸੀ.ਆਰ. ਸਾਹਿਬ ਨਾਲ ਗੱਲ ਕਰਕੇ ਡਿਪਟੀ ਕਮਿਸ਼ਨਰ, ਪਟਿਆਲਾ ਨੂੰ ਸਖਤ ਹਦਾਇਤ ਕਰਾਂਗਾ ਕਿ ਮੈਨੂੰ ਇਸ ਦਾ ਪੂਰਾ ਵੇਰਵਾ ਦਿੱਤਾ ਜਾਵੇ ਅਤੇ ਇਸ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਇਸ ਦੀ ਚਾਰਦੀਵਾਰੀ ਕੀਤੀ ਜਾਵੇ।

**1405/amandeep kaur**

**ਨਿਸ਼ਾਨ ਵਾਲਾ ਪ੍ਰਸ਼ਨ ਨੰ. 1052**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**<u>ਹਲਕਾ ਜਗਰਾਉਂ ਦੇ ਬੇਟ ਏਰੀਏ ਦੇ ਬੰਨ੍ਹਾਂ ਦੀਆਂ ਸੜਕਾਂ ਪੱਕੀਆਂ ਕਰਨਾ</u>**

***1025 ਸ੍ਰੀਮਤੀ ਸਰਵਜੀਤ ਕੌਰ ਮਾਣੂਕੇ** : ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਗਰਾਉਂ ਦੇ ਬੇਟ ਏਰੀਏ ਦੇ ਬੰਨ੍ਹਾਂ ਦੀਆਂ ਸੜਕਾਂ ਕੱਚੀਆਂ ਹੋਣ ਕਾਰਣ ਬਾਰਿਸ਼ਾਂ ਵਿੱਚ ਟੁੱਟ ਜਾਂਦੀਆਂ ਹਨ, ਜਿਸ ਕਾਰਣ ਸਥਾਨਕ ਲੋਕਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਨ੍ਹਾਂ ਬੰਨ੍ਹਾਂ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਲੋਕ ਨਿਰਮਾਣ ਮੰਤਰੀ (ਸਰਦਾਰ ਹਰਭਜਨ ਸਿੰਘ)** : ਬੰਨ੍ਹਾਂ ਤੇ ਪੱਕੀਆ ਸੜਕਾਂ ਜਲ ਸਰੋਤ ਵਿਭਾਗ ਵੱਲੋਂ ਨਹੀਂ ਬਣਾਈਆਂ ਜਾਂਦੀਆਂ ਹਨ। ਬੰਨ੍ਹਾਂ ਤੇ ਪੱਕੀਆਂ ਸੜਕਾਂ, ਪੰਜਾਬ ਮੰਡੀ ਬੋਰਡ ਅਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ। ਜਲ ਸਰੋਤ ਵਿਭਾਗ ਤੋਂ ਪ੍ਰਵਾਨਗੀ ਲੈਣ ਉਪਰੰਤ ਉਕਤ ਵਿਭਾਗ ਬੰਨ੍ਹਾਂ 'ਤੇ ਪੱਕੀਆਂ ਸੜਕਾਂ ਬਣਾ ਸਕਦੇ ਹਨ। ਇਸ ਤੋਂ ਇਲਾਵਾ, ਪੰਜਾਬ ਮੰਡੀ ਬੋਰਡ ਅਤੇ ਲੋਕ ਨਿਰਮਾਣ ਵਿਭਾਗ ਵੱਲੋਂ ਬੰਨ੍ਹਾਂ ਦੀਆਂ ਕੱਚੀਆਂ ਸੜਕਾਂ ਨੂੰ ਪੱਕਾ ਕਰਨ ਸਬੰਧੀ ਕੋਈ ਤਜਵੀਜ਼ ਨਹੀਂ ਹੈ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ** : ਸਪੀਕਰ ਸਾਹਿਬ, ਮੈਂ ਪਿਛਲੇ 5 ਸਾਲ ਵੀ ਆਪੋਜ਼ੀਸ਼ਨ ਵਿੱਚ ਐਮ.ਐਲ.ਏ ਸੀ ਤੇ ਹੁਣ ਵੀ ਆਪਣੀ ਸਰਕਾਰ ਵਿੱਚ ਐਮ.ਐਲ.ਏ ਹਾਂ। ਸਾਡਾ ਬੰਨ੍ਹ 4 ਥਾਵਾਂ ਤੋਂ ਪੱਕਾ ਹੀ ਹਰ ਵਾਰ ਟੁੱਟਦਾ ਹੈ, ਜਿਸ ਕਰਕੇ ਲੱਖਾਂ ਦਾ ਨੁਕਸਾਨ ਹੁੰਦਾ ਹੈ। ਜਦੋਂ ਸਮਾਂ ਆਉਂਦਾ ਹੈ ਤਾਂ ਆਪਾਂ ਉਥੇ ਬੋਰੀਆਂ ਲਾਉਣ ਦਾ ਵੀ ਇੰਤਜ਼ਾਮ ਕਰਦੇ ਹਾਂ। ਮੇਰੀ ਮੰਤਰੀ ਸਾਹਿਬ ਨੂੰ ਇਹੀ ਦਰਖਾਸਤ ਹੈ ਕਿ ਅਗਲੀ ਬਾਰਸ਼ ਤੋਂ ਪਹਿਲਾਂ ਬੰਨ੍ਹ ਨਾ ਟੁੱਟੇ। ਸਾਡੇ ਤਿੰਨ ਬੰਨ੍ਹ ਟੁੱਟਦੇ ਹਨ, ਤਿੰਨੇ ਹੀ ਪੱਕੇ ਹੋ ਜਾਣ ਤੇ ਉਥੋਂ ਦੇ ਲੋਕ ਸੌਖੇ ਹੋ ਜਾਣਗੇ ਤੇ ਨਿਕਲਣ ਦਾ ਰਸਤਾ ਹੋ ਜਾਏਗਾ।

**ਮਾਣਯੋਗ ਸਪੀਕਰ**: ਮੰਤਰੀ ਜੀ ਜੇਕਰ ਅਗਾਉਂ ਪ੍ਰਬੰਧ ਕਰ ਲਏ ਜਾਣਗੇ ਤਾਂ ਸੌਖਾ ਹੋ ਜਾਏਗਾ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਇਹ ਰਸਤਾ 31.5 ਕਿਲੋਮੀਟਰ ਤੱਕ ਫੈਲਿਆ ਹੋਇਆ ਹੈ। 5.61 ਕਿਲੋਮੀਟਰ ਪਹਿਲਾਂ ਹੀ ਪੱਕਾ ਕੀਤਾ ਜਾ ਚੁੱਕਾ ਹੈ। ਪ੍ਰੀ-ਮੌਨਸੂਨ ਨੂੰ ਮੁੱਖ ਰੱਖ ਕੇ ਜਲ ਸਰੋਤ ਵਿਭਾਗ ਵੱਲੋਂ ਹੜ੍ਹ ਰੋਕੂ ਕੰਮਾਂ ਨੂੰ ਕਰਵਾਉਣ ਦਾ ਕੰਮ ਕਰਵਾਇਆ ਜਾਂਦਾ ਹੈ। ਇਸ ਸਾਲ ਵੀ ਹੜ੍ਹਾਂ ਤੋਂ ਪਹਿਲਾਂ ਸਤਲੁਜ ਦਰਿਆ ਤੇ ਜਗਰਾਉਂ ਹਲਕੇ ਵਿੱਚ 25 ਕੰਮ ਕਰਵਾਏ ਜਾਣੇ ਹਨ, ਜਿਨ੍ਹਾਂ ਦੀ ਅਨੁਮਾਨਿਤ ਲਾਗਤ 10 ਕਰੋੜ 72 ਲੱਖ ਰੁਪਏ ਹੈ। ਇਨ੍ਹਾਂ ਵਿੱਚੋਂ 22 ਹੜ੍ਹ ਸੁਰੱਖਿਆ ਕਾਰਜ ਮਗਨਰੇਗਾ ਸਕੀਮ ਅਧੀਨ 8 ਕਰੋੜ 45 ਲੱਖ ਰੁਪਏ ਦੇ ਤਜਵੀਜ਼ਤ ਹਨ। ਇਨ੍ਹਾਂ ਕੰਮਾਂ ਤੋਂ ਇਲਾਵਾ State Disaster Mitigation Fund ਅਧੀਨ 2 ਕਰੋੜ 27 ਲੱਖ ਰੁਪਏ ਦੇ ਤਿੰਨ ਕੰਮ ਤਜਵੀਜ਼ਤ ਹਨ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ**: ਮੰਤਰੀ ਸਾਹਿਬ ਕੰਮ ਕਰਵਾ ਦਿਓ। ਇਸ ਵਾਰ ਬੰਨ੍ਹ ਨਾ ਟੁੱਟੇ ਕਿਉਂਕਿ ਉਥੋਂ ਦੇ ਲੋਕਾਂ ਦਾ ਆਉਣਾ ਜਾਣਾ ਬਿਲਕੁਲ ਖਤਮ ਹੋ ਜਾਂਦਾ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ, ਪਹਿਲਾਂ ਤਾਂ ਮੈਨੂੰ ਹੈਰਾਨਗੀ ਇਹ ਹੈ ਕਿ ਮਹਿਕਮਾ ਐਗਰੀਕਲਚਰ ਦਾ ਹੈ, ਮੰਡੀ ਬੋਰਡ ਦਾ ਹੈ ਤੇ ਜਵਾਬ ਪੀ.ਡਬਲਿਊ.ਡੀ ਮਨਿਸਟਰ ਦੇ ਰਹੇ ਹਨ। ਚਲੋ ਮੰਨ ਲਿਆ । ਬਹੁਤ ਅੱਛੀ ਗੱਲ ਹੈ, ਇਨ੍ਹਾਂ ਨੇ ਜਵਾਬ ਦਿੱਤਾ। ਬੇਨਤੀ ਇਹ ਹੈ ਕਿ ਹੜ੍ਹਾਂ ਦੇ ਬਾਅਦ ਸਮੁੱਚੇ ਪੰਜਾਬ ਵਿੱਚ, ਮੇਰਾ ਏਰੀਆ ਵੀ ਬਿਆਸ ਦਰਿਆ ਦੇ ਕੰਡੇ ਤੇ ਹੈ, ਉਥੇ ਵੀ ਸਾਡਾ ਧੁੱਸੀ ਬੰਨ ਬੜੀ ਬੁਰੀ ਤਰ੍ਹਾਂ ਡੈਮੇਜ ਹੈ, ਸੜ੍ਹਕਾਂ ਵੀ ਡੈਮੇਜ ਹਨ। ਕਿਰਪਾ ਕਰਕੇ ਇਸ ਵਾਰ ਮੌਨਸੂਨ ਤੋਂ ਪਹਿਲਾਂ ਪਹਿਲਾਂ ਕਰਵਾ ਦਿਉ, 700 ਕਰੋੜ ਰੁਪਿਆ ਇਰੀਗੇਸ਼ਨ ਡਿਪਾਰਟਮੈਂਟ ਨੇ ਗੌਰਮਿੰਟ ਕੋਲੋਂ ਮੰਗਿਆ ਸੀ। ਅਸੀਂ 53 ਕਰੋੜ ਰੁਪਿਆ ਹੀ ਦਿੱਤਾ, ਜਿਸ ਕਾਰਨ ਸਾਰੀਆਂ ਰੂਰਲ ਸੜਕਾਂ ਵੀ ਟੁੱਟੀਆਂ, ਪੁਲੀਆਂ ਵੀ

ਟੁੱਟੀਆਂ, ਬੰਨ੍ਹ ਵੀ ਸਾਰੇ ਟੁੱਟੇ ਹਨ। ਮੇਰੀ ਗੁਜ਼ਾਰਿਸ਼ ਹੈ ਕਿ ਤੁਸੀਂ ਆਪ ਇੰਟਰਵੀਨ ਕਰੋ ਤੇ ਕਾਈਂਡਲੀ ਇਰੀਗੇਸ਼ਨ ਡਿਪਾਰਟਮੈਂਟ ਨੂੰ ਪੂਰੇ ਪੈਸੇ ਦਿੱਤੇ ਜਾਣ ਜਿਸ ਦੇ ਨਾਲ ਡਰੇਨਾਂ ਵੀ ਸਾਫ ਹੋਣ, ਬੰਨ੍ਹ ਵੀ ਮਜਬੂਤ ਹੋਣ। ਸਮੁੱਚੇ ਪੰਜਾਬ ਵਿੱਚ ਬੇਟ ਏਰੀਆਜ਼ ਦੀਆਂ ਸਾਰੀਆਂ ਰੂਰਲ ਸੜਕਾਂ ਵੀ ਟਾਈਮ ਸਿਰ ਮੁਰੰਮਤ ਹੋ ਜਾਣ। ਧੰਨਵਾਦ।

**ਮਾਣਯੋਗ ਸਪੀਕਰ:** ਤੁਸੀਂ ਆਪਣੇ ਹਲਕੇ ਦਾ ਵੱਖਰਾ ਸਵਾਲ ਦੇ ਦਿਓ। ਮੰਤਰੀ ਜੀ, ਕੀ ਤੁਹਾਡਾ ਜਵਾਬ ਪੂਰਾ ਆ ਗਿਆ?

**ਮੰਤਰੀ:** ਹਾਂ ਜੀ ਸਪੀਕਰ ਸਾਹਿਬ, ਜੋ ਸਵਾਲ ਮੈਂਬਰ ਸਾਹਿਬ ਨੇ ਪੁੱਛਿਆ ਸੀ, ਉਸ ਦਾ ਜਵਾਬ ਦੇ ਦਿੱਤਾ ਹੈ। ਜੇਕਰ ਇਨ੍ਹਾਂ ਨੇ ਕੋਈ ਹੋਰ ਸਪਲੀਮੈਂਟਰੀ ਲੈਣਾ ਤਾਂ ਲੈ ਸਕਦੇ ਹਨ।

**ਮਾਣਯੋਗ ਸਪੀਕਰ:** ਜਿਹੜੇ ਮਾਣਯੋਗ ਮੰਤਰੀ ਇੱਥੇ ਹਾਜ਼ਰ ਨਹੀਂ ਹੁੰਦੇ ਅਤੇ ਇੱਥੇ ਸਤਿਕਾਰਯੋਗ ਮੈਂਬਰ ਸਾਹਿਬਾਨਾਂ ਨੇ ਆਪਣੇ ਸਵਾਲ ਲਗਾਏ ਹੋਏ ਹੁੰਦੇ ਹਨ, ਸਵਾਲਾਂ ਦੇ ਜਵਾਬ ਦੇਣ ਲਈ ਮੰਤਰੀ ਸਾਹਿਬ ਦੀ ਅਥਾਰਿਟੀ ਉਨ੍ਹਾਂ ਦੇ ਕਾਊਂਟਰ ਪਾਰਟਸ ਨੂੰ ਦੇ ਦਿੱਤੀ ਜਾਂਦੀ ਹੈ। ਸੋ ਬਾਜਵਾ ਜੀ, ਤੁਹਾਡਾ ਤਾਂ ਇਹ ਪੁੱਛਣਾ ਜਾਇਜ਼ ਨਹੀਂ ਸੀ। ਬਾਕੀ ਠੀਕ ਹੈ।

-----

### ਮੁਖਤਿਆਰਨਾਮਾ, ਸਮਝੌਤਿਆਂ ਅਤੇ ਰਜਿਸਟਰੀਆਂ ਆਦਿ ਤੇ ਸਟੈਂਪ ਡਿਊਟੀ ਵਿੱਚ ਵਾਧਾ ਕਰਨਾ

***1058 ਸ੍ਰੀ ਅਵਤਾਰ ਸਿੰਘ ਜੂਨੀਅਰ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ

ੳ) ਸਰਕਾਰ ਨੇ ਵੱਖ-ਵੱਖ ਮਾਲੀਆਂ ਦਸਤਾਵੇਜ਼ਾਂ ਅਰਥਾਤ ਮੁਖਤਿਆਰਨਾਮਾਂ, ਸਮਝੌਤਿਆਂ ਅਤੇ ਰਜਿਸਟਰੀਆਂ ਆਦਿ ਤੇ ਸਟੈਂਪ ਡਿਊਟੀ ਵਿੱਚ ਵਾਧਾ ਕੀਤਾ ਹੈ; ਜੇਕਰ ਹਾਂ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਵਾਧਿਆਂ ਨਾਲ ਸਰਕਾਰ ਨੂੰ ਪ੍ਰਤੀ ਵਿੱਤੀ ਸਾਲ ਕਿੰਨੀ ਅਨੁਮਾਨਿਤ ਆਮਦਨ ਹੋਣ ਵਾਲੀ ਹੈ:

ਅ) ਕੀ ਸਰਕਾਰ ਨੇ ਵੱਖ-ਵੱਖ ਬੈਂਕ ਕਰਜ਼ਿਆਂ ਦੀ ਪ੍ਰੋਸੈਸਿੰਗ ਫੀਸ ਉੱਤੇ ਡਿਊਟੀ ਨੂੰ ਵਧਾਇਆ ਹੈ; ਜੇਕਰ ਹਾਂ ਤਾਂ ਇਸਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਵਾਧਿਆਂ ਨਾਲ ਸਰਕਾਰ ਨੂੰ ਪ੍ਰਤੀ ਵਿੱਤੀ ਸਾਲ ਕਿੰਨੀ ਅਨੁਮਾਨਤ ਆਮਦਨ ਹੋਣ ਵਾਲੀ ਹੈ?

**ਸ੍ਰੀ ਬ੍ਰਮ ਸ਼ੰਕਰ:** ਸ਼੍ਰੀਮਾਨ ਜੀ,

ੳ) ਪੰਜਾਬ ਸਰਕਾਰ ਮਾਲ ਵਿਭਾਗ ਵੱਲੋਂ ਹਾਲ ਹੀ ਵਿੱਚ ਹੀ ਖ਼ੂਨੀ ਰਿਸ਼ਤਿਆਂ ਤੋਂ ਬਾਹਰ ਤੈਅ ਹੋਣ ਵਾਲੇ ਮੁਖਤਿਆਰਨਾਮਿਆਂ ਤੇ 2% ਸਟੈਂਪ ਡਿਊਟੀ ਲਗਾਈ ਹੈ। ਇਸ ਤੋਂ ਇਲਾਵਾ ਸਮਝੌਤਿਆਂ ਅਤੇ ਰਜਿਸਟਰੀਆਂ ਆਦਿ ਤੇ ਸਟੈਂਪ ਡਿਊਟੀ ਵਿੱਚ ਵਾਧਾ ਨਹੀਂ ਕੀਤਾ ਗਿਆ ਹੈ। ਖ਼ੂਨੀ ਰਿਸ਼ਤਿਆਂ ਤੋਂ ਬਾਹਰ ਤਹਿ ਹੋਣ ਵਾਲੇ ਮੁਖਤਿਆਰਨਾਮਿਆਂ ਤੇ ਲਗਾਈ ਗਈ 2% ਸਟੈਂਪ ਡਿਊਟੀ ਨਾਲ ਪੰਜਾਬ ਸਰਕਾਰ ਨੂੰ ਹੋਣ ਵਾਲੇ ਪ੍ਰਤੀ ਵਿੱਤੀ ਸਾਲ ਦੀ ਆਮਦਨ ਦਾ ਫਿਲਹਾਲ ਇਕ ਮੁਕੰਮਲ ਵਿੱਤੀ ਸਾਲ ਬੀਤਣ ਤੋਂ ਪਹਿਲਾਂ ਕੋਈ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਹੈ।

ਅ) ਪੰਜਾਬ ਸਰਕਾਰ ਮਾਲ ਵਿਭਾਗ ਵੱਲੋਂ ਹਾਲ ਹੀ ਵਿੱਚ ਵੱਖ-ਵੱਖ ਬੈਂਕ ਕਰਜ਼ਿਆਂ ਦੀ ਪ੍ਰੋਸੈਸਿੰਗ ਫੀਸ ਉੱਤੇ 0.25% ਸਟੈਂਪ ਡਿਊਟੀ ਲਗਾਈ ਗਈ ਹੈ। ਵੱਖ-ਵੱਖ ਬੈਂਕ ਕਰਜ਼ਿਆਂ ਦੀ ਪ੍ਰੋਸੈਸਿੰਗ ਫੀਸ ਉੱਤੇ 0.25% ਸਟੈਂਪ ਡਿਊਟੀ ਨਾਲ ਪੰਜਾਬ ਸਰਕਾਰ ਨੂੰ ਹੋਣ ਵਾਲੇ ਪ੍ਰਤੀ ਵਿੱਤੀ ਸਾਲ ਦੀ ਆਮਦਨ ਦਾ ਫਿਲਹਾਲ ਇਕ ਮੁਕੰਮਲ ਵਿੱਤੀ ਸਾਲ ਬੀਤਣ ਤੋਂ ਪਹਿਲਾਂ ਕੋਈ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਹੈ।

**1405/amandeep kaur/Shubham jain**
**1410/Tarlochan Singh**

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਜਵਾਬ ਆ ਗਿਆ ਹੈ, ਮੈਂ ਸਪਲੀਮੈਂਟਰੀ ਪੁੱਛ ਲੈਂਦਾ ਹਾਂ।

**ਮਾਣਯੋਗ ਸਪੀਕਰ** : ਮੰਤਰੀ ਜੀ ਤੁਸੀਂ ਕੁਝ ਗੱਲ ਕਰਨਾ ਚਾਹੁੰਦੇ ਹੋ ਕਿ ਸਪਲੀਮੈਂਟਰੀ ਲੈ ਲਈਏ?

**ਮੰਤਰੀ** : ਸਰ, ਮੈਂ ਤਾਂ ਜਵਾਬ ਦੇ ਹੀ ਰਿਹਾ ਹਾਂ, ਬਾਕੀ ਜਿਵੇਂ ਤੁਹਾਨੂੰ ਠੀਕ ਲੱਗਦਾ ਹੈ ਦੱਸ ਦਿਉ।

**ਮਾਣਯੋਗ ਸਪੀਕਰ** : ਉਹ ਕਹਿੰਦੇ ਕਿ ਅੱਗੇ ਸਪਲੀਮੈਂਟਰੀ ਕਰ ਲੈਂਦੇ ਹਾਂ।

**ਮੰਤਰੀ** : ਸਰ, ਜਿਵੇਂ ਇਨ੍ਹਾਂ ਦਾ ਦਿਲ ਕਰਦਾ ਹੈ, ਕਰ ਲੈਣ।

**ਮਾਣਯੋਗ ਸਪੀਕਰ** : ਦੇਖੋ, ਜੀ ਕਿੰਨਾ ਪਿਆਰ ਹੈ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਮੈਂ ਵੀ ਮੁਸਕੁਰਾ ਕੇ ਹੀ ਹਾਮੀ ਭਰ ਰਿਹਾ ਹਾਂ ਜੀ। ਸਪੀਕਰ ਸਾਹਿਬ, ਮੇਰਾ ਸਵਾਲ ਵੈਸੇ ਐਫ.ਐਮ.ਸਾਹਿਬ ਲਈ ਸੀ। ਇਸ ਗੱਲ ਦੀ ਨਮੋਸ਼ੀ ਹੈ ਕਿ ਇਸ ਬਜਟ ਵਿੱਚ ਤਜਵੀਜ਼ ਰੱਖੀ ਗਈ ਸੀ ਅਤੇ ਪੂਰੇ ਪੰਜਾਬ ਨੂੰ ਦੱਸਿਆ ਗਿਆ ਸੀ ਕਿ ਇਸ ਸਾਲ ਪੰਜਾਬੀਆਂ ਤੇ ਕੋਈ ਵੀ ਟੈਕਸ ਨਹੀਂ ਲਗਾਇਆ ਗਿਆ ਹੈ ਅਤੇ ਇਹੋ ਤਜਵੀਜ਼ ਪਿਛਲੇ ਸਾਲ ਵੀ ਰੱਖੀ ਗਈ ਸੀ ਕਿ ਪੰਜਾਬੀਆਂ ਤੇ ਕੋਈ ਨਵਾਂ ਬੋਝ ਨਹੀਂ ਪਾਇਆ ਗਿਆ ਹੈ। ਪਿਛਲੇ ਸਾਲ ਬਜਟ ਸੈਸ਼ਨ ਤੋਂ ਪਹਿਲਾਂ ਪੈਟਰੋਲ ਅਤੇ ਡੀਜ਼ਲ ਤੇ ਵੈਟ ਵਧਾਇਆ ਗਿਆ ਸੀ ਅਤੇ ਐਤਕੀਂ ਇੰਡੀਅਨ ਸਟੈਂਪ ਡਿਊਟੀ ਅਮੈਂਡਮੈਂਟ ਐਕਟ, 2022-23 ਵਿੱਚ 0.25% ਲਗਾਇਆ ਗਿਆ ਹੈ। ਜੇ ਕਿਸੇ ਗਰੀਬ ਆਦਮੀ ਨੇ ਸਕੂਟਰ ਲੈਣਾ ਹੈ, ਕੋਈ ਕਾਰ ਲੈਣੀ ਹੈ, ਕਿਸੇ ਨੇ ਮੋਟਰ ਸਾਈਕਲ ਲੈਣਾ ਹੈ, ਕੋਈ ਵਾਹਨ ਲੈਣਾ ਹੈ ਜਾਂ ਘਰ ਲੈਣਾ ਹੈ, ਉਸ ਤੇ ਟੈਕਸ ਹੈ। ਮੈਂ ਸਵਾਲ ਪੁੱਛਿਆ ਸੀ ਕਿ ਇਸ ਸਾਲ ਵਿੱਚ ਕਿੰਨਾ ਐਸਟੀਮੇਟਿਡ ਰੈਵੇਨਿਊ ਜਨਰੇਟ ਹੋਵੇਗਾ? ਇਸ ਦਾ ਮਹਿਕਮੇ ਨੇ ਜਵਾਬ ਦਿੱਤਾ ਹੈ ਕਿ ਸਾਨੂੰ ਪਤਾ ਹੀ ਨਹੀਂ ਹੈ ਕਿ ਕਿੰਨਾ ਰੈਵੇਨਿਊ ਆਵੇਗਾ। ਲੋਕਾਂ ਦਾ ਐਸਟੀਮੇਟ ਹੈ ਕਿ ਇਸ ਨਾਲ 500 ਕਰੋੜ ਰੁਪਿਆ ਆਵੇਗਾ।

ਦੂਜੀ ਗੱਲ ਹੈ ਕਿ ਪਾਵਰ ਆਫ ਅਟਾਰਨੀ ਭਾਵੇਂ ਜਨਰਲ ਹੋਵੇ ਜਾਂ ਸਪੈਸ਼ਲ ਹੋਵੇ, ਜੇਕਰ ਤੁਹਾਡਾ ਬਲੱਡ ਰਿਲੇਸ਼ਨ ਨਹੀਂ ਹੈ ਤਾਂ 2% ਡਿਊਟੀ ਹੈ, ਜੇ ਕਿਸੇ ਐਨ.ਆਰ.ਆਈ. ਭਰਾ ਨੇ ਆਪਣੀ ਜ਼ਮੀਨ ਦੀ ਦੇਖ ਭਾਲ ਕਰਨ ਲਈ ਜਾਂ ਵੇਚਣ ਲਈ ਬਾਹਰੋਂ ਕਿਸੇ ਨੂੰ ਪਾਵਰ ਆਫ ਅਟਾਰਨੀ ਦੇਣੀ ਹੈ ਤਾਂ 2% ਫੀਸ ਹੈ। ਇਸ ਵਿੱਚੋਂ ਵੀ 500 ਕਰੋੜ ਰੁਪਏ ਦਾ ਰੈਵੇਨਿਊ ਆਵੇਗਾ। ਇਸ ਬਜਟ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨੂੰ ਫਿਰ ਇੱਕ ਵਾਰ ਗੁੰਮਰਾਹ ਕੀਤਾ ਗਿਆ ਅਤੇ 1000

ਕਰੋੜ ਰੁਪਏ ਦਾ ਮਾਲੀ ਬੋਝ ਪੰਜਾਬੀਆਂ ਤੇ ਪਾਇਆ ਗਿਆ ਹੈ। ਮੇਰੀ ਤੁਹਾਡੀ ਮਾਰਫਤ ਇਹੋ ਬੇਨਤੀ ਹੈ ਕਿ ਕੀ ਇਸ ਨੂੰ ਵਾਪਸ ਲਿਆ ਜਾਵੇਗਾ? ਅੱਜ ਐਫ.ਐਮ. ਸਾਹਿਬ ਅਤੇ ਮੁੱਖ ਮੰਤਰੀ ਸਾਹਿਬ ਬੈਠੇ ਨਹੀਂ ਹਨ। ਜਿਹੜਾ ** ** ਬਜਟ ਪੇਸ਼ ਕੀਤਾ ਗਿਆ ਹੈ ਇਸ ਬਾਰੇ ਲੋਕਾਂ ਨੂੰ ਸੱਚ ਦੱਸੋ ਕਿ ਪੰਜਾਬੀਆਂ ਤੇ ਇਸ ਸਾਲ ਫਿਰ ਤੋਂ 1000 ਕਰੋੜ ਦਾ ਬੋਝ ਪਾਇਆ ਗਿਆ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਗੱਲ ਕਰ ਸਕਦਾ ਹਾਂ ਕਿ ਜਿਵੇਂ ਇਨ੍ਹਾਂ ਨੇ ਐਨ.ਆਰ.ਆਈ. ਵੀਰਾਂ ਦੀ ਗੱਲ ਕੀਤੀ ਹੈ, ਇਸ ਨਾਲ ਉਨ੍ਹਾਂ ਦਾ ਧੋਖੇ ਤੋਂ ਬਚਾਅ ਹੋਵੇਗਾ ਅਤੇ ਪੰਜਾਬ ਦੇ ਖਜ਼ਾਨੇ ਵਿੱਚ ਵਾਧਾ ਹੋਵੇਗਾ। ਇਹ ਹਾਲੇ ਤੱਕ ਲਾਗੂ ਨਹੀਂ ਹੋਇਆ। ਇਸ ਬਾਰੇ ਆਉਣ ਵਾਲੇ ਸਮੇਂ ਵਿੱਚ ਹੀ ਦੱਸਿਆ ਜਾ ਸਕਦਾ ਹੈ ਕਿ ਕਿੰਨਾ ਵਾਧਾ ਹੋਵੇਗਾ। ਮੈਂ ਤੁਹਾਨੂੰ ਇਸ ਗੱਲ ਦਾ ਯਕੀਨ ਦਿਵਾਉਂਦਾ ਹਾਂ ਕਿ ਇਸ ਨਾਲ ਹਜ਼ਾਰਾਂ ਲੋਕਾਂ ਦਾ ਧੋਖੇ ਤੋਂ ਬਚਾਅ ਹੋਵੇਗਾ। ਕਿਉਂਕਿ ਹੁੰਦਾ ਕੀ ਸੀ ਕਿ ਜਿੰਨੀਆਂ ਵੀ ਪਾਵਰ ਆਫ ਅਟਾਰਨੀਆਂ ਬਲੱਡ ਰਿਲੇਸ਼ਨ ਤੋਂ ਬਾਹਰ ਹੁੰਦੀਆਂ ਸਨ, ਉਸ ਵਿੱਚੋਂ ਅੱਧੀਆਂ ਝਗੜੇ ਅਤੇ ਧੋਖੇ ਦਾ ਕਾਰਨ ਬਣਦੀਆਂ ਹਨ। ਸਾਡੇ ਕੋਲ ਅਜਿਹੇ ਕੇਸ ਰੈਗੂਲਰ ਆਉਂਦੇ ਹਨ, ਇਸ ਦਾ ਮਿਸਯੂਜ਼ ਹੁੰਦਾ ਹੈ। ਜਿਸ ਨੇ ਆਪਣੇ ਬਲੱਡ ਰਿਲੇਸ਼ਨ ਤੋਂ ਬਾਹਰ ਪਾਵਰ ਆਫ ਅਟਾਰਨੀ ਦੇਣੀ ਹੈ, ਉਸ ਲਈ ਹੀ ਅਸੀਂ 2% ਸਟੈਂਪ ਡਿਊਟੀ ਲਗਾਈ ਗਈ ਹੈ। ਇਸ ਨਾਲ ਪਾਵਰ ਆਫ ਅਟਾਰਨੀ ਸਰਕਾਰੀ ਰਿਕਾਰਡ ਵਿੱਚ ਆ ਜਾਂਦੀ ਹੈ। ਪਹਿਲਾਂ ਤਾਂ ਲੋਕ ਕੁਝ ਕਰਦੇ ਹੀ ਨਹੀਂ ਸਨ ਅਤੇ ਬਾਹਰੋ ਬਾਹਰ ਹੀ ਪਾਵਰ ਆਫ ਅਟਾਰਨੀ ਕਰ ਲੈਂਦੇ ਸਨ। ਇੱਕ ਦੂਜੇ ਨੂੰ ਮੁਖਤਿਆਰਨਾਮੇ ਦੇ ਦਿੰਦੇ ਸਨ ਅਤੇ ਉਸ ਦਾ ਮਿਸਯੂਜ਼ ਹੁੰਦਾ ਸੀ। ਇਸ ਦਾ ਮੇਜਰ ਪਰਪਜ਼ ਪੰਜਾਬ ਦੇ ਖਜ਼ਾਨੇ ਵਿੱਚ ਵਾਧਾ ਕਰਨਾ ਅਤੇ ਪੰਜਾਬ ਦੇ ਲੋਕਾ ਦੀ ਵੈਲਫੇਅਰ ਲਈ ਲੋਕਾਂ ਤੇ ਖਰਚ ਕਰਨਾ ਹੈ। ਇਹ ਪੰਜਾਬ ਦੀ ਸਰਕਾਰ ਆਲਰੇਡੀ ਕਰ ਵੀ ਰਹੀ ਹੈ। ਚਾਹੇ ਫਰਿਸ਼ਤੇ ਸਕੀਮ ਦੀ ਗੱਲ ਕਰ ਲਈਏ, ਜੇਕਰ ਖਜ਼ਾਨੇ ਵਿੱਚ ਵਾਧਾ ਹੋਵੇਗਾ ਤਾਂ ਹੀ ਕਿਤੇ ਪੈਸਾ ਲੱਗੇਗਾ।

ਦੂਜੀ ਗੱਲ ਇਹ ਹੈ ਕਿ ਜਿਹੜੀ ਇਨ੍ਹਾਂ ਨੇ ਸਕੂਟਰ, ਮੋਟਰ ਸਾਈਕਲਾਂ ਦੀ ਗੱਲ ਕੀਤੀ ਹੈ, ਇਨ੍ਹਾਂ ਨੇ ਕਿਹਾ ਹੈ ਕਿ ਇਹ ਟੈਕਸ ਪਹਿਲਾਂ ਨਹੀਂ ਸੀ। ਪਹਿਲੀ ਗੱਲ ਤਾਂ ਇਹ ਹੈ ਕਿ ਇਹ ਬੜੇ ਯੰਗ ਐਮ.ਐਲ.ਏ. ਹਨ, ਇਹ ਜ਼ਰੂਰ ਚੈੱਕ ਕਰਨ ਕਿ ਪਹਿਲਾਂ 0.25 ਤੋਂ ਲੈ ਕੇ 0.50 ਤੱਕ ਸੀ, ਜਿਸ ਨੂੰ ਅਸੀਂ 0.25 ਕੀਤਾ ਹੈ। ਅਗਰ ਕਿਸੇ ਨੇ 1 ਲੱਖ ਰੁਪਏ ਦਾ ਕਰਜ਼ਾ ਲੈਣਾ ਹੈ ਤਾਂ ਸਰਕਾਰ ਨੂੰ ਸਿਰਫ 250 ਰੁਪਏ ਆਵੇਗਾ, ਇਸ ਨਾਲ ਕੀ ਫਾਇਦਾ ਹੋਵੇਗਾ? ਲੋਕਾਂ ਨੂੰ ਲੋਨ ਦੇਣ ਵਾਲੇ ਬਹੁਤ ਸਾਰੇ ਪ੍ਰਾਈਵੇਟ ਬੈਂਕ, ਪ੍ਰਾਈਵੇਟ ਇੰਸਟੀਚਿਊਸ਼ਨ ਹਨ, ਜਿਹੜੇ ਲੋਕਾਂ ਨੂੰ ਲੋਨ ਦਿੰਦੇ ਹਨ, ਉਨ੍ਹਾਂ ਕੋਲ ਰਿਕਾਰਡ ਨਹੀਂ ਮਿਲਦਾ ਅਤੇ ਕੋਰਟ ਵਿੱਚ ਵੀ ਕੋਈ ਰਿਕਾਰਡ ਨਹੀਂ ਪੇਸ਼ ਕੀਤਾ ਜਾਂਦਾ ਅਤੇ ਉਹ ਮਾਲ ਵਿਭਾਗ ਨੂੰ ਵੀ ਕੋਈ ਜਾਣਕਾਰੀ ਨਹੀਂ ਦਿੰਦੇ। 1 ਲੱਖ ਰੁਪਏ ਤੇ ਸਿਰਫ 250 ਰੁਪਏ ਆਉਣ ਨਾਲ ਸਰਕਾਰ ਨੇ ਪ੍ਰਬੰਧ ਕੀਤਾ ਹੈ ਕਿ ਲੋਨ ਲੈਣ ਵਾਲੇ ਨਾਲ ਧੋਖਾ ਨਾ ਹੋਵੇ ਅਤੇ ਇਹ ਵੀ ਪ੍ਰਬੰਧ ਕੀਤਾ ਹੈ ਕਿ ਇਹ ਪੈਸਾ ਪੰਜਾਬ ਦੇ ਲੋਕਾਂ ਤੇ ਲੱਗੇ।

**1410/Tarlochan Singh/Abhishek gautam**
**1415/mehak**

ਢਾਈ ਸੌ ਰੁਪਏ ਵੀ ਪੰਜਾਬ ਦੇ ਲੋਕਾਂ ਤੇ ਹੀ ਲੱਗਣਾ ਹੈ। ਬਹੁਤ ਅੱਛੀ ਗੱਲ ਹੈ। ਤੁਸੀਂ ਇਸ ਨੂੰ ਜ਼ਰੂਰ ਪੜ੍ਹੋ ਜਾ ਕੇ। ਧੰਨਵਾਦ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ**: ਸਪੀਕਰ ਸਾਹਿਬ, ਸਾਹਿਬ ਨੇ ਬੜਾ ਅੱਛਾ ਵਿਸਥਾਰ ਨਾਲ ਦੱਸਿਆ ਹੈ। ਮੇਰੀ ਇੱਕ ਗੁਜ਼ਾਰਿਸ਼ ਹੈ। ਤੁਸੀਂ ਇਹ ਮੇਰੀ ਦੂਜੀ ਸਪਲੀਮੈਂਟਰੀ ਜ਼ਰੂਰ ਗਿਣ ਲੈਣੀ ਹੈ ਪਰ ਮੇਰੀ ਪਹਿਲੀ ਸਪਲੀਮੈਂਟਰੀ ਦਾ ਜਵਾਬ ਨਹੀਂ ਆਇਆ ਹੈ। ਮੈਂ ਵਜ਼ੀਰ ਸਾਹਿਬ ਨੂੰ ਥੋੜ੍ਹਾ ਜਿਹਾ ਕੁਰੈਕਟ ਕਰਦਾ ਹਾਂ ਕਿ ਮੈਂ ਕਦੇ ਵੀ ਨਹੀਂ ਕਿਹਾ ਸੀ ਕਿ ਪਹਿਲਾਂ ਨਹੀਂ ਲਗਿਆ। ਮੈਂ ਸਾਲ 2022-23 ਦੀ ਅਮੈਂਡਮੈਂਟ ਦੀ ਗੱਲ ਕੀਤੀ ਹੈ।

**ਮਾਣਯੋਗ ਸਪੀਕਰ**: ਨਹੀਂ ਨਹੀਂ, ਇੱਕ ਮਿੰਟ, ਮੰਤਰੀ ਜੀ ਨੇ ਕਿਹਾ ਸੀ ਕਿ ਜਿਹੜਾ ਅਸੀਂ ਘਟਾਇਆ ਹੈ, ਉਸ ਬਾਰੇ ਤੁਸੀਂ ਨਹੀਂ ਦੱਸਿਆ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਮੇਰੀ ਇੱਕ ਗੁਜ਼ਾਰਿਸ਼ ਹੈ ਕਿ ਮਾਲ ਮਹਿਕਮਾ ਜ਼ਰੂਰ ਭਾਰੀ ਹੋ ਜਾਵੇਗਾ, ਉਸ ਵਿੱਚ ਪੈਸੇ ਜ਼ਰੂਰ ਆ ਜਾਣਗੇ। ਪ੍ਰੋਪਰਟੀ ਟੈਕਸ ਜਿਹੜਾ ਪਾਵਰ ਆਫ ਅਟਾਰਨੀ ਤੇ ਦੋ ਪ੍ਰਤੀਸ਼ਤ ਲਗਾਉਣਾ ਹੈ ਅਗਰ ਸਿਰਫ ਆਪਾਂ ਦਸਤਾਵੇਜ਼ ਇਕੱਠਾ ਕਰਨ ਤੇ ਹੀ ਲਗਾਉਣਾ ਹੈ ਤਾਂ ਇਸ ਨੂੰ ਘਟਾ ਕੇ .1% ਕਰ ਦਿੱਤਾ ਜਾਵੇ। ਆਪਾਂ ਕਿਉਂ ਦੋ ਪ੍ਰਤੀਸ਼ਤ ਦਾ ਬੋਝ 500 ਕਰੋੜ ਰੁਪਏ ਦਾ ਬੋਝ ਪੰਜਾਬੀਆਂ ਤੇ ਪਾਉਣਾ ਚਾਹੁੰਦੇ ਹਾਂ। ਸਰ, ਇਸ ਵਿੱਚ ਲੱਖ ਰੁਪਏ ਜਾਂ ਢਾਈ ਸੌ ਰੁਪਏ ਦਾ ਇਸ਼ੂ ਨਹੀਂ ਹੈ। ਜਦੋਂ ਕਿਸੇ ਨੇ ਘਰ ਬਣਾਉਣਾ ਹੈ ਜੇ ਘਰ ਦੇ ਉਤੇ ਤੀਹ ਲੱਖ ਰੁਪਏ ਦਾ ਕਰਜ਼ਾ ਲੈਣਾ ਹੈ ਤਾਂ ਫਿਰ ਤੁਸੀਂ ਉਸ ਨੂੰ ਮਲਟੀਪਲਾਈ ਕਰ ਲਓ। ਉਸ ਉਤੇ ਵੀ 500 ਕਰੋੜ ਰੁਪਏ ਦਾ ਬੋਝ ਹੈ।

**ਮਾਣਯੋਗ ਸਪੀਕਰ**: ਠੀਕ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਮੈਨੂੰ ਸਵਾਲ ਦਾ ਜਵਾਬ ਤਾਂ ਪੁੱਛ ਲੈਣ ਦਿਓ।

**ਮਾਣਯੋਗ ਸਪੀਕਰ**: ਨਹੀਂ ਨਹੀਂ, ਕੀ ਇਕੱਲਿਆਂ ਤੁਹਾਡਾ ਹੀ ਜਵਾਬ ਲੈਣਾ ਹੈ, ਵੀਹ ਪ੍ਰਸ਼ਨ ਲੱਗੇ ਹੋਏ ਹਨ। ਤੁਸੀਂ ਬੈਠੋ, ਬੈਠੋ, ਬੈਠੋ। ਪਲੀਜ਼ Sit down, sit down. ਬੈਠੋ ਤੁਸੀਂ, This is not a way ਤੁਸੀਂ ਡਿਸਕਸ਼ਨ ਸ਼ੁਰੂ ਕਰ ਦਿੰਦੇ ਹੋ। ਕੁਐਸਚਨ ਆਵਰ ਦੀ ਇੱਕ ਮਰਿਆਦਾ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ**: ਕੀ ਮਰਿਆਦਾ ਹੈ, ਸਰ। ਮੈਨੂੰ ਮਰਿਆਦਾ ਦੱਸ ਦਿਓ। ਤੁਸੀਂ ਰੂਲਿੰਗ ਦੇ ਦਿਓ ਜੀ।

**ਮਾਣਯੋਗ ਸਪੀਕਰ**: ਮੈਂ ਉਹ ਵੀ ਦੱਸ ਸਕਦਾ ਹਾਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਾਡੇ esteemed ਮੈਂਬਰ ਇਹ ਕਹਿਣਾ ਚਾਹੁੰਦੇ ਸੀ ਕਿ ਸਰਕਾਰ ਨੇ ਪਹਿਲਾਂ ਬਿਆਨ ਦਿੱਤੇ ਸੀ ਕਿ ਟੈਕਸ ਕੋਈ ਨਹੀਂ ਲਗਾਵਾਂਗੇ, ਇਸ ਬਾਰੇ ਬਜਟ ਵਿੱਚ ਕੁਝ ਨਹੀਂ ਆਇਆ ਹੈ ਪਰ ਇਨਡਾਇਰੈਕਟਲੀ ਢੰਗ ਨਾਲ ਇਹ ਇਨਕਲੂਡ ਕਰ ਦਿੱਤਾ ਗਿਆ ਹੈ।

**ਮਾਣਯੋਗ ਸਪੀਕਰ**: ਕੀ ਤੁਹਾਡਾ ਕੋਈ ਪ੍ਰਸ਼ਨ ਹੈ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਹਾਂ ਜੀ, ਮੇਰਾ ਪ੍ਰਸ਼ਨ ਹੈ। ਮੇਰਾ ਮੰਤਰੀ ਸਾਹਿਬ ਨੂੰ ਸਵਾਲ ਇਹ ਹੈ ਕਿ ਸਕੂਟਰ, ਮੋਟਰਸਾਇਕਲ, ਘਰਾਂ ਤੇ ਵੀ ਹੈ ਪਰ ਮੈਨੂੰ ਬਹੁਤ ਸਾਰੇ ਇੰਡਸਟ੍ਰੀਅਲਿਸਟਸ ਨੇ ਫੋਨ ਕੀਤਾ ਹੈ ਤੇ ਜਲੰਧਰ ਦੇ ਹੀ ਮੇਰੇ ਦੋਸਤ ਨੇ ਦੱਸਿਆ ਕਿ ਸਾਡੇ ਕੋਲ ਵਰਕਿੰਗ ਕੈਪਿਟਲ 100 ਕਰੋੜ ਰੁਪਏ ਹੈ ਅਤੇ ਅਸੀਂ ਪੰਜ ਕਰੋੜ ਰੁਪਏ ਦਾ ਵਾਧਾ ਬੈਂਕ ਤੋਂ ਮੰਗਿਆ ਹੈ। ਉਨ੍ਹਾਂ ਕਿਹਾ ਕਿ ਠੀਕ ਹੈ ਜੀ, ਤੁਸੀਂ 100 ਕਰੋੜ ਰੁਪਏ ਆਲਰੇਡੀ ਲੈਂਦੇ ਹੋ 105 ਦੇ ਦਿਆਂਗੇ। ਪਰ ਹੁਣ ਸਟੈਂਪ ਡਿਊਟੀ 105 ਕਰੋੜ ਰੁਪਏ ਤੇ ਹੀ ਪੈਂਦੀ ਹੈ ਬਜਾਏ ਕਿ ਪੰਜ ਕਰੋੜ ਤੇ 0.25% ਸਟੈਂਪ ਡਿਊਟੀ ਆਏ, now they are charging on the whole amount. ਇੰਡਸਟ੍ਰੀਅਲਿਸਟ ਦੀ ਜੇ ਆਪਾਂ ਮਦਦ ਕਰਾਂਗੇ ਤਾਂ ਹੀ ਉਹ ਇੱਥੇ ਟਿਕੇਗਾ। ਇਹ ਬਹੁਤ ਹੈਵੀ ਅਮਾਊਂਟ ਹੈ। ਜਿਹੜਾ ਪੁਰਾਣਾ ਵੀ ਚੱਲ ਰਿਹਾ ਹੈ, ਉਸ ਤੇ ਵੀ ਸਟੈਂਪ ਡਿਊਟੀ ਨਵੇਂ ਸਿਰਿਓਂ ਲੈ ਰਹੇ ਹਨ। ਕਾਇੰਡਲੀ ਇਹ ਪੁਰਾਣੇ ਵਾਲੇ ਤੇ ਨਾ ਲਗਾਓ ਤੇ ਜਿਹੜਾ ਵਧਾਇਆ ਹੋਇਆ ਵਰਕਿੰਗ ਕੈਪੀਟਲ ਹੈ ਉਸ ਤੇ ਸਟੈਂਪ ਡਿਊਟੀ ਲਾ ਲਓ। ਮੇਰਾ ਇਹ ਸੁਜੈਸ਼ਨ ਹੈ।

**ਮਾਣਯੋਗ ਸਪੀਕਰ**: ਮੈਂ ਇਸ ਵਿੱਚ ਇੱਕ ਇੰਟਰਐਕਸ਼ਨ ਕਰਨੀ ਚਾਹੁੰਦਾ ਹਾਂ ਕਿ ਇਹ ਤਾਂ ਮੁਖਤਿਆਰਨਾਮੇ ਦੀ ਗੱਲ ਹੋ ਗਈ ਪਰ ਜਿਹੜੇ ਆਪਾਂ ਇਕਰਾਰਨਾਮੇ ਕਰਦੇ ਹਾਂ ਤਾਂ ਉਹ ਕਈ ਵਾਰੀ ਮਲਟੀਪਲ ਹੋ ਜਾਂਦੇ ਹਨ, ਬੜੀਆਂ ਠੱਗੀਆਂ ਵਜਦੀਆਂ ਹਨ, ਉਸ ਦੇ ਬਹੁਤ ਝਗੜੇ ਹਨ ਤੇ ਬਹੁਤ ਵੱਡੀ ਲਿਟੀਗੇਸ਼ਨ ਹੈ ਤੇ ਆਮ ਗਰੀਬ ਲੋਕਾਂ ਨੂੰ ਇਸ ਵਿੱਚ ਫਸਾ ਲਿਆ ਜਾਂਦਾ ਹੈ। ਸੋ, ਮੰਤਰੀ ਜੀ, ਇਸ ਬਾਰੇ ਕੋਈ ਰਜਿਸਟ੍ਰੇਸ਼ਨ ਕੀਤੀ ਜਾਵੇ ਤਾਂ ਜੋ ਇਹ ਵਿਜ਼ੀਬਲ ਹੋਵੇ, ਤਾਂ ਇਹ ਠੀਕ ਰਹੇਗਾ।

--------

**ਹਲਕਾ ਸਨੌਰ ਅੰਦਰ ਜੰਗਲਾਤ ਦੇ ਚਾਰੇ ਪਾਸੇ ਕੰਡਿਆਲੀ ਤਾਰ ਲਗਾਉਣਾ**

***1035. ਸਰਦਾਰ ਹਰਮੀਤ ਸਿੰਘ ਪਠਾਨਮਾਜਰਾ**: ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹਲਕਾ ਸਨੌਰ ਅੰਦਰ ਜੰਗਲਾਤ ਦੇ ਚਾਰੇ ਪਾਸੇ ਕੰਡਿਆਲੀ ਤਾਰ ਲਗਾਉਣ ਦਾ ਕੋਈ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਲਾਲਜੀਤ ਸਿੰਘ ਭੁੱਲਰ)** : ਸ਼੍ਰੀਮਾਨ ਜੀ, ਸਨੌਰ ਹਲਕੇ ਵਿੱਚ ਵਣ ਵਿਭਾਗ, ਪੰਜਾਬ ਦੇ ਚਾਰ ਜੰਗਲ, ਬੀੜ ਸਨੌਰ/ ਕਰਤਾਰਪੁਰਾ, ਬੀੜ ਮਝਾਲ, ਬੀੜ ਕੁਲੇਮਾਜਰਾ ਅਤੇ ਬੀੜ ਮੀਰਾਂਪੁਰ ਘੋਗਪੁਰ ਆਉਂਦੇ ਹਨ, ਜਿਨ੍ਹਾਂ ਦਾ ਕੁੱਲ ਰਕਬਾ 1022.11 ਹੈਕਟੇਅਰ ਹੈ। ਇਨ੍ਹਾਂ ਵਿੱਚੋਂ ਤਿੰਨ ਜੰਗਲ ਬੀੜ ਸਨੌਰ/ ਕਰਤਾਰਪੁਰਾ, ਬੀੜ ਮਝਾਲ ਅਤੇ ਬੀੜ ਕੁਲੇਮਾਜਰਾ ਦੇ ਆਲੇ ਦੁਆਲੇ 493.80 ਲੱਖ ਰੁਪਏ ਦੀ ਲਾਗਤ ਨਾਲ 28400 ਰੰਨਿਗ ਮੀਟਰ ਤਾਰ ਲਗਾਈ ਜਾ ਚੁੱਕੀ ਹੈ। ਇਸ ਤੋਂ ਇਲਾਵਾ ਬੀੜ ਕੁਲੇਮਾਜਰਾ ਵਿੱਚ 17.5 ਹੈਕਟੇਅਰ ਰਕਬੇ ਵਿੱਚ

ਤਾਰ ਲਗਾਉਣ ਦਾ ਕੰਮ ਇਸ ਵਿੱਤੀ ਸਾਲ ਦੌਰਾਨ ਮੁਕੰਮਲ ਕਰ ਲਿਆ ਜਾਵੇਗਾ। ਜਿੱਥੋਂ ਤੱਕ ਬੀੜ ਮੀਰਾਂਪੁਰ ਘੋਗਪੁਰ ਵਿਖੇ ਫੈਂਸਿੰਗ ਕਰਵਾਉਣ ਦਾ ਸਬੰਧ ਹੈ, ਇਹ ਕੰਮ ਫੰਡਜ਼ ਦੀ ਉਪਲਬਧਤਾ ਅਨੁਸਾਰ ਕਰਵਾਇਆ ਜਾਵੇਗਾ।

**1415/mehak/Abhishek gautam**
**1420/Sukhpiar Singh**

**ਸਰਦਾਰ ਹਰਮੀਤ ਸਿੰਘ ਪਠਾਨਮਾਜਰਾ**: ਸਪੀਕਰ ਸਾਹਿਬ, ਜਿਹੜੇ ਤਾਰ ਲਗਾਉਣ ਲੱਗੇ ਹਨ, ਉਹ ਬਿਲਕੁਲ ਉੱਪਰ-ਉੱਪਰ ਲਗਾ ਰਹੇ ਹਨ। ਮੈਂ ਦੋ-ਤਿੰਨ ਵਾਰ ਉਨ੍ਹਾਂ ਦੀ ਚੈਕਿੰਗ ਕਰਕੇ ਆਇਆ ਹਾਂ। ਉਹ ਕਹਿੰਦੇ ਹਨ ਕਿ ਇਸ ਦੇ ਫੰਡਜ਼ ਹੀ ਇੰਨੇ ਆਏ ਹਨ। ਉਹ ਧਰਤੀ ਤੇ ਹੀ ਤਾਰ ਨੂੰ ਲਗਾ ਰਹੇ ਹਨ। ਮੇਰਾ ਖਿਆਲ ਹੈ ਕਿ ਜਿਸ ਦਿਨ ਪਾਣੀ ਆਇਆ ਤਾਂ ਉਸ ਨੇ ਪੰਜ ਮਿੰਟ ਵਿੱਚ ਹੀ ਡਿੱਗ ਪੈਣਾ ਹੈ। ਉਸ ਦੇ ਥੱਲੇ ਨੀਂਹ ਮਜ਼ਬੂਤ ਨਹੀਂ ਹੋ ਰਹੀ, ਉਸ ਨੂੰ ਬਿਲਕੁਲ ਧਰਤੀ ਤੇ ਹੀ ਲਗਾਇਆ ਜਾ ਰਿਹਾ ਹੈ। ਮੈਂ ਪੁੱਛਿਆ ਤਾਂ ਕਹਿੰਦੇ ਸੀ ਕਿ ਇਹ ਪਾਸ ਹੀ ਇੰਨਾ ਹੋਇਆ ਹੈ। ਉਸ ਤੋਂ ਚੰਗਾ ਤਾਂ ਉਸ ਨੂੰ ਲਗਾਇਆ ਹੀ ਨਾ ਜਾਵੇ। ਜੇ ਲਗਾਉਣੀ ਹੈ ਤਾਂ ਉਸ ਤਰ੍ਹਾਂ ਲਗਾਈ ਜਾਵੇ ਕਿ ਉਹ ਕੁਝ ਸਮਾਂ ਕੱਢ ਦੇਵੇ। ਉਹ ਬਿਲਕੁਲ ਉੱਪਰ ਲੱਗੀ ਹੈ, ਉਸ ਦੀ ਚੈਕਿੰਗ ਕੀਤੀ ਜਾਵੇ।

**ਰਾਣਾ ਗੁਰਜੀਤ ਸਿੰਘ** : ਤਾਰ ਦੀ ਵਾੜ ਕਰਨ ਦੀ ਗੱਲ ਹੋਈ ਹੈ। ਮੰਤਰੀ ਜੀ ਨੇ ਕਿਹਾ 28 ਕਰੋੜ ਰੁਪਏ, ਸਾਡੇ ਵਿਧਾਇਕ ਸਾਹਿਬ ਨੇ ਕਿਹਾ ਕਿ ਉਹ ਥੱਲੇ ਲਗਾ ਰਹੇ ਹਨ, ਤਾਰ ਜਿੱਥੇ ਮਰਜ਼ੀ ਲਗਾ ਲਵੋ, ਸੂਰ ਨਹੀਂ ਰੁਕਣੇ। ਜੇਕਰ ਸਰਕਾਰ ਸੀਰੀਅਸਲੀ ਇਸ ਮਸਲੇ ਨੂੰ ਲੈਂਦੀ ਹੈ ਅਤੇ ਹੱਲ ਦੇਣਾ ਚਾਹੁੰਦੀ ਹੈ ਤਾਂ ਇਸ ਦਾ ਇਲੈਕਟ੍ਰੀਕਲ ਫੈਂਸਿੰਗ ਹੀ ਇੱਕੋ ਤਰੀਕਾ ਹੈ। ਤੁਹਾਡੀਆਂ ਤਾਰਾਂ ਨੇ ਕੋਈ ਕੰਮ ਨਹੀਂ ਕਰਨਾ। ਮੇਰੀ ਬੇਨਤੀ ਹੈ ਕਿ ਜੇ ਅਸੀਂ ਇਲੈਕਟ੍ਰੀਕਲ ਫੈਂਸਿੰਗ ਕਿਲੋਮੀਟਰ ਜਾਂ ਦੋ ਕਿਲੋਮੀਟਰ ਕਰਨੀ ਹੋਵੇ ਤਾਂ 10 ਲੱਖ ਰੁਪਏ ਪ੍ਰਤੀ ਕਿਲੋਮੀਟਰ ਰੇਟ ਹੈ। ਜੇ ਜ਼ਿਆਦਾ ਆਰਡਰ ਕਰਨਾ ਹੋਵੇ ਤਾਂ ਫਿਰ ਕਿਤੇ ਰੇਟ ਸਸਤਾ ਹੋ ਜਾਵੇਗਾ। ਪਹਿਲਾਂ ਤਾਂ ਉਸ ਦੇ ਕਿਲੋਮੀਟਰ ਨਾਪ ਲਵੋ, ਫਿਰ 28 ਕਰੋੜ ਰੁਪਏ ਨਾਲ ਗੁਣਾ/ਭਾਗ ਕਰ ਲਵੋ। ਫਿਰ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਅਸੀਂ ਕੰਮ ਠੀਕ ਕਰ ਰਹੇ ਹਾਂ ਜਾਂ ਗਲਤ। ਮੇਰੀ ਬੇਨਤੀ ਹੈ ਕਿ ਇਲੈਕਟ੍ਰੀਕਲ ਫੈਂਸਿੰਗ ਹੀ ਇੱਕੋ ਤਰੀਕਾ ਹੈ।

**ਮੰਤਰੀ** : ਮਾਣਯੋਗ ਮੈਂਬਰ ਸਾਹਿਬ, 28 ਕਰੋੜ ਰੁਪਏ ਨਹੀਂ, ਇਸ ਲਈ 4 ਕਰੋੜ 93 ਲੱਖ 80 ਹਜ਼ਾਰ ਰੁਪਏ ਦੀ ਰਕਮ ਪਾਸ ਹੋਈ ਹੈ। ਬਾਕੀ ਮੈਂਬਰ ਸਾਹਿਬ ਨੇ ਇਲੈਕਟ੍ਰੀਕਲ ਫੈਂਸਿੰਗ ਵਾਲੀ ਗੱਲ ਕੀਤੀ ਹੈ, ਇਸ ਬਾਰੇ ਮੰਤਰੀ ਸਾਹਿਬ ਨਾਲ ਵਿਚਾਰ ਬਣਾ ਕੇ ਵਾਕਿਆ ਹੀ ਫੈਂਸਿੰਗ ਹੋਣੀ ਚਾਹੀਦੀ ਹੈ ਜਿਸ ਦੇ ਨਾਲ ਕਿਸਾਨ ਦਾ ਨੁਕਸਾਨ ਨਾ ਹੋਵੇ। ਬਾਕੀ ਜਿਹੜੀ ਪਠਾਨਮਾਜਰਾ ਸਾਹਿਬ ਦੇ ਹਲਕੇ ਵਿੱਚ ਜੰਗਲ ਹਨ, ਜਿੰਨਾ ਵੀ ਇਨ੍ਹਾਂ ਦਾ ਕੰਮ ਪੈਂਡਿੰਗ ਹੈ, ਉਹ ਕੀਤਾ ਜਾਵੇਗਾ। ਬਾਕੀ ਜਿਹੜੀ ਇਨ੍ਹਾਂ ਨੇ ਉੱਪਰਲੇ ਪਾਸੇ ਤਾਰ ਲੱਗਣ ਦੀ ਗੱਲ ਕੀਤੀ ਹੈ, ਉਹ ਵਾਕਿਆ ਹੀ ਇਨ੍ਹਾਂ ਦੀ ਗੱਲ ਸਹੀ ਹੈ ਕਿ ਉਹ ਨੀਂਹ ਪੁੱਟ ਕੇ ਲਗਾਉਣੀ ਚਾਹੀਦੀ ਹੈ ਤਾਂ ਕਿ ਨੁਕਸਾਨ ਰੁਕੇ ਅਤੇ ਫੈਂਸਿੰਗ ਲੰਬਾ ਸਮਾਂ ਚਲੇ। ਉਹ ਮਹਿਕਮੇ ਨਾਲ ਵਿਚਾਰ ਕਰਵਾ ਕੇ ਠੀਕ ਕਰਵਾਉਂਦੇ ਹਾਂ।

---

**ਡੇਰਾਬੱਸੀ ਵਿਖੇ ਪੈਂਦੇ ਸਰਕਾਰੀ ਹਸਪਤਾਲ ਵਿੱਚੋਂ ਜੱਚਾ ਬੱਚਾ ਕੇਂਦਰ ਨੂੰ ਸ਼ਿਫਟ ਕਰਨਾ**

*1087. **ਸਰਦਾਰ ਕੁਲਜੀਤ ਸਿੰਘ ਰੰਧਾਵਾ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਡੇਰਾਬੱਸੀ ਵਿਖੇ ਪੈਂਦੇ ਸਰਕਾਰੀ ਹਸਪਤਾਲ ਵਿਖੇ ਜੱਚਾ ਬੱਚਾ ਕੇਂਦਰ ਨੂੰ ਨਾਲ ਲੱਗਦੇ ਬੀ.ਡੀ.ਪੀ.ਓ.ਦਫਤਰ ਵਿਖੇ ਸ਼ਿਫਟ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਇਸ ਨੂੰ ਬੀ.ਡੀ.ਪੀ.ਓ. ਦਫਤਰ ਵਿਖੇ ਕਦੋਂ ਤੱਕ ਸ਼ਿਫਟ ਕਰ ਦਿੱਤਾ ਜਾਵੇਗਾ?

**ਮਾਣਯੋਗ ਸਪੀਕਰ:** ਸ੍ਰੀ ਗੁਰਮੀਤ ਸਿੰਘ ਮੀਤ ਹੇਅਰ ਮੰਤਰੀ ਨੂੰ ਅਥਾਰਟੀ।

**ਖੇਡਾਂ ਤੇ ਯੁਵਕ ਮਾਮਲੇ ਮੰਤਰੀ (ਸ੍ਰੀ ਗੁਰਮੀਤ ਸਿੰਘ ਮੀਤ ਹੇਅਰ)** : ਨਹੀਂ, ਸ੍ਰੀਮਾਨ ਜੀ, ਹਾਲ ਦੀ ਘੜੀ ਡੇਰਾਬੱਸੀ ਵਿਖੇ ਪੈਂਦੇ ਸਰਕਾਰੀ ਹਸਪਤਾਲ ਵਿਖੇ ਜੱਚਾ ਬੱਚਾ ਕੇਂਦਰ ਨੂੰ ਨਾਲ ਲੱਗਦੇ ਬੀ.ਡੀ.ਪੀ.ਓ.ਦਫਤਰ ਵਿਖੇ ਸ਼ਿਫਟ ਕਰਨ ਦੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਕੁਲਜੀਤ ਸਿੰਘ ਰੰਧਾਵਾ:** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਡੇਰਾਬੱਸੀ ਹਲਕਾ ਪੰਜਾਬ ਦਾ ਸਭ ਤੋਂ ਵੱਡਾ ਹਲਕਾ ਬਣ ਚੁੱਕਾ ਹੈ। ਇੱਕੋ ਜੱਚਾ ਬੱਚਾ ਕੇਂਦਰ ਡੇਰਾਬੱਸੀ ਸਿਵਲ ਹਸਪਤਾਲ ਵਿੱਚ ਮਨਜ਼ੂਰ ਹੋਇਆ ਸੀ। ਇਸ ਦਾ 10 ਕਰੋੜ ਰੁਪਏ ਆਇਆ ਵੀ ਸੀ ਔਰ ਇਹ ਅਫਸਰਾਂ ਦੀ ਨਲਾਇਕੀ ਕਰਕੇ ਅੱਜ ਪੈਸਾ ਵਾਪਸ ਹੋ ਗਿਆ ਹੈ। ਮਾਨ ਸਾਹਿਬ ਤੇ ਸਾਰੀ ਸਰਕਾਰ ਇੰਨਾ ਮਿਹਨਤ ਕਰਕੇ ਕੰਮ ਕਰ ਰਹੀ ਹੈ ਪਰ ਇਨ੍ਹਾਂ ਚੀਜ਼ਾਂ ਦਾ ਰਿਜ਼ਲਟ ਕੁਝ ਅੱਛਾ ਨਹੀਂ। ਮੈਨੂੰ ਇਸ ਗੱਲ ਦਾ ਦੁਖ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜੱਚਾ ਬੱਚਾ ਕੇਂਦਰ ਬਾਰੇ ਬੀ.ਡੀ.ਪੀ.ਓ. ਦੀ ਜਗ੍ਹਾ ਐਕਸਚੇਂਜ ਕਰਵਾਉਣੀ ਸੀ, ਅਸੀਂ ਉਹ ਪ੍ਰਾਸੈਸ ਵੀ ਕੰਪਲੀਟ ਕਰ ਲਿਆ ਹੈ। ਕਦੋਂ ਤੱਕ ਜੱਚਾ ਬੱਚਾ ਕੇਂਦਰ ਡੇਰਾਬੱਸੀ ਬਣ ਜਾਵੇਗੀ? ਸਰਕਾਰ ਦੀ ਕੀ ਤਜਵੀਜ਼ ਹੈ? ਜਦੋਂ ਕਿ ਸਾਰੇ ਹੀ ਡੇਢ-ਡੇਢ, ਪੌਣੇ ਦੋ ਲੱਖ ਵੋਟ ਵਾਲੇ ਹਲਕੇ ਵਿੱਚ ਜੱਚਾ ਬੱਚਾ ਕੇਂਦਰ ਸਥਾਪਿਤ ਹਨ। ਉੱਥੇ ਸਵਾ ਤਿੰਨ ਲੱਖ ਦੇ ਕਰੀਬ ਵੋਟ ਹੋ ਗਈ ਹੈ। ਉੱਥੇ ਜੱਚਾ ਬੱਚਾ ਕੇਂਦਰ ਕਦੋਂ ਤੱਕ ਬਣੇਗਾ?

**ਮਾਣਯੋਗ ਸਪੀਕਰ:** ਤੁਹਾਡਾ ਜਵਾਬ ਆ ਗਿਆ ਹੈ। ਹੁਣ ਸਬੰਧਿਤ ਮੰਤਰੀ ਖੁਦ ਹਾਜ਼ਰ ਨਹੀਂ ਹਨ। ਬਾਕੀ ਤੁਸੀਂ ਮਿਲ ਕੇ ਗੱਲ ਕਰ ਲੈਣਾ।

---

**1420/Sukhpiar Singh/ Harjinder singh**

**1425/Manika Rani**

## ਹਲਕਾ ਖਡੂਰ ਸਾਹਿਬ ਦੇ ਬਿਜਲੀ ਵਿਭਾਗ ਦੀਆਂ ਅਸਾਮੀਆਂ ਦੇ ਵੇਰਵੇ

***1038. ਸਰਦਾਰ ਮਨਜਿੰਦਰ ਸਿੰਘ ਲਾਲਪੁਰਾ**- ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਖਡੂਰ ਸਾਹਿਬ ਦੇ ਬਿਜਲੀ ਵਿਭਾਗ ਨਾਲ ਸਬੰਧਤ ਵੱਖ-ਵੱਖ ਕਰਮਚਾਰੀਆਂ/ਅਧਿਕਾਰੀਆਂ ਦੀਆਂ ਕਿੰਨੀਆਂ ਆਸਾਮੀਆਂ ਭਰੀਆਂ ਹਨ, ਕਿੰਨੀਆਂ ਖਾਲੀ ਹਨ ਅਤੇ ਜੋ ਖਾਲੀ ਅਸਾਮੀਆਂ ਹਨ, ਉਨਾਂ ਨੂੰ ਭਰਨ ਲਈ ਸਰਕਾਰ ਵੱਲੋਂ ਕੀ ਉਪਰਾਲਾ ਕੀਤਾ ਜਾ ਰਿਹਾ ਹੈ ਅਤੇ ਇਹ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਭਜਨ ਸਿੰਘ:**ਹਲਕਾ ਖਡੂਰ ਸਾਹਿਬ ਅਧੀਨ ਪੈਂਦੇ ਬਿਜਲੀ ਵਿਭਾਗ ਨਾਲ ਸਬੰਧਤ 6 ਕੈਟਾਗਰੀਆਂ ਦੀਆਂ ਭਰੀਆਂ/ਖਾਲੀ ਅਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹਨ:

| **ਅਸਾਮੀ ਦਾ ਨਾਮ** | **ਮਨਜ਼ੂਰਸ਼ੁਦਾ** | **ਤੈਨਾਤੀ** | **ਖਾਲੀ ਅਸਾਮੀਆਂ** |
|---|---|---|---|
| **ਏ.ਈ.ਈ/ਏ.ਈ** | 6 | 4 | 2 |
| **ਜੇ.ਈ** | 27 | 11 | 16 |
| **ਲਾਈਨਮੈਨ** | 149 | 103 | 46 |
| **ਯੂ.ਡੀ.ਸੀ** | 61 | 31 | 30 |
| **ਸਹਾਇਕ ਲਾਈਨਮੈਨ** | 262 | 49 | 213 |
| **ਮਾਲ ਲੇਖਾਕਾਰ/ARA** | 6 | 2 | 4 |
| **ਕੁੱਲ** | 511 | 200 | 311 |

ਖਾਲੀ ਪਈਆਂ ਅਸਾਮੀਆਂ ਨੂੰ ਨੇੜਲੇ ਭਵਿੱਖ ਵਿੱਚ ਨਵੀਂ ਭਰਤੀ ਅਤੇ ਤਰੱਕੀ ਯੋਗ ਕਰਮਚਾਰੀਆਂ ਨਾਲ ਭਰ ਦਿੱਤਾ ਜਾਵੇਗਾ।

ਇਸ ਤੋਂ ਇਲਾਵਾ ਖਾਲੀ ਅਸਾਮੀਆਂ ਨੂੰ ਭਰਨ ਲਈ ਏ.ਐਲ.ਐਮ ਦੀਆਂ 2500 ਅਸਾਮੀਆਂ , ਜੇ ਈ ਦੀਆਂ 544 ਅਸਾਮੀਆਂ, ਰੈਵੇਨਿਊ ਅਕਾਊਂਟੈਂਟ ਦੀਆਂ 24 ਅਸਾਮੀਆਂ ਆਦਿ ਦੀ ਭਰਤੀ ਲਈ ਇਸ਼ਤਿਹਾਰ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਇਸ ਅਨੁਸਾਰ ਖਾਲੀ ਅਸਾਮੀਆਂ ਨੂੰ ਜਲਦੀ ਭਰਿਆ ਜਾਵੇਗਾ।

ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਆਮ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਹਲਕੇ ਖਡੂਰ ਸਾਹਿਬ ਵਿੱਚ ਜੋ ਵੀ ਮਨਜ਼ੂਰਸ਼ੁਦਾ ਅਸਾਮੀਆਂ ਦੀ ਤੈਨਾਤੀ ਹੈ, ਉਸ ਦੀ ਲਿਸਟ ਲੰਬੀ ਹੈ, ਜੋ ਕਿ ਮੈਂਬਰ ਸਾਹਿਬ ਨੂੰ ਪ੍ਰੋਵਾਈਡ ਕੀਤੀ ਜਾ ਚੁੱਕੀ ਹੈ। ਇਨ੍ਹਾਂ ਕੋਲ ਹੈ, ਜੇਕਰ ਇਨ੍ਹਾਂ ਦੀ ਕੋਈ ਸਪਲੀਮੈਂਟਰੀ ਹੈ ਤਾਂ ਇਹ ਪੁੱਛ ਸਕਦੇ ਹਨ।

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਣਯੋਗ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਅੱਧੀਆਂ ਤੋਂ ਜ਼ਿਆਦਾ ਅਸਾਮੀਆਂ ਖਾਲੀ ਪਈਆਂ ਹਨ, ਜਿਸ ਨਾਲ ਲੋਕਾਂ ਦਾ ਕੰਮਕਾਰ

ਬਹੁਤ ਪ੍ਰਭਾਵਿਤ ਹੋ ਰਿਹਾ ਹੈ। ਸੋ, ਮੈਂ ਮੰਤਰੀ ਸਾਹਿਬ ਨੂੰ ਇਹ ਗੁਜਾਰਿਸ਼ ਕਰਦਾ ਹਾਂ ਕਿ ਚਲੋ, ਜੇਕਰ ਜ਼ਿਆਦਾ ਨਹੀਂ ਦੇ ਸਕਦੇ ਤਾਂ ਜਿੰਨੀਆਂ ਤੁਸੀਂ ਮੈਨੂੰ ਸੜਕਾਂ ਦਿੱਤੀਆਂ ਹਨ, ਉਨੇ ਬੰਦੇ ਵੀ ਦੇ ਦਿਓ। ਮੇਰਾ ਕੰਮ ਚੱਲ ਜਾਣਾ ਹੈ। ਧੰਨਵਾਦ ਜੀ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਦੋ ਸਾਲਾਂ ਵਿੱਚ 42,900 ਅਸਾਮੀਆਂ ਵੱਖ ਵੱਖ ਮਹਿਕਮਿਆਂ ਵਿੱਚ ਭਰੀਆਂ ਜਾ ਚੁੱਕੀਆਂ ਹਨ। ਜੇਕਰ ਆਪਾਂ ਇਕੱਲੀ ਬਿਜਲੀ ਬੋਰਡ ਦੀ ਗੱਲ ਕਰੀਏ ਤਾਂ 4646 ਅਸਾਮੀਆਂ ਦੀ ਭਰਤੀ ਕੀਤੀ ਹੈ। ਇਸ ਤੋਂ ਇਲਾਵਾ ਇਨ੍ਹਾਂ ਦੀ ਗੱਲ ਠੀਕ ਹੈ ਕਿ ਇਨ੍ਹਾਂ ਦੇ ਹਲਕੇ ਵਿੱਚ ਕਾਫੀ ਅਸਾਮੀਆਂ ਖਾਲੀ ਪਈਆਂ ਹਨ। ਅਸੀਂ ਇਸ ਵਾਸਤੇ 2500 ਏ.ਐਲ.ਐਮ. ਦੀ ਐਡ ਦਿੱਤੀ ਹੋਈ ਹੈ। 544 ਹੋਰ ਅਸਾਮੀਆਂ ਦੀ ਭਰਤੀ ਕਰਨ ਵਾਸਤੇ ਐਡ ਦਿੱਤੀ ਹੋਈ ਹੈ। ਮਾਲ ਲੇਖਾਕਾਰ ਦੀਆਂ 24 ਅਸਾਮੀਆਂ ਵਾਸਤੇ ਐਡ ਦਿੱਤੀ ਹੋਈ ਹੈ। ਇਸ ਦੀ ਭਰਤੀ ਦੀ ਪ੍ਰਕ੍ਰਿਆ ਚੱਲ ਰਹੀ ਹੈ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਬਿਜਲੀ ਵਿਭਾਗ ਵਿੱਚ ਜਲਦੀ ਹੀ ਭਰਤੀਆਂ ਕੀਤੀਆਂ ਜਾਣ। ਅਸੀਂ ਜਲਦ ਭਰਤੀਆਂ ਕਰਕੇ ਸਾਰੀਆਂ ਖਾਲੀ ਅਸਾਮੀਆਂ ਭਰ ਦੇਵਾਂਗੇ ਜੀ।

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ:** ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਜਲਦ ਹੀ ਅਸਾਮੀਆਂ ਭਰਨ ਦਾ ਵਿਸ਼ਵਾਸ ਦਿਵਾਇਆ ਹੈ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਹਾਂ ਜੀ, ਅਗਲਾ ਸਵਾਲ। ਸ਼੍ਰੀਮਤੀ ਰਾਜਿੰਦਰ ਪਾਲ ਕੌਰ।

-------

## ਹਲਕਾ ਲੁਧਿਆਣਾ ਦੱਖਣੀ ਵਿਖੇ ਸਬ-ਤਹਿਸੀਲ ਬਣਾਉਣਾ

***1047. ਸ਼੍ਰੀਮਤੀ ਰਾਜਿੰਦਰ ਪਾਲ ਕੌਰ:** ਕੀ ਮਾਲ ਅਤੇ ਪੁਨਰਵਾਸ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਹਲਕਾ ਲੁਧਿਆਣਾ ਦੱਖਣੀ ਵਿਖੇ ਸਬ-ਤਹਿਸੀਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ?

**ਸ੍ਰੀ ਬ੍ਰਮ ਸ਼ੰਕਰ:** ਨਹੀਂ ਜੀ। ਬਹੁਤ ਹੀ ਮਾਣਯੋਗ ਸਪੀਕਰ ਸਾਹਿਬ, ਇਸ ਤਰ੍ਹਾਂ ਦੀ ਕੋਈ ਮਾਲ ਵਿਭਾਗ ਕੋਲ ਤਜਵੀਜ਼ ਨਹੀਂ ਹੈ। ਕਿਉਂਕਿ ਇਹ ਜ਼ਿਲ੍ਹਾ ਡਿਪਟੀ ਕਮਿਸ਼ਨਰ ਵੱਲੋਂ ਆਉਂਦੀ ਹੈ। ਸਰ, ਹਾਲੇ ਤੱਕ ਇਸ ਤਰ੍ਹਾਂ ਦੀ ਕੋਈ ਤਜਵੀਜ਼ ਨਹੀਂ ਹੈ।

**ਸ਼੍ਰੀਮਤੀ ਰਾਜਿੰਦਰ ਪਾਲ ਕੌਰ:** ਸਪੀਕਰ ਸਾਹਿਬ, ਮੰਤਰੀ ਸਾਹਿਬ ਦਾ ਜਵਾਬ ਨਾਂਹ ਪੱਖੀ ਹੈ। ਲੇਕਿਨ ਮੈਂ ਤੁਹਾਡੇ ਮਾਧਿਅਮ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦੀ ਹਾਂ ਕਿ ਡੀ.ਸੀ. ਸਾਹਿਬ ਨੂੰ ਹਦਾਇਤ ਕਰਕੇ ਵੇਰਵੇ ਮੰਗਵਾਏ ਜਾਣ ਤਾਂ ਕਿ ਮੇਰੇ ਲੋਕਾਂ ਨੂੰ ਇੱਕ ਬਹੁਤ ਵੱਡੀ ਰਾਹਤ ਦਿੱਤੀ ਜਾਵੇ।

**ਮਾਣਯੋਗ ਸਪੀਕਰ:** ਠੀਕ ਹੈ ਜੀ, ਇਹ ਤਾਂ ਸਵਾਲ ਨਹੀਂ ਸੀ, ਇਹ ਇੱਕ ਸੁਜੈਸ਼ਨ ਹੈ। ਹਾਂ ਜੀ, ਅਗਲਾ ਸਵਾਲ। ਸ੍ਰੀ ਸੰਦੀਪ ਜਾਖੜ ਜੀ।

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ. 1097**

(ਸਬੰਧਤ ਮਾਣਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋ ਸਕਿਆ।)

-----

**ਬਲਾਕ ਦਸੂਹਾ ਅਤੇ ਤਲਵਾੜਾ ਵਿੱਚ ਵੈਟਰਨਰੀ ਹਸਪਤਾਲ ਅਤੇ ਡਿਸਪੈਂਸਰੀਆਂ ਦੀ ਗਿਣਤੀ**

***1073. ਸਰਦਾਰ ਕਰਮਬੀਰ ਸਿੰਘ:** ਕੀ ਪਸ਼ੂ ਪਾਲਣ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਹਲਕਾ ਦਸੂਹਾ ਵਿੱਚ ਬਲਾਕ ਦਸੂਹਾ ਅਤੇ ਤਲਵਾੜਾ ਵਿੱਚ ਕੁੱਲ ਕਿੰਨੇ ਵੈਟਰਨਰੀ ਹਸਪਤਾਲ ਅਤੇ ਡਿਸਪੈਂਸਰੀਆਂ ਹਨ ਅਤੇ ਕਿੰਨੀਆਂ ਦੀ ਹਾਲਤ ਖਰਾਬ ਹੈ ਅਤੇ ਕਿੰਨੀਆਂ ਦੀ ਠੀਕ ਹੈ; ਕੀ ਇਨ੍ਹਾਂ ਖਰਾਬ ਹਾਲਤ ਹਸਪਤਾਲਾਂ ਨੂੰ ਠੀਕ ਕਰਵਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ:** ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੇ ਆਪਣੇ ਹਲਕੇ ਦੇ ਦੋ ਬਲਾਕ ਦਸੂਹਾ ਅਤੇ ਤਲਵਾੜਾ ਦੇ ਹਸਪਤਾਲਾਂ ਦੀ ਗੱਲ ਕੀਤੀ ਹੈ। ਹਲਕਾ ਦਸੂਹਾ ਦੇ ਬਲਾਕ ਦਸੂਹਾ ਅਤੇ ਤਲਵਾੜਾ ਵਿੱਚ ਸਿਵਲ ਪਸ਼ੂ ਹਸਪਤਾਲਾਂ/ਡਿਸਪੈਂਸਰੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:-

**ਹਲਕਾ ਦਸੂਹਾ**

| | **ਬਲਾਕ ਦਸੂਹਾ** | | **ਬਲਾਕ ਤਲਵਾੜਾ** | |
|---|---|---|---|---|
| | **ਸਿਵਲ ਪਸ਼ੂ ਹਸਪਤਾਲ** | **ਸਿਵਲ ਪਸ਼ੂ ਡਿਸਪੈਂਸਰੀ** | **ਸਿਵਲ ਪਸ਼ੂ ਹਸਪਤਾਲ** | **ਸਿਵਲ ਪਸ਼ੂ ਡਿਸਪੈਂਸਰੀ** |
| **ਕੁੱਲ ਸੰਸਥਾਵਾਂ** | 7 | 9 | 6 | 4 |
| **ਮੁਰੰਮਤਯੋਗ/ਖਸਤਾ ਹਾਲਤ ਸੰਸਥਾਵਾਂ** | 3 | 4 | 3 | 2 |
| **ਠੀਕ ਹਾਲਤ ਸੰਸਥਾਵਾਂ** | 4 | 5 | 3 | 2 |

ਹਾਂ ਜੀ, ਇਨ੍ਹਾਂ ਖਸਤਾ ਹਾਲਤ 6 ਸਿਵਲ ਪਸ਼ੂ ਹਸਪਤਾਲਾਂ ਅਤੇ 6 ਸਿਵਲ ਪਸ਼ੂ ਡਿਸਪੈਂਸਰੀਆਂ ਨੂੰ ਠੀਕ/ਰਿਪੇਅਰ ਕਰਨ ਦੀ ਪ੍ਰਕ੍ਰਿਆ ਕਾਰਵਾਈ ਅਧੀਨ ਹੈ ਅਤੇ ਛੇਤੀ ਕਰਵਾ ਦਿਆਂਗੇ।

**1430/Gurpreet kaur**

**ਮਾਣਯੋਗ ਸਪੀਕਰ**: ਮੈਂਬਰ ਸਾਹਿਬ, ਕੁਝ ਕਹਿਣਾ ਹੈ?

**ਸਰਦਾਰ ਕਰਮਬੀਰ ਸਿੰਘ**: ਮੰਤਰੀ ਸਾਹਿਬ, ਮੇਰੇ ਹਲਕੇ ਵਿੱਚ ਦੋ ਪਿੰਡ ਝਿੰਗੜ ਕਲਾਂ ਅਤੇ ਬੋਦਲ ਵਿੱਚ ਡਿਸਪੈਂਸਰੀਆਂ ਕੰਮ ਕਰ ਰਹੀਆਂ ਹਨ ਪਰ ਉਨ੍ਹਾਂ ਕੋਲ ਬਿਲਡਿੰਗ ਨਹੀਂ ਹੈ। ਕਿਸੇ ਪੰਚਾਇਤ ਘਰ ਜਾਂ ਕਿਸੇ ਹੋਰ ਜਗ੍ਹਾ ਤੇ ਡਿਸਪੈਸਰੀਆਂ ਬਣਾ ਕੇ ਕੰਮ ਚਲਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਤਲਵਾੜਾ ਦੇ ਪਿੰਡ ਅਮਰੋਹ ਵਿਖੇ ਬਹੁਤ ਪੁਰਾਣਾ ਹਸਪਤਾਲ ਹੈ ਪਰ ਉਸ ਦੀ ਹਾਲਤ ਬਹੁਤ ਮਾੜੀ ਹੈ। ਉੱਥੇ ਡਿੱਗਣ ਵਾਲੇ ਹਾਲਾਤ ਹੋਏ ਪਏ ਹਨ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਕਦੋਂ ਤੱਕ ਅਮਲ ਵਿੱਚ ਲਿਆ ਕੇ ਠੀਕ ਕਰ ਦਿੱਤਾ ਜਾਵੇਗਾ। ਇਸ ਨੂੰ ਟਾਈਮ ਬਾਊਂਡ ਕਰ ਦਿਓ ਜੀ।

**ਮੰਤਰੀ**: ਇਸ ਦੇ ਕੁਝ ਐਸਟੀਮੇਟਸ ਤਾਂ ਬਣੇ ਹੋਏ ਹਨ । ਜਿਹੜਾ ਪਿੰਡ ਇਨ੍ਹਾਂ ਦੇ ਹਲਕੇ ਵਿੱਚ ਆਉਂਦਾ ਹੈ ਉਸ ਲਈ 23 ਲੱਖ 6 ਹਜਾਰ ਰੁਪਏ ਅਤੇ ਇਸੇ ਤਰ੍ਹਾਂ ਪਿੰਡ ਬਾਜਾਚੱਕ ਲਈ 3 ਲੱਖ 7 ਹਜਾਰ ਰੁਪਏ, ਬੋਦਲ ਵਿੱਚ ਸਾਢੇ ਪੱਚੀ ਲੱਖ ਰੁਪਏ ਦੇ ਲਗਭਗ ਅਤੇ ਇਸੇ ਤਰ੍ਹਾਂ ਮਾਂਗਟ ਲਈ 22 ਲੱਖ 79 ਹਜਾਰ ਰੁਪਏ ਅਤੇ ਅਮਰੋਹ ਲਈ 23 ਲੱਖ 59 ਹਜਾਰ ਰੁਪਏ ਦਾ ਐਸਟੀਮੇਟ ਬਣਿਆ ਹੋਇਆ ਹੈ। ਇਨ੍ਹਾਂ ਨੂੰ ਐਸਟੀਮੇਟ ਬਣਾ ਕੇ ਦੇ ਦਿੱਤੇ ਗਏ ਹਨ ਅਤੇ ਕੰਮ ਵੀ ਜਲਦੀ ਹੋ ਜਾਵੇਗਾ।

**ਮਾਣਯੋਗ ਸਪੀਕਰ**: **ਹਾਂ ਜੀ,** ਸਰਦਾਰ ਕਰਮਬੀਰ ਸਿੰਘ ਜੀ।

**ਸਰਦਾਰ ਕਰਮਬੀਰ ਸਿੰਘ:** ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ**: ਮੰਤਰੀ ਜੀ ਇੰਨੇ ਦਿਆਲ ਹੋਏ ਪਏ ਹਨ। ਫਿਰ ਤਾਂ ਮੈਂ ਨਾਲ ਦੇ ਪਿੰਡ ਦੇ ਲਈ ਵੀ ਕਹਿ ਦਿੰਦਾ। ਮੈਂ ਵੀ ਬੇਨਤੀ ਕਰ ਲੈਂਦਾ। (ਹਾਸਾ)

-----

**ਹਲਕਾ ਸ਼ੁਤਰਾਣਾ ਦੇ ਪਿੰਡ ਘੱਗਾ ਦੀ ਗਰਿੱਡ ਨੂੰ ਸਬ-ਡਵੀਜ਼ਨ ਬਣਾਉਣਾ**

***1140. ਸਰਦਾਰ ਕੁਲਵੰਤ ਸਿੰਘ ਬਾਜੀਗਰ:-** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਸ਼ੁਤਰਾਣਾ ਦੇ ਅਧੀਨ ਆਉਂਦੇ ਪਿੰਡ ਘੱਗਾ ਦੀ ਗਰਿੱਡ ਨੂੰ ਸਬ ਡਵੀਜ਼ਨ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋ ਤੱਕ?

**ਮਾਣਯੋਗ ਸਪੀਕਰ**: ਬਿਜਲੀ ਮੰਤਰੀ ਦਾ ਤੁਹਾਡੇ ਨਾਲ ਜ਼ਿਆਦਾ ਪਿਆਰ ਲੱਗਦਾ ਹੈ। ਮੰਤਰੀ ਸਾਹਿਬ ਪਹਿਲਾਂ ਹੀ ਜਵਾਬ ਦੇਣ ਲਈ ਖੜ੍ਹੇ ਹੋ ਜਾਂਦੇ ਹਨ।

**ਸਰਦਾਰ ਹਰਭਜਨ ਸਿੰਘ**: ਇਹ ਸਵਾਲ ਪੁੱਛਦੇ ਰਹਿਣ ਅਤੇ ਅਸੀਂ ਖੜ੍ਹੇ ਹੋ ਕੇ ਜਵਾਬ ਦਿੰਦੇ ਰਹੀਏ। ਇਸੇ ਤਰ੍ਹਾਂ ਜ਼ਿੰਦਗੀ ਲੰਘਦੀ ਰਹੇ ਤਾਂ ਚੰਗੀ ਗੱਲ ਹੈ। (ਹਾਸਾ) ਸਰ, ਹਲਕਾ ਸ਼ੁਤਰਾਣਾ ਦੇ ਅਧੀਨ ਆਉਂਦੇ ਪਿੰਡ ਘੱਗਾ ਨੂੰ ਸਬ ਡਵੀਜ਼ਨ ਬਣਾਉਣ ਦੀ ਕੋਈ ਵੀ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਕੁਲਵੰਤ ਸਿੰਘ ਬਾਜੀਗਰ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਾਤੜਾਂ ਡਵੀਜ਼ਨ ਦਾ ਨਿਰਮਾਣ ਸਾਲ 1995 ਵਿੱਚ ਹੋਇਆ ਸੀ। ਉਸ ਤੋਂ ਬਾਅਦ ਵਪਾਰ ਵਿੱਚ ਬਹੁਤ ਵਾਧਾ ਹੋਇਆ। ਪਾਤੜਾਂ ਦੀ ਡਵੀਜ਼ਨ ਤੋਂ ਬਾਅਦ 04 ਡਵੀਜ਼ਨਾਂ ਬਣਾਈਆਂ ਗਈਆਂ। ਘੱਗਾ ਦੀ ਆਬਾਦੀ ਹੁਣ ਬਹੁਤ ਜ਼ਿਆਦਾ ਵਧ ਗਈ ਹੈ। ਇੱਥੇ ਰਾਈਸ ਮਿੱਲਾਂ ਦਾ ਬਹੁਤ ਵਾਧਾ ਹੋਇਆ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਘੱਗਾ ਨੂੰ ਸਬ ਡਵੀਜ਼ਨ ਬਣਾਇਆ ਜਾਵੇ ਤਾਂ ਕਿ ਲੋਕਾਂ ਨੂੰ ਕੰਮਾਂ ਵਿੱਚ ਆਸਾਨੀ ਹੋ ਸਕੇ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਦਿਹਾਤੀ ਸਬ ਡਵੀਜ਼ਨ ਪਾਤੜਾਂ ਘੱਗੇ ਤੋਂ ਸਿਰਫ 8 ਕਿਲੋਮੀਟਰ ਹੈ। ਸਬ ਡਵੀਜ਼ਨ ਪਾਤੜਾਂ ਵਿੱਚ ਕੁੱਲ 22 ਪਿੰਡ ਪੈਂਦੇ ਹਨ। ਇੱਥੇ 19,759 ਕੁਨੈਕਸ਼ਨ ਹਨ। ਪਿੰਡ ਘੱਗਾ ਵਿੱਚ 2392 ਕੁਨੈਕਸ਼ਨ ਚੱਲਦੇ ਹਨ। ਪਿੰਡ ਘੱਗਾ ਦੇ ਗਰਿੱਡ ਦੀ ਇੰਸਟਾਲਡ ਕਪੈਸਿਟੀ 60 ਐਮ.ਵੀ.ਏ. ਦੀ ਹੈ। ਜੇਕਰ ਇਸ ਦੀ ਮੈਕਸੀਮਮ ਪੀਕ ਡਿਮਾਂਡ ਦੇਖੀਏ ਤਾਂ 03 ਸਤੰਬਰ 2023 ਨੂੰ 41.02 ਐਮ.ਵੀ.ਏ. ਹੈ। ਇਸ ਕਰਕੇ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਨਾ ਤਾਂ ਉੱਥੇ ਕੋਈ ਲੋੜ ਹੈ ਅਤੇ ਨਾ ਹੀ ਕਪੈਸਿਟੀ ਦੀ ਕੋਈ ਘਾਟ ਹੈ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਹੁਣ ਅੱਗੇ ਸਵਾਲ ਤੇ ਚੱਲੀਏ। ਹਾਂ ਜੀ, ਮੈਂਬਰ ਸਾਹਿਬ, ਕੀ ਕਹਿਣਾ ਚਾਹੁੰਦੇ ਹੋ।

**ਸਰਦਾਰ ਕੁਲਵੰਤ ਸਿੰਘ ਬਾਜੀਗਰ:** ਸਰ, ਦਿਲ ਤਾਂ ਨਾ ਤੋੜੋ। ਦੋ ਦਿਨ ਰੁਕ ਕੇ ਬਣਾ ਦਿਓ। ਹਾਂ ਤਾਂ ਕਰ ਦਿਓ।

**ਮਾਣਯੋਗ ਸਪੀਕਰ:** ਹਾਂ ਜੀ, ਮੰਤਰੀ ਜੀ, ਦਿਲ ਨਾ ਤੋੜੋ ਜੀ। (ਹਾਸਾ)

**ਮੰਤਰੀ:** ਮੈਂ ਦਿਲ ਨਹੀਂ ਤੋੜ ਰਿਹਾ। ਮੈਂ ਮੈਂਬਰ ਸਾਹਿਬ ਨੂੰ ਦੱਸ ਰਿਹਾ ਹਾਂ ਕਿ ਸਾਡੇ ਕੋਲ ਪਹਿਲਾਂ ਹੀ ਉੱਥੇ 60 ਐਮ.ਵੀ.ਏ. ਕਪੈਸਿਟੀ ਹੈ। ਅਜੇ ਤੱਕ 40-41 ਹੀ ਡਿਮਾਂਡ ਗਈ ਹੈ। ਤੁਸੀਂ ਡਿਮਾਂਡ ਵਧਾ ਲਓ। ਉਥੇ ਵੱਧ ਤੋਂ ਵੱਧ ਇੰਡਸਟਰੀ ਲੈ ਆਓ ਅਤੇ ਹੋਰ ਕੁਨੈਕਸ਼ਨ ਲੈ ਆਓ। ਜਿਸ ਦਿਨ ਡਿਮਾਂਡ ਵਧ ਜਾਵੇਗੀ, ਜਿੰਨੇ ਐਮ.ਵੀ.ਏ. ਦਾ ਕਹੋਗੇ ਓਨੇ ਦਾ ਹੀ ਕਰ ਦੇਵਾਂਗੇ।

**ਮਾਣਯੋਗ ਸਪੀਕਰ:** ਹਾਂ ਜੀ, ਐਮ.ਐਲ.ਏ. ਸਾਹਿਬ ਹੁਣ ਦਿਲ ਜੋੜ ਦਿੱਤਾ।

**ਸਰਦਾਰ ਕੁਲਵੰਤ ਸਿੰਘ ਬਾਜੀਗਰ:** ਧੰਨਵਾਦ ਜੀ।

**1430/Gurpreet kaur/BS khokhar**
**1435/Rajneet Kaur**

## ਨੰਬਰਦਾਰ ਦੀ ਚੋਣ ਕਰਨਾ

***1104 ਸਰਦਾਰ ਲਖਬੀਰ ਸਿੰਘ ਰਾਏ:** ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨੰਬਰਦਾਰ ਦੀ ਚੋਣ ਸਮੇਂ ਪਿੰਡ ਵਾਸੀਆਂ ਵੱਲੋਂ ਵੋਟਿੰਗ ਕਰਨ ਦੀ ਕੋਈ ਪ੍ਰੋਵੀਜ਼ਨ ਹੈ, ਵੇਰਵੇ ਸਹਿਤ ਦੱਸਿਆ ਜਾਵੇ।

**ਸ਼੍ਰੀ ਬ੍ਰਮ ਸ਼ੰਕਰ :**"ਨਹੀਂ ਜੀ" ਨੰਬਰਦਾਰੀ ਰੂਲਾਂ ਵਿੱਚ ਨੰਬਰਦਾਰ ਦੀ ਚੋਣ ਸਮੇਂ ਪਿੰਡ ਵਾਸੀਆਂ ਵੱਲੋਂ ਵੋਟਿੰਗ ਕਰਨ ਦੀ ਕੋਈ ਪ੍ਰੋਵੀਜ਼ਨ ਨਹੀਂ ਹੈ।

**ਸਰਦਾਰ ਲਖਬੀਰ ਸਿੰਘ ਰਾਏ** : ਸਰ, ਪਿੰਡ ਵਿੱਚ ਜਿਹੜਾ ਨੰਬਰਦਾਰ ਅਪੁਆਇੰਟ ਕਰਨਾ ਹੈ, ਉਹ ਪੰਜਾਬ ਲੈਂਡ ਰੈਵੇਨਿਊ ਐਕਟ ਦੇ ਰੂਲ 15 ਅਧੀਨ ਕੁਲੈਕਟਰ ਨੇ ਕਰਨਾ ਹੁੰਦਾ ਹੈ ਪਰ ਗਰਾਊਂਡ ਲੈਵਲ ਤੇ ਸੱਚਾਈ ਬਿਲਕੁਲ ਉਲਟ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦਾ ਇੱਕ ਪਿੰਡ ਬਹਿਲੋਲਪੁਰ ਹੈ, ਉਸ ਦੀ 720 ਵੋਟ ਹੈ। ਉੱਥੇ ਦੋ ਕੈਂਡੀਡੇਟ ਸੀ, ਉਨ੍ਹਾਂ ਦੀ ਜਿਹੜੀ ਗਵਾਹੀ ਹੈ, ਜਿਸ ਨੂੰ ਵੋਟਿੰਗ ਹੀ ਕਹਿੰਦੇ ਹਨ, ਉਸ ਦੀ 301 ਨੇ ਇੱਕ ਦੀ ਗਵਾਹੀ ਕਰਵਾਈ ਤੇ 320 ਨੇ ਇੱਕ ਦੀ ਗਵਾਹੀ ਕਰਵਾਈ, 90 ਪ੍ਰਤੀਸ਼ਤ ਲੋਕਾਂ ਨੇ ਆ ਕੇ ਗਵਾਹੀ ਦਿੱਤੀ ਤੇ ਖੱਜਲ ਖੁਆਰ ਹੋਏ ਅਤੇ ਧੜ੍ਹੇਬਾਜ਼ੀ ਹੋਈ। ਮੈਂ ਆਪ ਜੀ ਦੇ ਮਾਧਿਆਮ ਜ਼ਰੀਏ ਮਾਣਯੋਗ ਮਾਲ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਗਵਾਹੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਨਿਸ਼ਚਿਤ ਕਰਨ ਲਈ 5, 10 ਜਾਂ 15 ਕੀਤੀਆਂ ਜਾਣ। ਕੀ ਇਸ ਤਰ੍ਹਾਂ ਦੇ ਆਦੇਸ਼ ਸਰਕਾਰ ਵੱਲੋਂ ਜਾਰੀ ਕੀਤੇ ਜਾਣਗੇ ਜਿਸ ਨਾਲ ਪਿੰਡਾਂ ਵਿੱਚੋਂ ਧੜ੍ਹੇਬਾਜ਼ੀ ਅਤੇ ਪਾਰਟੀਬਾਜ਼ੀ ਖਤਮ ਹੋ ਸਕੇ?

**ਮਾਣਯੋਗ ਸਪੀਕਰ** : ਮੰਤਰੀ ਜੀ, ਵੈਸੇ ਇਹ ਨੰਬਰਦਾਰੀ ਵਾਲਾ ਕੇਸ ਜਿਹੜਾ ਹੈ, ਇਹ ਪੀੜ੍ਹੀਆਂ ਤੱਕ ਚੱਲੀ ਜਾਂਦਾ ਹੈ।

**ਮੰਤਰੀ** : ਦੇਖੋ ਜੀ, ਸਭ ਤੋਂ ਪਹਿਲਾਂ ਤਾਂ ਬੰਦਾ ਨੰਬਰਦਾਰੀ ਤੋਂ ਹੀ ਔਖਾ ਹੁੰਦਾ ਹੈ। ਸੋ, ਮੈਂ ਮੈਂਬਰ ਸਾਹਿਬ ਦੀ ਗੱਲ ਦੀ ਬੜੀ ਰਿਸਪੈਕਟ ਕਰਦਾ ਹਾਂ। ਇਨ੍ਹਾਂ ਨੇ ਬੜੀ ਅੱਛੀ ਗੱਲ ਕੀਤੀ ਹੈ। ਅਸੀਂ ਡੈਫੇਨੇਟਲੀ ਇਸ ਗੱਲ ਨੂੰ ਯਕੀਨੀ ਬਣਾਵਾਂਗੇ ਕਿ ਜਿਸ ਦੇ ਹੱਕ ਵਿੱਚ ਜ਼ਿਆਦਾ ਵੋਟਿੰਗ ਹੈ, ਉਸ ਨੂੰ ਮੌਕਾ ਮਿਲੇ।

**ਸਰਦਾਰ ਲਖਬੀਰ ਸਿੰਘ ਰਾਏ** : ਸਰ, ਜਿਹੜੀ ਕੁਲੈਕਟਰ ਦੀ ਚੁਆਇਸ ਹੈ, ਇਹ ਵੋਟਿੰਗ ਦੀ ਕੋਈ ਪ੍ਰੋਵੀਜ਼ਨ ਨਹੀਂ ਹੈ, ਇਸ ਨਾਲ ਤਾਂ ਪਾਰਟੀਬਾਜ਼ੀ ਜ਼ਿਆਦਾ ਹੋਏਗੀ। ਇਹ ਤਾਂ ਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਪੰਜ ਜਾਂ ਦਸ ਗਵਾਹ ਹੀ ਭੁਗਤਣ।

**ਮਾਣਯੋਗ ਸਪੀਕਰ** :ਠੀਕ ਹੈ ਜੀ, ਉਨ੍ਹਾਂ ਦਾ ਸੁਜੈਸ਼ਨ ਬਿਲਕੁਲ ਠੀਕ ਹੈ।

-------------

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ *1044**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਪ੍ਰਸ਼ਨ ਪੇਸ਼ ਨਹੀਂ ਹੋਇਆ।)

---------------

**ਲਾਲੜੂ ਵਿਖੇ ਸਟੇਡੀਅਮ ਦੀ ਉਸਾਰੀ**

***1086. ਸਰਦਾਰ ਕੁਲਜੀਤ ਸਿੰਘ ਰੰਧਾਵਾ:** ਕੀ ਖੇਡ ਮੰਤਰੀ ਕਿਰਪਾ ਕਰਕੇ ਹਲਕਾ ਡੇਰਾਬੱਸੀ ਵਿੱਚ ਪੈਂਦੇ ਲਾਲੜੂ ਸ਼ਹਿਰ ਦਾ ਸਟੇਡੀਅਮ ਨੌਜਵਾਨਾਂ ਦੀ ਸਹੂਲਤ ਲਈ ਉਸਾਰੇ ਜਾਣ ਦਾ ਸਮਾਂ ਦੱਸਣ ਦੀ ਕ੍ਰਿਪਾਲਤਾ ਕਰਨਗੇ; ਵੇਰਵੇ ਪ੍ਰਦਾਨ ਕੀਤੇ ਜਾਣ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ** : ਨਹੀਂ ਜੀ, ਹਲਕਾ ਡੇਰਾਬੱਸੀ ਵਿੱਚ ਪੈਂਦੇ ਲਾਲੜੂ ਸ਼ਹਿਰ ਵਿਖੇ ਖੇਡ ਸਟੇਡੀਅਮ ਨੂੰ ਅਪਗ੍ਰੇਡ ਕਰਨ ਦੀ ਅਜੇ ਕੋਈ ਤਜਵੀਜ਼ ਨਹੀਂ ਹੋਈ ਹੈ, ਫੰਡਾਂ ਦੀ ਉਪਲੱਬਧਤਾ ਵੇਖਦੇ ਹੋਏ, ਇਸ ਖੇਡ ਸਟੇਡੀਅਮ ਨੂੰ ਅਪਗ੍ਰੇਡ ਕਰਨ ਬਾਰੇ ਅਗਲੇ ਵਿੱਤੀ ਸਾਲ 2024-25 ਵਿੱਚ ਵਿਚਾਰ ਕੀਤਾ ਜਾ ਸਕਦਾ ਹੈ।

ਸਰ, ਜਿਹੜਾ ਸਵਾਲ ਮੈਂਬਰ ਸਾਹਿਬ ਨੇ ਕੀਤਾ ਹੈ, ਮੈਂ ਇਨ੍ਹਾਂ ਨੂੰ ਦੱਸਣਾ ਚਾਹਾਂਗਾ ਕਿ ਜਿਹੜਾ ਖੇਡ ਸਟੇਡੀਅਮ ਲਾਲੜੂ ਹੈ, ਇਹ ਸਕੂਲ ਐਜੂਕੇਸ਼ਨ ਦਾ ਸਟੇਡੀਅਮ ਹੈ ਕਿਉਂਕਿ ਕਮੇਟੀ ਨੇ ਇਹ ਸਟੇਡੀਅਮ ਸਕੂਲ ਨੂੰ ਟ੍ਰਾਂਸਫਰ ਕਰ ਦਿੱਤਾ ਸੀ। ਜਿਹੜਾ ਖੇਡ ਵਿਭਾਗ ਹੈ, ਜਿਹੜੀ ਖੇਡ ਵਿਭਾਗ ਦੀ ਪ੍ਰਾਪਰਟੀ ਹੈ ਜਾਂ ਸਾਡੇ ਖੇਡ ਸਟੇਡੀਅਮ ਹਨ, ਅਸੀਂ ਉਨ੍ਹਾਂ ਨੂੰ ਹੀ ਅਪਗ੍ਰੇਡ ਕਰਦੇ ਹਾਂ। ਸੋ, ਉਨ੍ਹਾਂ ਨੂੰ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਕੁਲਜੀਤ ਸਿੰਘ ਰੰਧਾਵਾ** : ਮਾਣਯੋਗ ਸਪੀਕਰ ਸਾਹਿਬ, ਮੈਨੂੰ ਉਮੀਦ ਹੈ ਕਿ ਸਾਡੇ ਖੇਡ ਮੰਤਰੀ ਸਾਹਿਬ ਨੌਜਵਾਨ ਹਨ, ਮੈਂ ਇਹ ਕਹਿੰਦਾ ਹਾਂ ਕਿ ਸਭ ਤੋਂ ਵੱਧ ਖੇਡਾਂ ਨੂੰ ਪ੍ਰਮੋਟ ਹੀ, ਮੀਤ ਹੇਅਰ ਜੀ ਨੇ ਕੀਤਾ ਹੈ। ਇਨ੍ਹਾਂ ਦੋ ਸਾਲਾਂ ਵਿੱਚ ਖੇਡਾਂ ਵਤਨ ਪੰਜਾਬ ਦੀਆਂ ਨੂੰ ਲੈ ਕੇ ਸਾਡੇ ਨੌਜਵਾਨ ਬੱਚੇ ਖੇਡਾਂ ਵੱਲ ਆਕਰਸ਼ਿਤ ਹੋਏ ਹਨ ਅਤੇ ਬਾਹਰ ਨਿਕਲੇ ਹਨ। ਮੈਂ ਜਿਹੜੇ ਲਾਲੜੂ ਏਰੀਏ ਦੇ ਸਟੇਡੀਅਮ ਦੀ ਗੱਲ ਕੀਤੀ ਹੈ, ਲਾਲੜੂ- ਹੰਡੇਸਰਾ ਦੀ ਆਬਾਦੀ ਢਾਈ ਲੱਖ ਦੇ ਕਰੀਬ ਹੈ। ਇਸ ਦੇ ਨਾਲ ਨਾਲ ਲਾਲੜੂ ਅਤੇ ਹੰਡੇਸਰਾ ਦੋ ਸ਼ਹਿਰ ਹਨ। ਸਰ, 35-40 ਕਿਲੋਮੀਟਰ ਦੇ ਅੰਦਰ ਕੋਈ ਖੇਡ ਸਟੇਡੀਅਮ ਨਹੀਂ ਹੈ, ਇਹ ਇੰਨਾ ਵੱਡਾ ਏਰੀਆ ਹੈ। ਕਿਰਪਾ ਕਰਕੇ ਸਰਕਾਰ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਸਾਡੇ ਨੌਜਵਾਨ ਮੰਤਰੀ ਹਨ, ਮੈਨੂੰ ਤਾਂ ਪੂਰੀ ਉਮੀਦ ਹੈ ਕਿ ਕੋਈ ਰਾਹ ਲੱਭ ਕੇ ਸਾਡਾ ਇਹ ਕੰਮ ਕਰਨਗੇ ਕਿਉਂਕਿ ਸਾਡੇ ਕੋਲ ਬਹੁਤ ਸਾਰੀ ਸ਼ਾਮਲਾਟ ਦੀ ਜ਼ਮੀਨ ਪਈ ਹੈ, ਲਾਲੜੂ ਪੰਚਾਇਤੀ ਲੈਂਡ ਬਹੁਤ ਪਈ ਹੈ। ਇਹ ਜਿੰਨੀ ਕਹਿਣਗੇ ਉਨੀ ਜਗ੍ਹਾ ਦਿਵਾ ਦਿਆਂਗੇ। ਸਾਡੇ ਬੱਚੇ ਮੋਹਾਲੀ ਖੇਡਣ ਆਉਂਦੇ ਹਨ, ਲਾਲੜੂ ਵਿੱਚ ਇਸ ਦਾ ਕੋਈ ਨਾ ਕੋਈ ਹੱਲ ਕੱਢ ਕੇ ਦਿੱਤਾ ਜਾਵੇ। ਧੰਨਵਾਦ ਜੀ।

**ਮੰਤਰੀ** : ਸਰ, ਮਾਣਯੋਗ ਮੈਂਬਰ ਸਾਹਿਬ ਨੇ ਰਾਹ ਕੱਢਣ ਦੀ ਗੱਲ ਕੀਤੀ ਹੈ, ਅਸੀਂ ਇਸੇ ਗਰਾਊਂਡ ਦਾ ਰਾਹ ਲੱਭ ਲੈਂਦੇ ਹਾਂ ਕਿਉਂਕਿ ਅਸੀਂ ਬਜਟ ਵਿੱਚ ਸਪੋਰਟਸ ਨਰਸਰੀਆਂ ਬਾਰੇ ਪ੍ਰੋਵੀਜ਼ਨ ਰੱਖੀ ਹੈ, ਵੈਸੇ 1000 ਖੇਡ ਨਰਸਰੀਆਂ ਦੀ ਤਜਵੀਜ਼ ਹੈ। ਪਹਿਲੇ ਫੇਜ਼ ਵਿੱਚ 250 ਨਰਸਰੀਆਂ ਬਣਨੀਆਂ ਹਨ। ਹਰ ਹਲਕੇ ਵਿੱਚ ਦੋ ਜਾਂ ਤਿੰਨ ਖੇਡ ਨਰਸਰੀਆਂ ਬਣਨੀਆਂ ਹਨ। ਸੋ, ਸਾਨੂੰ ਸਕੂਲ ਡਿਪਾਰਟਮੈਂਟ ਐਨ.ਓ.ਸੀ. ਦੇ ਦੇਵੇ। ਅਸੀਂ ਇੱਥੇ ਸਪੋਰਟਸ ਨਰਸਰੀ ਬਣਾ ਦਿਆਂਗੇ। ਇਸ ਨੂੰ ਅਪਗ੍ਰੇਡ ਵੀ ਕਰ ਦਿਆਂਗੇ ਅਤੇ ਇੱਕ ਪੱਕਾ ਕੋਚ ਵੀ ਇੱਥੇ ਲਗਾ ਦੇਵਾਂਗੇ ਤੇ ਉੱਥੇ ਡੇਲੀ 60 ਬੱਚਿਆਂ ਦੀ ਡਾਈਟ ਵੀ ਦਿੱਤੀ ਜਾਵੇਗੀ। (ਥੰਪਿੰਗ)

**ਮਾਣਯੋਗ ਸਪੀਕਰ** : ਕਿਆ ਬਾਤ ਹੈ, ਅੱਜ ਤਾਂ ਬੜੇ ਮਿਹਰਬਾਨ ਹੋਏ ਹੋ।

**ਸਰਦਾਰ ਕੁਲਜੀਤ ਸਿੰਘ ਰੰਧਾਵਾ** : ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਜੀ ਦਾ ਧੰਨਵਾਦ ਕਰਦਾ ਹਾਂ। ਵੈਸੇ ਮੈਂ ਇਹੀ ਅਪਗ੍ਰੇਡ ਕਰਵਾਉਣਾ ਸੀ, ਮੈਨੂੰ ਲੱਗਦਾ ਸੀ ਕਿ ਇਹੀ ਹੋਵੇਗਾ। ਇਹ ਬਹੁਤ ਵੱਡਾ ਸਟੇਡੀਅਮ ਹੈ,

ਮੰਤਰੀ ਸਾਹਿਬ ਹੋਰ ਜਗ੍ਹਾ ਤੁਸੀਂ ਕਾਫੀ ਵੱਡੇ ਵੱਡੇ ਗੱਫੇ ਦਿੱਤੇ ਹਨ, ਸੰਗਰੂਰ ਨੂੰ ਵੀ ਦਿੱਤੇ ਹਨ, ਸਾਨੂੰ ਬੜੀ ਖੁਸ਼ੀ ਹੈ। ਡੇਰਾਬੱਸੀ, ਮੇਰੇ ਵਾਲਾ ਇਲਾਕਾ ਬਿਲਕੁਲ ਪੁਆਧ ਵਾਲਾ ਹੈ, ਉੱਧਰ ਕਨੀ ਮਾੜਾ ਮੋਟਾ ਧਿਆਨ ਕਰ ਲੀਓ। ਵੋਟਾਂ ਬਹੁਤ ਪਾਵਾ ਜੀ, ਆਈ ਵਾਰ। ਥੋੜ੍ਹਾ ਜਾ ਧਿਆਨ ਕਰ ਲੀਓ, ਸਟੇਡੀਅਮ ਕੀ ਬਹੁਤ ਲੋੜ ਆ ਵਹਾਂ।

**1435/Rajneet Kaur/BS khokhar**
**1440/Kuldeep kaur**

(ਇਸ ਸਮੇਂ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ, ਮੈਂਬਰ, ਸ਼੍ਰੋਮਣੀ ਅਕਾਲੀ ਦਲ ਆਪਣੀ ਸੀਟ ਤੇ ਖੜ੍ਹੇ ਬੋਲਣ ਲਈ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ:** ਸਾਰੇ ਪ੍ਰਸ਼ਨ ਹੋ ਜਾਣ ਦਿਓ ਜੀ। ਜ਼ੀਰੋ ਆਵਰ ਵਿੱਚ ਬੋਲ ਲੈਣਾ। ਅਜੀਤਪਾਲ ਸਿੰਘ ਕੋਹਲੀ ਜੀ।

**ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ:** ਸਰ, ਮੈਂ ਜਵਾਬ ਦੇਣ ਨੂੰ ਤਿਆਰ ਹਾਂ।

**ਮਾਣਯੋਗ ਸਪੀਕਰ:** ਚਲੋ, ਕੋਹਲੀ ਸਾਹਿਬ ਬੈਠੋ ਜੀ। ਮੀਆਂ ਬੀਬੀ ਰਾਜ਼ੀ ਤੋਂ ਕਿਆ ਕਰੇਗਾ ਕਾਜ਼ੀ। (ਹਾਸਾ) ਸੁੱਖੀ ਜੀ, ਬੋਲੋ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਧੰਨਵਾਦ ਸਪੀਕਰ ਸਾਹਿਬ। ਸਰ, ਅਸੀਂ ਤਾਂ ਤੁਹਾਡੇ ਹੀ ਗੁਣ ਗਾਉਣੇ ਹਨ। ਸਰ, 2016 ਵਿੱਚ ਜਦੋਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਰਕਾਰ ਸੀ ਤਾਂ ਉਸ ਸਮੇਂ ਬੰਗਾ ਸ਼ਹਿਰ ਵਿੱਚ ਸਟੇਡੀਅਮ ਬਣਾਉਣ ਲਈ 87.45 ਲੱਖ ਦੀ ਰਕਮ ਰਿਲੀਜ਼ ਹੋਈ ਸੀ। ਉਸ ਸਮੇਂ ਦੇ ਐਮ.ਪੀ. ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਜੀ ਨੇ ਵੀ 5 ਲੱਖ ਰੁਪਏ ਦਿੱਤੇ ਸੀ। ਉਹ ਸਟੇਡੀਅਮ ਬਣਨਾ ਸ਼ੁਰੂ ਹੋ ਗਿਆ ਸੀ। ਅਗਲੇ ਸਾਲ ਹੀ ਕਾਂਗਰਸ ਪਾਰਟੀ ਦੀ ਸਰਕਾਰ ਆ ਗਈ ਸੀ। ਉੱਥੇ ਕੋਈ 40-45 ਲੱਖ ਰੁਪਏ ਦਾ ਕੰਮ ਹੋਇਆ ਸੀ ਅਤੇ ਠੇਕੇਦਾਰ ਭੱਜ ਗਿਆ ਸੀ। ਉਸ ਤੋਂ ਬਾਅਦ ਸਟੇਡੀਅਮ ਦਾ ਕੰਮ ਉੱਥੇ ਹੀ ਰਹਿ ਗਿਆ ਸੀ। ਇਸ ਦੀ ਇਨਕੁਆਇਰੀ ਵੀ ਸ਼ੁਰੂ ਹੋਈ ਸੀ। ਉਸ ਨੇ ਸਟੇਡੀਅਮ ਦਾ ਕੰਮ ਕੰਪਲੀਟ ਨਹੀਂ ਕੀਤਾ ਅਤੇ ਨਾ ਹੀ ਪੂਰੇ ਪੈਸੇ ਲੱਗੇ। ਠੇਕੇਦਾਰ ਸਰਕਾਰ ਦਾ 40-45 ਲੱਖ ਰੁਪਿਆ ਲੈ ਕੇ ਭੱਜ ਗਿਆ। ਮੈਂ ਮੰਤਰੀ ਸਾਹਿਬ ਤੋਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਇਸ ਤਰ੍ਹਾਂ ਦਾ ਕਾਨੂੰਨ ਹੈ ਕਿ ਜਿਹੜੇ ਲੋਕ ਸਰਕਾਰੀ ਪੈਸਾ ਲੈ ਕੇ ਭੱਜ ਜਾਂਦੇ ਹਨ, ਉਨ੍ਹਾਂ ਤੇ ਕੋਈ ਕਾਰਵਾਈ ਕੀਤੀ ਜਾਵੇ। ਸਰਕਾਰਾਂ ਬਦਲਦੀਆਂ ਰਹਿੰਦੀਆਂ ਹਨ ਪਰ ਉਹ ਜਿਹੜਾ ਲੋਕਾਂ ਦਾ 40-45 ਲੱਖ ਰੁਪਏ ਲੈ ਕੇ ਭੱਜ ਗਿਆ ਕੀ ਉਸ ਦੀ ਰਿਕਵਰੀ ਲਈ ਸਰਕਾਰ ਕੋਈ ਯਤਨ ਕਰ ਸਕਦੀ ਹੈ ਤਾਂ ਜੋ ਲੋਕਾਂ ਦਾ ਪੈਸਾ ਵਾਪਸ ਮੁੜ ਸਕੇ। ਬੰਗਾ ਸ਼ਹਿਰ ਵਿੱਚ ਉਸ ਸਟੇਡੀਅਮ ਦਾ ਕੰਮ ਵੀ ਹੋ ਸਕੇ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਵੈਸੇ ਸਵਾਲ ਵੱਖਰਾ ਬਣਦਾ ਹੈ, ਜੇ ਮੰਤਰੀ ਜੀ ਜਵਾਬ ਦੇਣਾ ਚਾਹੁੰਦੇ ਹਨ ਤਾਂ ਦੇ ਸਕਦੇ ਹਨ।

**ਮੰਤਰੀ:** ਸਰ, ਸਵਾਲ ਤਾਂ ਵੱਖਰਾ ਬਣਦਾ ਹੈ ਪਰ ਜੇ ਕੋਈ ਠੇਕੇਦਾਰ ਕੰਮ ਪੂਰਾ ਨਹੀਂ ਕਰਦਾ ਅਤੇ ਉਸ ਦੇ ਕੰਮ ਵਿੱਚ ਕੋਈ ਕਮੀ-ਪੇਸ਼ੀ ਹੈ ਤਾਂ ਸਰਕਾਰ ਉਸ ਨੂੰ ਬਲੈਕ ਲਿਸਟ ਕਰ ਦਿੰਦੀ ਹੈ। ਮੈਂ 100% sure ਹਾਂ ਕਿ ਉਸ ਠੇਕੇਦਾਰ ਨੂੰ ਵੀ

ਜ਼ਰੂਰ ਬਲੈਕ ਲਿਸਟ ਕਰ ਦਿੱਤਾ ਗਿਆ ਹੋਵੇਗਾ। ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸਰਕਾਰ ਵੱਲੋਂ ਵੱਡੇ-ਵੱਡੇ ਸਟੇਡੀਅਮ ਬਣਾਉਣ ਨਾਲੋਂ ਗਰਾਊਂਡ ਬਣਾਉਣ ਨੂੰ ਮੁੱਖ ਤਰਜੀਹ ਦਿੱਤੀ ਗਈ ਹੈ। ਸਰ, ਕਈ ਜਗ੍ਹਾ ਤੇ ਬਹੁਤ ਵੱਡੀਆਂ-ਵੱਡੀਆਂ ਪੌੜੀਆਂ ਅਤੇ ਕਮਰੇ ਬਣ ਜਾਂਦੇ ਹਨ ਪਰ ਜਿੱਥੇ ਖੇਡਣ ਲਈ ਬੱਚਿਆਂ ਨੂੰ ਗਰਾਊਂਡ ਚਾਹੀਦਾ ਹੈ, ਉਹ ਕੰਮ ਵਿੱਚ ਹੀ ਰਹਿ ਜਾਂਦਾ ਹੈ। ਸਰਕਾਰ ਦੀ ਮੇਨ ਪ੍ਰਾਇਰਟੀ ਗਰਊਂਡ ਦੀ ਹੈ। ਜੇਕਰ ਗਰਾਊਂਡ ਵਿੱਚ ਕੋਈ ਕਮੀ-ਪੇਸ਼ੀ ਹੈ ਜਾਂ ਗਰਾਊਂਡ ਨੂੰ ਅਪਗ੍ਰੇਡ ਕਰਨਾ ਹੈ ਤਾਂ ਮੈਂਬਰ ਸਾਹਿਬ ਮੈਨੂੰ ਆ ਕੇ ਮਿਲ ਲੈਣ, ਉਸ ਲਈ ਅਸੀਂ ਜ਼ਰੂਰ ਪੈਸੇ ਦੇ ਦੇਵਾਂਗੇ।

**ਮਾਣਯੋਗ ਸਪੀਕਰ:** ਥੈਂਕ ਯੂ ਜੀ। ਅਮਲੋਕ ਜੀ, ਆਪਾਂ ਅੱਗੇ ਚੱਲੀਏ। ਜੇ ਕੋਈ ਜ਼ਰੂਰੀ ਗੱਲ ਹੈ ਤਾਂ ਕਰ ਲਵੋ।

**ਸ੍ਰੀ ਅਮਲੋਕ ਸਿੰਘ:** ਧੰਨਵਾਦ ਸਪੀਕਰ ਸਾਹਿਬ। ਗਰਾਊਂਡ ਦੀ ਗੱਲ ਕੀਤੀ ਹੈ ਜੀ। ਮੈਂ ਵੀ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਜੈਤੋਂ ਹਲਕੇ ਦੇ ਲੋਕ ਕਹਿੰਦੇ ਹਨ ਕਿ ਮੰਤਰੀ ਸਾਹਿਬ ਤਾਂ ਕਾਲਜ ਵਿੱਚ ਤੇਰੇ ਨਾਲ ਪੜ੍ਹੇ ਹਨ ਤੂੰ ਇੱਕ ਗਰਾਊਂਡ ਤਾਂ ਠੀਕ ਕਰਵਾ ਲੈ। ਸਾਡੇ ਜੈਤੋਂ ਵਾਲਾ ਗਰਾਊਂਡ ਹੈ ਜੀ ਉਸ ਦੀ ਪ੍ਰਪੋਜ਼ਲ ਕਈ ਵਾਰ ਭੇਜੀ ਹੈ ਤੁਹਾਨੂੰ। ਉਸ ਵੱਲ ਵੀ ਧਿਆਨ ਦੇਵੋ ਜੀ।

**ਮਾਣਯੋਗ ਸਪੀਕਰ:** ਮੰਤਰੀ ਜੀ, ਧਿਆਨ ਦੇ ਦੇਵੋ ਜੀ।

**ਮੰਤਰੀ:** ਮੈਂ ਇਨ੍ਹਾਂ ਨੂੰ ਕਮਿਟਮੈਂਟ ਕੀਤੀ ਹੋਈ ਹੈ ਜੀ।

--------

**ਸਰਕਾਰੀ ਕੋਠੀਆਂ ਵਿੱਚ ਰਹਿ ਰਹੇ ਨਜਾਇਜ਼ ਵਿਅਕਤੀਆਂ ਖਿਲਾਫ ਕਾਰਵਾਈ ਕਰਨਾ**

***1068. ਸਰਦਾਰ ਅਜੀਤਪਾਲ ਸਿੰਘ ਕੋਹਲੀ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

ੳ) ਕੀ ਇਹ ਠੀਕ ਹੈ ਕਿ ਪਟਿਆਲਾ ਸ਼ਹਿਰ ਵਿੱਚ ਸਰਕਾਰੀ ਕੋਠੀਆਂ ਵਿੱਚ ਅਲਾਟਿਡ ਵਿਅਕਤੀਆਂ ਦੀ ਜਗ੍ਹਾ ਨਜਾਇਜ਼ ਵਿਅਕਤੀ ਰਹਿ ਰਹੇ ਹਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਸਰਕਾਰ ਨੇ ਇਸ ਬਾਰੇ ਕੋਈ ਇਨਕੁਆਰੀ ਕਰਕੇ ਇਹ ਕੋਠੀਆਂ ਨਜਾਇਜ਼ ਵਿਅਕਤੀਆਂ ਤੋਂ ਖਾਲੀ ਕਰਵਾਈਆਂ ਹਨ ਅਤੇ ਕੀ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਕੀਤੀ ਹੈ;

(ੲ) ਕੀ ਸਰਕਾਰ ਇਸ ਤਰ੍ਹਾਂ ਦਾ ਮਕੈਨੇਜ਼ਿਮ ਬਣਾਏਗੀ ਕਿ ਇਨ੍ਹਾਂ ਕੋਠੀਆਂ ਦੀ ਕੁਝ ਸਮੇਂ ਦੇ ਅੰਤਰਾਲ ਉਪਰੰਤ ਚੈਕਿੰਗ ਕਰਕੇ ਇਨ੍ਹਾਂ ਤੇ ਪਰਾਪਰ ਨਜ਼ਰ ਰੱਖੀ ਜਾਵੇ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਭਜਨ ਸਿੰਘ:** (ੳ)ਮਾਣਯੋਗ ਸਪੀਕਰ ਸਾਹਿਬ, ਇਸ ਸਮੇਂ ਲੋਕ ਨਿਰਮਾਣ ਵਿਭਾਗ ਅਧੀਨ ਸਰਕਾਰੀ ਕੋਠੀਆਂ ਵਿੱਚ 10 ਅਲਾਟੀ ਆਪਣੀ ਮਿਆਦ ਤੋਂ ਵੱਧ ਸਮੇਂ ਰਹਿਣ ਕਾਰਨ ਨਜਾਇਜ਼ ਤੌਰ ਤੇ ਰਹਿ ਰਹੇ ਹਨ ਜਿਨ੍ਹਾਂ ਵਿਰੁੱਧ ਬਣਦੀ ਪ੍ਰਸ਼ਾਸਨਿਕ ਕਾਰਵਾਈ ਕੀਤੀ ਜਾ ਰਹੀ ਹੈ।

**ਮਾਣਯੋਗ ਸਪੀਕਰ:** ਇਹ ਕਿਹੜੇ-ਕਿਹੜੇ ਮਹਾਂਪੁਰਸ਼ ਹਨ? ਦੱਸਿਓ ਤਾਂ ਸਹੀ ਪਤਾ ਲੱਗ ਜਾਵੇ।

**ਮੰਤਰੀ:** ਦੇਖੋ ਜੀ ਜਿਨ੍ਹਾਂ ਦੇ ਟਾਈਮ ਲੰਘ ਜਾਂਦੇ ਹਨ ਜਾਂ ਟਰਾਂਸਫਰ ਹੋ ਜਾਂਦੀ ਹੈ ਜਾਂ ਰਿਟਾਇਰ ਹੋ ਜਾਂਦੇ ਹਨ ਉਸ ਤੋਂ ਬਾਅਦ ਛੱਡਦੇ ਨਹੀਂ। ਵੈਸੇ ਤਾਂ ਇਹ ਸਰਕਾਰ ਵਿੱਚ ਇਹ ਕੰਮ ਸ਼ੁਰੂ ਹੋਇਆ ਸੀ ਤੇ ਮੁਲਾਜ਼ਮਾਂ ਤੱਕ ਵੀ ਪਹੁੰਚ ਗਿਆ ਹੈ। ਸਰਕਾਰ ਦੇ ਮੰਤਰੀ, ਐਮ.ਐਲ.ਏ. ਅਤੇ ਅਧਿਕਾਰੀਆਂ ਤੋਂ ਇਹ ਕੰਮ ਸ਼ੁਰੂ ਹੋਇਆ ਸੀ। ਮੈਂ ਸਮਝਦਾ ਹਾਂ ਕਿ ਇਹ ਟਰੈਂਡ ਉੱਥੋਂ ਹੀ ਇੱਧਰ ਨੂੰ ਸ਼ੁਰੂ ਹੋਇਆ ਹੈ।

(ਅ) ਅਚਨਚੇਤ ਚੈਕਿੰਗ ਕਰਨ ਅਤੇ ਅਲਾਟੀ ਅਧਿਕਾਰੀਆਂ/ਕਰਮਚਾਰੀਆਂ ਦੇ ਦਫਤਰਾਂ ਤੋਂ ਸੂਚਨਾ ਪ੍ਰਾਪਤ ਹੋਣ ਉਪਰੰਤ ਨਜਾਇਜ਼ ਵਿਅਕਤੀਆਂ ਤੋਂ ਰਿਹਾਇਸ਼ਾਂ ਖਾਲੀ ਕਰਵਾਉਣ ਦੀ ਕਾਰਵਾਈ ਪੰਜਾਬ ਪਬਲਿਕ ਪਰਮਿਸਜ਼ ਐਂਡ ਲੈਂਡ (ਐਵਿਕਸ਼ਨ ਐਂਡ ਰੈਂਟ ਰਿਕਵਰੀ) ਐਕਟ, 1973 ਦੀ ਧਾਰਾ 4 ਅਤੇ 5 ਅਧੀਨ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਦੀ ਗਈ ਹੈ।

(ੲ) ਪਟਿਆਲਾ ਵਿਖੇ ਸਰਕਾਰੀ ਰਿਹਾਇਸ਼ਾਂ ਦਾ ਸਮੇਂ-ਸਮੇਂ ਤੇ ਅਚਨਚੇਤ ਸਰਵੇ ਕਰਵਾਇਆ ਜਾਂਦਾ ਹੈ। ਜਿਸ ਉਪਰੰਤ ਜੇ ਕਿਸੇ ਵੀ ਤਰ੍ਹਾਂ ਦਾ ਕੋਈ ਨਜਾਇਜ਼ ਕਬਜ਼ਾ ਪਾਇਆ ਜਾਂਦਾ ਹੈ ਤਾਂ ਉਸ ਮੁਤਾਬਿਕ ਪੰਜਾਬ ਪਬਲਿਕ ਪਰਮਿਸ਼ਜ਼ ਐਂਡ ਲੈਂਡ (ਐਵਿਕਸ਼ਨ ਐਂਡ ਰੈਂਟ ਰਿਕਵਰੀ) ਐਕਟ, 1973 ਦੀ ਧਾਰਾ 4 ਅਤੇ 5 ਅਧੀਨ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ। ਪਿਛਲੇ ਇੱਕ ਵਰ੍ਹੇ ਦੌਰਾਨ 9 ਅਜਿਹੇ ਕੇਸਾਂ ਵਿੱਚ ਕਾਰਵਾਈ ਪ੍ਰਗਤੀ ਅਧੀਨ ਹੈ ਅਤੇ 1 ਐਵਿਕਸ਼ਨ ਨੋਟਿਸ ਵੀ ਜਾਰੀ ਕੀਤਾ ਗਿਆ ਹੈ।

**ਰਾਣਾ ਗੁਰਜੀਤ ਸਿੰਘ (ਬੈਠੇ-ਬੈਠੇ):** ਸਪੀਕਰ ਸਾਹਿਬ ਨੇ ਨਾਂ ਪੁੱਛਿਆ ਹੈ ਜੀ।

**ਮੰਤਰੀ:** ਚਲੋ, ਹੁਣ ਮੈਂਬਰ ਸਾਹਿਬ ਨੇ ਗੱਲ ਕਰ ਹੀ ਦਿੱਤੀ ਹੈ ਤਾਂ ਮੈਂ ਜਿਹੜੇ ਮੁਲਾਜ਼ਮ ਸਰਕਾਰੀ ਕੋਠੀਆਂ ਵਿੱਚ ਨਜਾਇਜ਼ ਰਹਿ ਰਹੇ ਹਨ, ਉਨ੍ਹਾਂ ਦੀ ਡਿਟੇਲ ਬਾਅਦ ਵਿੱਚ ਦੇ ਦੇਵਾਂਗਾ। ਮੈਂ ਇੱਕ ਗੱਲ ਜ਼ਰੂਰ ਕਰਾਂਗਾ ਕਿ ਕੋਠੀ ਨੰਬਰ 47, ਸੈਕਟਰ 2 ਵਿੱਚ ਸਰਦਾਰ ਮਨਪ੍ਰੀਤ ਸਿੰਘ ਬਾਦਲ ਸਾਹਿਬ ਕੋਲ ਸੀ।

**1440/Kuldeep kaur/Rajneesh kumar**
**1445/Pawan sharma**

ਉਨ੍ਹਾਂ ਨੂੰ ਬਕਾਇਦਾ ਚਿੱਠੀਆਂ ਕੱਢੀਆਂ ਗਈਆਂ ਸਨ। ਜਿਸ ਦਿਨ ਉਹ ਕੋਠੀ ਛੱਡ ਕੇ ਗਏ ਸਨ ਤਾਂ ਕੋਠੀ ਵਿੱਚ ਡਾਈਨਿੰਗ ਟੇਬਲ, 10 ਡਾਈਨਿੰਗ ਚੇਅਰ, 1 ਸਰਵਿਸ ਟਰਾਲੀ ਅਤੇ ਇੱਕ ਰਿਕਲਾਈਨਰ ਸੋਫਾ ਨਹੀਂ ਸੀ। ਠੀਕ ਹੈ ਜੀ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਬਾਜਵਾ ਸਾਹਿਬ ਕੁਝ ਕਹਿਣਾ ਚਾਹੁੰਦੇ ਹੋ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਹਰਭਜਨ ਸਿੰਘ ਜੀ, ਇੰਨੀਆਂ ਚਿੱਠੀਆਂ ਨਾ ਲਿਖਿਆ ਕਰੋ, ਕੱਲ੍ਹ ਉਨ੍ਹਾਂ ਵਿਚਾਰਿਆਂ ਨੂੰ ਮਾਈਨਰ ਹਾਰਟ ਅਟੈਕ ਆ ਗਿਆ ਸੀ। ਘੱਟ ਤੋਂ ਘੱਟ ਇਹ ਕੰਮ ਨਾ ਕਰੋ। ਇੰਨੀਆਂ ਸਖਤ ਚਿੱਠੀਆਂ ਲਿਖਦੇ ਹੋ। ਉਹ ਵਿਚਾਰੇ ਬਠਿੰਡੇ ਪਏ ਹਨ ਤੇ ਤੁਸੀਂ ਟੀ.ਵੀ. ਤੇ ਉਨ੍ਹਾਂ ਦੀ ਖਬਰਾਂ ਲਗਾ ਰਹੇ ਹੋ।

**ਮੰਤਰੀ**: ਮੈਂ ਬਿਲਕੁਲ ਨਹੀਂ ਦੱਸਣਾ ਚਾਹੁੰਦਾ ਸੀ। ਸਾਹਮਣੇ ਤੋਂ ਮੈਂਬਰ ਸਾਹਿਬ ਨੇ ਪੁੱਛਿਆ ਹੈ। ਇਸ ਲਈ ਮੈਨੂੰ ਦੱਸਣਾ ਪਿਆ। ਮੈਂ ਦੱਸਣਾ ਨਹੀਂ ਚਾਹੁੰਦਾ ਸੀ। ਉਨ੍ਹਾਂ ਨੇ ਸਵਾਲ ਪੁੱਛਿਆ ਹੈ ਤਾਂ ਕਰਕੇ ਮੈਂ ਜਵਾਬ ਦਿੱਤਾ ਹੈ।

**ਮਾਣਯੋਗ ਸਪੀਕਰ**: ਜੀ ਕੋਹਲੀ ਸਾਹਿਬ।

**ਸਰਦਾਰ ਅਜੀਤਪਾਲ ਸਿੰਘ ਕੋਹਲੀ**: ਧੰਨਵਾਦ ਮੰਤਰੀ ਜੀ, ਤੁਹਾਡਾ ਜਵਾਬ ਬਹੁਤ elaborate ਸੀ। ਪਰੰਤੂ ਸਰ ਪਟਿਆਲਾ ਸ਼ਹਿਰ ਵਿੱਚ ਵੱਡੀਆਂ ਕੋਠੀਆਂ ਏ ਟਾਈਪ ਤੋਂ ਲੈ ਕੇ ਕੁਆਰਟਰਜ਼ ਟਾਈਪ ਬੀ ਤੱਕ 724 ਰਿਹਾਇਸ਼ੀ ਮਕਾਨ ਹਨ। ਅਫਸਰ ਜਲੰਧਰ ਜਾਂ ਲੁਧਿਆਣਾ ਲੱਗਿਆ ਹੋਇਆ ਹੈ, ਕੋਠੀ ਪਟਿਆਲੇ ਵਿੱਚ ਹੈ ਪਰ ਉਸ ਵਿੱਚ ਘੱਗੇ ਪਾਤੜਾਂ ਦਾ ਕੋਈ ਬਿਜ਼ਨਸਮੈਨ ਰਹਿ ਰਿਹਾ ਹੈ। ਕਿਤੇ ਕਿਸੇ ਹੋਰ ਨਾਂਅ ਤੇ ਕੋਠੀ ਹੈ, ਪਰ ਉੱਥੇ ਪੁਰਾਣੇ occupants ਹੀ ਰਹਿ ਰਹੇ ਹਨ। ਬੜੇ Nobel ਤਰੀਕਿਆਂ ਦੇ ਨਾਲ ਰਸਤੇ ਲੱਭੇ ਹੋਏ ਹਨ, ਜਿਸ ਕਰਕੇ occupants ਉੱਥੇ permanently squat ਕਰ ਰਹੇ ਹਨ। ਸਰ, ਮੇਰੀ ਇੱਕ ਬੇਨਤੀ ਹੈ ਕਿ ਜਿਵੇਂ ਤੁਸੀਂ ਦੱਸਿਆ ਹੈ ਕਿ ਅਚਨਚੇਤ ਚੈਕਿੰਗ ਹੁੰਦੀ ਹੈ but without the connivance of local staff, ਇਹ ਮੁਮਕਿਨ ਨਹੀਂ ਹੈ ਕਿ ਕੋਈ ਇਲੀਗਲ ਬੰਦਾ ਉੱਥੇ ਰਹਿ ਸਕਦਾ ਹੈ। ਪਰਮਾਤਮਾ ਨਾ ਕਰੇ ਕਿ ਕੱਲ੍ਹ ਨੂੰ ਉੱਥੇ ਕੋਈ unwarranted or unscrupulous elements ਰਹਿ ਜਾਵੇ ਅਤੇ ਨੁਕਸਾਨ ਕਰ ਜਾਵੇ ਤਾਂ ਉਸ ਦਾ ਵੀ ਸਾਨੂੰ ਧਿਆਨ ਰੱਖਦੇ ਹੋਏ ਚੰਡੀਗੜ੍ਹ ਹੈੱਡਕੁਆਟਰ ਤੋਂ ਹੀ ਟੀਮ ਬਣਾਉਣੀ ਚਾਹੀਦੀ ਹੈ, flying squad ਬਣਾਉਣਾ ਚਾਹੀਦਾ ਹੈ ਔਰ ਇਸ ਨੂੰ ਰੈਗੂਲਰਲੀ ਮਾਨੀਟਰ ਕਰਨ ਦੀ ਲੋੜ ਹੈ। ਕੀ ਮੰਤਰੀ ਜੀ ਦੱਸਣਗੇ ਕਿ ਇਸ ਤਰ੍ਹਾਂ ਦਾ flying squad ਬਣਾ ਕੇ ਚੈਕਿੰਗ periodically ਕਰਦੇ ਰਹੋਗ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਪਟਿਆਲਾ ਵਿਖੇ ਸਰਕਾਰੀ ਰਿਹਾਇਸ਼ਾਂ ਦਾ ਸਮੇਂ ਸਮੇਂ ਤੇ ਅਚਨਚੇਤ ਸਰਵੇ ਪਹਿਲਾਂ ਹੀ ਕਰਵਾਇਆ ਜਾ ਰਿਹਾ ਹੈ। ਜੇ ਮੈਂਬਰ ਸਾਹਿਬ ਦੇ ਧਿਆਨ ਵਿੱਚ ਕੋਈ ਇਹੋ ਜਿਹੀ ਗੱਲ ਹੈ ਜਾਂ ਇਨ੍ਹਾਂ ਕੋਲ ਕੋਈ ਲਿਸਟ ਹੈ ਤਾਂ ਉਹ ਮੈਨੂੰ ਜ਼ਰੂਰ ਦੱਸ ਸਕਦੇ ਹਨ। illegal occupants ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।

**ਸਰਦਾਰ ਅਜੀਤਪਾਲ ਸਿੰਘ ਕੋਹਲੀ**: ਹਾਂ ਜੀ, ਇਹੋ ਜਿਹੀ ਲਿਸਟ ਮੇਰੇ ਕੋਲ ਹੈ। ਮੈਂ ਜ਼ਰੂਰ ਸ਼ੇਅਰ ਕਰਾਂਗਾ। ਕਈ ਸਰਕਾਰੀ ਕੋਠੀਆਂ ਇਹੋ ਜਿਹੀਆਂ ਹਨ, ਜਿਹੜੇ ਰਹਿ ਆਪਣੇ ਘਰ ਰਹੇ ਹਨ ਪਰ ਸਰਕਾਰੀ ਕੋਠੀ ਆਪਣੇ ਨਾਂਅ ਤੇ ਅਲਾਟ ਕਰਵਾ ਕੇ ਅੱਗੇ ਕਿਸੇ ਨੂੰ sublet ਕੀਤੀ ਹੋਈ ਹੈ। So, we will share the details with the Hon'ble Minsiter.

**ਮਾਣਯੋਗ ਸਪੀਕਰ**: ਹਾਂ ਜੀ ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ ਬਹੁਤ valid ਅਤੇ ਵਧੀਆ ਸਵਾਲ ਸਾਡੇ ਨੌਜਵਾਨ ਵੀਰ ਨੇ ਕੀਤਾ ਹੈ। ਮੈਂ ਸਮਝਦਾ ਹਾਂ ਕਿ ਪੀ.ਡਬਲਊ.ਡੀ. ਮਨਿਸਟਰ ਰੂਲਜ਼ ਅਤੇ ਰੈਗੂਲੇਸ਼ਨਜ਼/ਗਾਈਡਲਾਈਨਜ਼ ਪ੍ਰੋਵਾਈਡ ਕਰਨ। ਜਿਹੜੀ ਉਨ੍ਹਾਂ ਨੇ ਕਮੇਟੀ ਬਣਾਉਣ ਦੀ ਗੱਲ ਕੀਤੀ ਹੈ, ਉਸ ਨੂੰ ਜ਼ਰੂਰ form ਕਰੋ ਤੇ ਚੰਡੀਗੜ੍ਹ ਤੋਂ ਹੀ ਕੰਮ ਸ਼ੁਰੂ ਕਰੀਏ। ਮੇਰੇ ਕੋਲ ਇੱਕ ਲਿਸਟ ਹੈ। ਸਰ, ਇੱਕ ਕੋਠੀ ਨੰ: 11 ਸੈਕਟਰ-7 ਵਿਖੇ ਹੈ। ਇੱਕ ਇਸ ਕਿਸਮ ਦੇ ਬੰਦੇ ਨੂੰ ਉਹ ਕੋਠੀ ਦਿੱਤੀ ਗਈ, ਜਿਹੜੀ ਕੈਬਨਿਟ ਮਨਿਸਟਰ (only entitlement of Cabinet Minister) ਨੂੰ ਅਲਾਟ ਹੁੰਦੀ ਹੈ. He is working as OSD in one of the top offices. Secondly, ਕੋਠੀ ਨੰ: 664 ਕੋਠੀ ਨੰ: 665, ਕੋਠੀ ਨੰ: 927 ਅਤੇ ਕੋਠੀ ਨੰ: 930, ਸੈਕਟਰ-39 ਵਿਖੇ ਹੈ। ਇਹ ਚਾਰੋ ਕੋਠੀਆਂ ਕੈਬਨਿਟ ਮਨਿਸਟਰ ਦੀਆਂ ਹਨ।

**ਮਾਣਯੋਗ ਸਪੀਕਰ**: ਬੈਠੋ ਤੁਸੀਂ। ਬੈਠੋ। ਜਿਨ੍ਹਾਂ ਕੋਠੀਆਂ ਦੇ ਨੰਬਰ ਦੱਸੇ ਹਨ, ਕੀ ਇਹ allottee ਹਨ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: Allottee ਹਨ but not allotted to the right persons. ਜਿਹੜਾ ਕਿ ਸੇਮ ਸਵਾਲ ਹੈ। ਬਿਲਕੁਲ ਅੱਛਾ ਹੈ। ਜੋ ਕੋਹਲੀ ਸਾਹਿਬ ਨੇ ਗੱਲ ਕਹੀ ਹੈ, ਮੈਂ ਵੀ ਉਹ ਹੀ ਕਹੀ ਹੈ। Rules and Regulations are meant even for the most powerful people. It is not only meant for the commoners. It is meant for the top. ਉਹ ਕਿਹਾ ਜਾਂਦਾ ਹੈ ਕਿ ਹਮੇਸ਼ਾ ਟਾਪ ਆਦਮੀ। ਸਾਡੇ ਵੇਲੇ ਮੁੱਖ ਮੰਤਰੀ ਅਮਰਿੰਦਰ ਜੀ ਕੋਲ ਦੋ ਕੋਠੀਆਂ ਸਨ, ਵੈਸੇ ਮੁੱਖ ਮੰਤਰੀ ਨੂੰ ਇੱਕ ਕੋਠੀ ਅਲਾਟ ਹੁੰਦੀ ਹੈ ਪਰ ਹੁਣ ਵਾਲਿਆਂ ਨੂੰ ਚਾਰ। ਸਰ, ਘੱਟ ਤੋਂ ਘੱਟ Guidelines and rules are same for every single person. ਉਹ ਹਮੇਸ਼ਾ ਕਹਿੰਦੇ ਹਨ ਕਿ Ceaser's wife should be above suspicion. ਪਹਿਲੇ Ceaser's wife ਤੋਂ ਕੰਮ ਸ਼ੁਰੂ ਕਰੀਏ ਅਤੇ ਥੱਲੇ ਵਾਲਿਆਂ ਨਾਲ ਬਾਅਦ ਵਿੱਚ ਗੱਲਬਾਤ ਕਰ ਲਵਾਂਗੇ। ਬਹੁਤ ਅੱਛੀ suggestion ਹੈ। I hope, ਈ.ਟੀ.ਓ. ਸਾਹਿਬ ਚੰਡੀਗੜ੍ਹ ਤੋਂ ਇਹ ਕੰਮ ਸ਼ੁਰੂ ਕਰਨਗੇ ਅਤੇ ਪਟਿਆਲੇ ਤੱਕ ਜ਼ਰੂਰ ਪਹੁੰਚਣਾ ਹੈ।

**1445/Pawan sharma/Rajneesh kumar**
**1450/Jaspal Singh**

**ਨਿਸ਼ਾਨ ਵਾਲਾ ਪ੍ਰਸ਼ਨ ਨੰ *1142**

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

**ਪਿੰਡ ਗਿੱਦੜਪਿੰਡੀ ਤੋਂ ਪਿੰਡ ਚੰਨਣਵਿੰਡੀ ਅਤੇ ਪਿੰਡ ਚੰਨਣਵਿੰਡੀ ਤੋਂ ਪਿੰਡ ਭਾਰੋਆਣਾ ਤੱਕ ਸੜਕ ਦੀ ਮੁਰੰਮਤ ਕਰਨਾ**

***1165. ਰਾਣਾ ਇੰਦਰ ਪ੍ਰਤਾਪ ਸਿੰਘ:** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਹਾਲ ਵਿੱਚ ਆਏ ਹੜ੍ਹਾਂ ਕਾਰਨ ਨਿਮਨਲਿਖਤ ਲਿੰਕ ਸੜਕਾਂ ਖਰਾਬ ਹੋ ਗਈਆਂ ਹਨ ਅਤੇ ਵਾਹਨਾਂ ਦੀ ਆਵਾਜਾਈ ਦੇ ਯੋਗ ਨਹੀ ਰਹੀਆਂ ਹਨ;

1)ਜਿਲ੍ਹਾ ਜਲੰਧਰ ਵਿੱਚ ਪੈਂਦੇ ਪਿੰਡ ਗਿੱਦੜਪਿੰਡੀ ਤੋਂ ਜਿਲ੍ਹਾ ਕਪੂਰਥਲਾ ਵਿੱਚ ਪੈਂਦੇ ਪਿੰਡ ਚੰਨਣਵਿੰਡੀ ਤੱਕ;

2)ਜਿਲ੍ਹਾ ਕਪੂਰਥਲਾ ਵਿੱਚ ਪਿੰਡ ਚੰਨਣਵਿੰਡੀ ਤੋਂ ਪਿੰਡ ਭਾਰੋਆਣਾ ਤੱਕ;

ਅ) ਉਪਰੋਕਤ ਭਾਗ (**ੳ**)ਵਿੱਚ ਵਰਣਿਤ ਲਿੰਕ ਸੜਕਾਂ ਦੀ ਮੁਰੰਮਤ ਕਰਨ ਲਈ ਚੁੱਕੇ ਜਾ ਰਹੇ ਕਦਮ ਕੀ ਹਨ ਅਤੇ ਇਸ ਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ**: ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੇ ਆਪਣੇ ਇਲਾਕੇ ਦੀਆਂ ਸੜਕਾਂ ਬਾਰੇ ਪੁੱਛਿਆ ਹੈ।

ੳ) ਜੀ ਹਾਂ, ਇਹ ਠੀਕ ਹੈ ਕਿ ਜਿਲ੍ਹਾ ਜਲੰਧਰ ਵਿੱਚ ਪੈਂਦੇ ਪਿੰਡ ਗਿੱਦੜਪਿੰਡੀ ਤੋਂ ਜਿਲ੍ਹਾ ਕਪੂਰਥਲਾ ਵਿੱਚ ਪੈਂਦੇ ਪਿੰਡ ਚੰਨਣਵਿੰਡੀ ਤੱਕ ਅਤੇ ਜਿਲ੍ਹਾ ਕਪੂਰਥਲਾ ਵਿੱਚ ਪਿੰਡ ਚੰਨਣਵਿੰਡੀ ਤੋਂ ਪਿੰਡ ਭਾਰੋਆਣਾ ਤੱਕ ਲਿੰਕ ਸੜਕਾਂ ਦੀ ਹਾਲਤ ਖਰਾਬ ਹੈ।

1) ਪਿੰਡ ਗਿੱਦੜਪਿੰਡੀ ਤੋਂ ਪਿੰਡ ਚੰਨਣਵਿੰਡੀ ਤੱਕ ਲਿੰਕ ਸੜਕ ਮੁਰੰਮਤ ਲਈ ਡਿਊ ਹੈ, ਪਰੰਤੂ ਭਾਰਤ ਸਰਕਾਰ ਪਾਸੋਂ ਰੂਰਲ ਡਿਵੈਲਪਮੈਂਟ ਫੰਡ (ਆਰ.ਡੀ.ਐਫ.) ਪ੍ਰਾਪਤ ਨਾ ਹੋਣ ਕਾਰਨ ਅਤੇ ਫੰਡਾਂ ਦੀ ਘਾਟ ਹੋਣ ਕਾਰਨ ਮੁਰੰਮਤ ਨਹੀਂ ਕੀਤੀ ਜਾ ਸਕੀ।

2) ਪਿੰਡ ਚੰਨਣਵਿੰਡੀ ਤੋਂ ਪਿੰਡ ਭਾਰੋਆਣਾ ਤੱਕ ਲਿੰਕ ਸੜਕ ਜੋ ਕਿ ਸਾਲ 2023 ਵਿੱਚ ਆਏ ਹੜ੍ਹਾਂ ਕਾਰਨ ਟੁੱਟ ਗਈ ਸੀ, ਦੀ ਮੁਰੰਮਤ ਕਰਾਉਣ ਲਈ ਆਪਦਾ ਪ੍ਰਬੰਧਨ ਵਿਭਾਗ, ਭਾਰਤ ਸਰਕਾਰ ਪਾਸੋਂ ਫੰਡਾਂ ਦੀ ਮੰਗ ਕੀਤੀ ਗਈ ਹੈ। ਫੰਡ ਪ੍ਰਾਪਤ ਹੋਣ ਤੇ ਇਸ ਲਿੰਕ ਸੜਕ ਦੀ ਮੁਰੰਮਤ ਕਰਵਾ ਦਿੱਤੀ ਜਾਵੇਗੀ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਪੀਕਰ ਸਾਹਿਬ, ਆਪਾਂ ਭਾਰਤ ਸਰਕਾਰ ਦੇ ਫੰਡਾਂ ਦੀ ਇੰਤਜ਼ਾਰ ਕਰ ਰਹੇ ਹਾਂ। ਇਨ੍ਹਾਂ ਲੋਕਾਂ ਦੀਆਂ ਫਸਲਾਂ ਵੀ ਖਰਾਬ ਹੋ ਗਈਆਂ, ਉਸ ਦੇ ਵੀ ਪੈਸੇ ਨਹੀਂ ਮਿਲੇ, ਸੜਕਾਂ ਵੱਲੋਂ ਵੀ ਜਾਂਦੇ ਰਹੇ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹੀ ਬੇਨਤੀ ਕਰਾਂਗਾ ਕਿ ਇਨ੍ਹਾਂ ਸੜਕਾਂ ਨੂੰ ਆਰ.ਡੀ.ਐਫ. ਨਾਲ ਲਿੰਕ ਨਾ ਕੀਤਾ ਜਾਵੇ ਤੇ ਇਨ੍ਹਾਂ ਲਈ ਆਪਣੇ ਬਜਟ ਵਿਚੋਂ ਕੁਝ ਨਾ ਕੁਝ ਪ੍ਰਬੰਧ ਕਰਕੇ ਜ਼ਰੂਰ ਇਨ੍ਹਾਂ ਸੜਕਾਂ ਨੂੰ ਇੱਕ ਟਾਈਮ ਫਰੇਮ ਮੈਨਰ ਦੇ ਵਿੱਚ ਮੁਰੰਮਤ ਕਰਵਾਈ ਜਾਵੇ।

**ਸਰਦਾਰ ਹਰਦੇਵ ਸਿੰਘ ਲਾਡੀ**: ਸਪੀਕਰ ਸਾਹਿਬ, ਧੰਨਵਾਦ ਤੁਹਾਡਾ। ਇਹ ਜੋ ਮੈਂਬਰ ਸਾਹਿਬ ਨੇ ਸੜਕਾਂ ਦਾ ਇਸ਼ੂ ਹਾਊਸ ਵਿਚ ਲਿਆਂਦਾ ਹੈ, ਗਿੱਦੜਪਿੰਡੀ ਪਿੰਡ ਸਾਡੇ ਹਲਕਾ ਸ਼ਾਹਕੋਟ ਵਿਚ ਪੈਂਦਾ ਹੈ। ਜਦੋਂ 2023 ਵਿਚ ਹੜ੍ਹ ਆਇਆ ਸੀ ਤਾਂ ਤੁਸੀਂ ਵੀ ਉਦੋਂ ਗਏ ਸੀ ਤੇ ਤੁਸੀਂ ਸਾਰਾ ਏਰੀਆ ਦੇਖਿਆ ਹੈ। ਇਸੇ ਤਰ੍ਹਾਂ ਹੀ ਸਾਡੇ ਵੀ ਜਿਹੜੇ ਪਿੰਡ ਹਨ, ਉਨ੍ਹਾਂ ਦੀਆਂ ਸਾਰੀਆਂ ਸੜਕਾਂ ਟੁੱਟੀਆਂ ਹੋਈਆਂ ਹਨ ਔਰ ਜਿਹੜੀਆਂ ਪ੍ਰਧਾਨ ਮੰਤਰੀ ਸਕੀਮ ਅਧੀਨ ਪਿਛੇ ਜਿਹੇ ਜਲੰਧਰ ਜ਼ਿਲ੍ਹੇ ਦੀਆਂ 87 ਕਿਲੋਮੀਟਰ ਸੜਕਾਂ ਪਾਸ ਹੋਈਆਂ ਸਨ ਔਰ ਜਿਹੜੀ ਗਿੱਦੜਪਿੰਡੀ ਪਿੰਡ ਤੋਂ ਰੋਡ ਮਰਾਜ ਵਾਲੇ ਦੀ ਘੁੰਮ ਕੇ ਜਿੱਧਰ ਤੁਸੀਂ ਬਾਬਾ ਸੀਚੇਵਾਲ ਜੀ ਨਾਲ ਗਏ ਸੀ ਤੇ ਤੁਸੀਂ 10 ਲੱਖ ਰੁਪਿਆ ਵੀ ਦੇ ਕੇ ਆਏ ਸੀ। ਉਹ ਸਾਰਾ ਹੀ

ਏਰੀਆ ਜਦੋਂ 18 ਫੁੱਟੀ ਪ੍ਰਧਾਨ ਮੰਤਰੀ ਸਕੀਮ ਦੇ ਤਹਿਤ ਬਣ ਜਾਵੇਗੀ, ਉਹ 18 ਕਿਲੋਮੀਟਰ ਰੋਡ ਹੈ, ਉਸ ਦਾ ਐਸਟੀਮੇਟ ਵੀ ਲੱਗ ਗਿਆ ਪਰ ਉਸ ਦੇ ਕੰਮ ਦਾ ਕੋਈ ਟੈਂਡਰ ਨਹੀਂ ਲੱਗਿਆ, ਉਸ ਪ੍ਰਾਜੈਕਟ ਪਾਸ ਹੋਏ ਨੂੰ ਦੋ- ਢਾਈ ਸਾਲ ਹੋ ਗਏ ਹਨ । ਇਸ ਦੇ ਨਾਲ ਹੀ ਮੰਤਰੀ ਸਾਹਿਬ ਨੂੰ ਬੇਨਤੀ ਕਰਦੇ ਹਾਂ ਕਿ ਉਸ ਦੇ ਉਤੇ ਵੀ ਗੌਰ ਕਰਕੇ ਜਿਹੜੇ ਉਹ ਸਾਰੇ ਪਿੰਡ ਜਿਹੜੇ ਹੜ੍ਹਾਂ ਨਾਲ ਸਬੰਧਤ ਸਨ, ਉਹ ਉਸ ਰੋਡ ਨਾਲ ਜੁੜਦੇ ਹਨ, ਇਸ ਤਰ੍ਹਾਂ ਉਸ ਦੀ ਸਾਰਿਆਂ ਨੂੰ ਰਾਹਤ ਮਿਲ ਜਾਵੇਗੀ ਜੇ ਉਹ ਪ੍ਰਾਜੈਕਟ ਪੂਰਾ ਹੋ ਜਾਵੇ। ਬਹੁਤ ਬਹੁਤ ਧੰਨਵਾਦ ਜੀ।

**ਮੰਤਰੀ :** ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੇ ਉਸੇ ਨਾਲ ਹੀ ਇਹ ਜਿਹੜੀ ਲਿੰਕ ਹੈ, ਮੰਗ ਰੱਖੀ ਹੈ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜਾ ਆਰ.ਡੀ.ਐਫ. ਹੈ, ਉਸ ਦਾ ਜਲਦੀ ਨਿਪਟਾਰਾ ਹੋਣ ਵਾਲਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਹਾਨੂੰ ਪਹਿਲ ਦੇ ਆਧਾਰ ਉਤੇ ਕਿਉਂਕਿ ਉਥੇ ਹੜ੍ਹਾਂ ਕਾਰਨ ਨੁਕਸਾਨ ਜ਼ਿਆਦਾ ਹੋਇਆ ਹੈ, ਜਿਸ ਉਤੇ ਮੇਰਾ ਖਿਆਲ ਹੈ ਕਿ 882 ਕਰੋੜ ਰੁਪਏ ਦੀ ਗੱਲ ਕੀਤੀ ਗਈ ਹੈ, 882 ਲੱਖ ਰੁਪਿਆ ਇਸ ਉਤੇ ਖਰਚ ਆਉਣਾ ਹੈ।

**1450/Jaspal Singh/Monika sharma**
**1455/Beant kaur**

ਇਸ ਲਈ ਉਸ ਦੀ ਥੋੜ੍ਹੀ ਉਡੀਕ ਕਰਨੀ ਪੈਣੀ ਹੈ। ਜੇਕਰ ਹੋ ਸਕਿਆ, ਮਾਰਕੀਟ ਕਮੇਟੀਆਂ ਕੋਲ ਕੁਝ ਪੈਸੇ ਪਏ ਹੋਏ ਤਾਂ ਇਸ ਦਾ ਜਲਦੀ ਹੀ ਨਿਪਟਾਰਾ ਕਰ ਦਿੱਤਾ ਜਾਵੇਗਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਐਗਰੀਕਲਚਰ ਮਨਿਸਟਰ ਸਾਹਿਬ ਹਾਊਸ ਵਿੱਚ ਨਹੀਂ ਸਨ ਜਦੋਂ ਈਟੀਓ ਸਾਹਿਬ ਐਜ ਪਬਲਿਕ ਵਰਕਸ ਮਨਿਸਟਰ ਇਸ ਦਾ ਜਵਾਬ ਦੇ ਰਹੇ ਸਨ, ਹੁਣ ਖੁੱਡੀਆਂ ਸਾਹਿਬ ਆਏ ਹਨ। ਮੈਂ ਜਾਣਨਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਦੇ ਪਿੰਡਾਂ ਦੀ ਇਹੀ ਪ੍ਰਾਬਲਮ ਹੈ। ਸਾਰੀਆਂ ਸੜਕਾਂ ਟੁੱਟੀਆਂ ਹੋਈਆਂ ਹਨ। ਕਿਰਪਾ ਕਰਕੇ ਤੁਸੀਂ ਸਾਰੇ ਪੰਜਾਬ ਨੂੰ ਚਾਨਣਾ ਪਾ ਸਕੋਗੇ ਕਿ ਜਿਹੜੇ ਆਰਡੀਐਫ ਦੇ ਫੰਡਜ਼ ਹਨ, ਜੋ ਕਿ ਸੈਂਟਰ ਦੀ ਭਾਜਪਾ ਸਰਕਾਰ ਨੇ ਰੋਕੇ ਹੋਏ ਹਨ, ਮੁੱਖ ਮੰਤਰੀ ਸਾਹਿਬ ਅਤੇ ਤੁਹਾਡੇ ਫਾਈਨਾਂਸ ਮਨਿਸਟਰ ਸਾਹਿਬ ਕਿੰਨੀ ਵਾਰ ਨੀਤੀ ਆਯੋਗ ਦੀ ਮੀਟਿੰਗ ਵਿੱਚ ਗਏ ਹਨ ਅਤੇ ਪੰਜਾਬ ਦੀ ਡਿਮਾਂਡ ਉੱਥੇ ਰੱਖੀ ਹੈ? ਇਹ ਪੈਸੇ ਕਦੋਂ ਤੱਕ ਮਿਲਣਗੇ, ਕਾਂਈਡਲੀ ਇਸ ਬਾਰੇ ਦੱਸਿਆ ਜਾਵੇ। ਨੀਤੀ ਆਯੋਗ ਦੇ ਪੈਸੇ ਲੈਣ ਵਾਸਤੇ ਪੰਜਾਬ ਗੌਰਮਿੰਟ ਦਾ ਕੀ ਉਪਰਾਲਾ ਰਿਹਾ ਹੈ? ਤੁਸੀਂ ਕਿਹਾ ਹੈ ਕਿ ਥੋੜ੍ਹਾ ਇੰਤਜ਼ਾਰ ਕਰੋ, ਇਹ ਤਾਂ ਸਾਨੂੰ ਕਰਨੀ ਹੀ ਪਵੇਗੀ, ਸਾਡੇ ਕੋਲ ਹੋਰ ਕੋਈ ਚਾਰਾ ਨਹੀਂ ਹੈ ਪਰ ਕਿਰਪਾ ਕਰਕੇ ਸਾਨੂੰ ਇਹ ਦੱਸੋ ਕਿ ਕਿੰਨੀਆਂ ਮੀਟਿੰਗਾਂ ਅਟੈਂਡ ਕੀਤੀਆਂ ਗਈਆਂ ਹਨ? ਜੇਕਰ ਅਟੈਂਡ ਨਹੀਂ ਕੀਤੀਆਂ ਤਾਂ ਇਸ ਵਾਸਤੇ ਗੱਲ ਕਿੱਥੋਂ ਤੱਕ ਪਹੁੰਚੀ ਹੈ? ਕੀ 8000 ਕਰੋੜ ਰੁਪਿਆ ਮਿਲਣ ਦੀ ਕੋਈ ਆਸ ਹੈ? ਜੇਕਰ ਨਹੀਂ ਹੈ ਤਾਂ ਕੀ ਇਨ੍ਹਾਂ ਸੜਕਾਂ ਵਾਸਤੇ ਬਜਟ ਵਿਚੋਂ ਕੋਈ ਪ੍ਰੋਵੀਜ਼ਨ ਰੱਖੋਗੇ? ਮੈਂ ਸਿਰਫ ਇਹ ਪੁੱਛਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ** : ਵੈਸੇ ਇਹ ਸਵਾਲ ਵੱਖਰਾ ਬਣਦਾ ਹੈ ਅਤੇ ਪਹਿਲਾਂ ਵੀ ਇਹ ਗੱਲ ਹੋ ਚੁੱਕੀ ਹੈ। ਮੈਨੂੰ ਲਗਦਾ ਹੈ ਕਿ ਆਪਾਂ ਅੱਗੇ ਚੱਲੀਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਮੰਤਰੀ ਜੀ ਨੂੰ ਜਵਾਬ ਦੇਣ ਦਿਓ, ਇਹ ਬਹੁਤ ਨੇਕ ਬੰਦੇ ਹਨ।

**ਮੰਤਰੀ** : ਆਪੋਜ਼ੀਸ਼ਨ ਨੇਤਾ ਜੀ ਨੇ ਮੰਗ ਰੱਖੀ ਹੈ। ਪੈਸੇ ਆਪਣੇ ਸਾਰੇ ਪੰਜਾਬ ਦੇ ਹਨ, ਤੁਸੀਂ ਵੀ ਉਸ ਵਿੱਚ ਹਿੱਸੇਦਾਰ ਹੋ। ਅਸੀਂ ਸੁਪਰੀਮ ਕੋਰਟ ਵਿੱਚ ਵੀ ਚਾਰਾਜੋਈ ਕੀਤੀ ਹੈ। ਮੈਂ ਵੀ ਚਾਹਾਂਗਾ ਕਿ ਆਪਾਂ ਇਕੱਠੇ ਚੱਲੀਏ ਅਤੇ ਉਨ੍ਹਾਂ ਅੱਗੇ ਮੰਗ ਰੱਖੀ ਜਾਵੇ ਕਿ ਸਾਡੇ ਪੈਸੇ ਦਿੱਤੇ ਜਾਣ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਤੁਸੀਂ ਕੋਈ ਡੇਟ ਅਨਾਊਂਸ ਕਰੋ, ਆਪਾਂ ਚੱਲ ਪਵਾਂਗੇ।

**ਮੰਤਰੀ** : ਆਪਾਂ ਬੈਠ ਕੇ ਇਸ ਬਾਰੇ ਗੱਲ ਕਰ ਲਵਾਂਗੇ। ਤੁਹਾਨੂੰ ਵੀ ਲੈ ਲਵਾਂਗੇ ਅਤੇ 1-2 ਨੂੰ ਹੋਰ ਲੈ ਲਵਾਂਗੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਬਹਿ ਕੇ ਬਾਅਦ ਵਿੱਚ ਗੱਲ ਕਰ ਲਵਾਂਗੇ। ਅੱਜ ਆਪਾਂ ਦੋਵੇ ਖੜ੍ਹੇ ਹਾਂ, ਪਹਿਲਾਂ ਖੜ੍ਹ ਕੇ ਗੱਲ ਕਰ ਲਈਏ।

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਣਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਨਾਲ ਤੁਸੀਂ ਹੋਵੋਗੇ ਅਤੇ ਨਾਲ ਹੋਰ ਵੀ ਸਾਥੀ ਲੈ ਲਵਾਂਗੇ। ਇਹ ਪੰਜਾਬ ਦਾ ਮਾਮਲਾ ਹੈ, ਆਪਣਾ ਸਾਂਝਾ ਮਾਮਲਾ ਹੈ, ਆਪਣਾ ਪੈਸਾ ਹੈ। ਪੰਜਾਬ ਦੀ ਤਰੱਕੀ ਤੇ ਲੱਗਣਾ ਹੈ ਅਤੇ ਇਸ ਦੀ ਬਹੁਤ ਜ਼ਰੂਰਤ ਹੈ।

-----

**ਡਿਗਰੀ ਕਾਲਜ ਸਿੱਧਪੁਰ ਵਿਖੇ ਪ੍ਰੋਫੈਸਰਾਂ ਦੀਆ ਮਨਜੂਰਸ਼ੁਦਾ ਅਸਾਮੀਆਂ ਦੀ ਮੌਜੂਦਾ ਸਥਿਤੀ**

***965. ਸ਼੍ਰੀਮਤੀ ਅਰੁਨਾ ਚੌਧਰੀ :** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਡਿਗਰੀ ਕਾਲਜ ਸਿੱਧਪੁਰ (ਦੀਨਾਨਗਰ) ਵਿੱਚ ਪ੍ਰੋਫ਼ੈਸਰਾਂ ਦੀਆਂ ਮਨਜੂਰਸ਼ੁਦਾ ਅਸਾਮੀਆਂ ਦੀ ਕੁੱਲ ਸੰਖਿਆ ਕਿੰਨੀ ਹੈ? ਇਸ ਦੇ ਨਾਲ ਹੀ ਕਾਲਜ ਵਿਖੇ ਮੌਜੂਦਾ ਸਮੇਂ ਕੰਮ ਕਰ ਰਹੇ ਪ੍ਰੋਫ਼ੈਸਰਾਂ ਅਤੇ ਵਿਦਿਆਰਥੀਆਂ ਦੀ ਕੁੱਲ ਗਿਣਤੀ ਦੱਸੀ ਜਾਵੇ।

**ਸਰਦਾਰ ਹਰਜੋਤ ਸਿੰਘ ਬੈਂਸ :** ਸਰਕਾਰੀ ਕਾਲਜ ਸਿੱਧਪੁਰ ਵਿਖੇ ਟੀਚਿੰਗ ਸਟਾਫ ਦੀਆ ਕੁੱਲ 10 ਮਨਜੂਰਸ਼ੁਦਾ ਅਸਾਮੀਆਂ ਹਨ। ਮੌਜੂਦਾ ਸਮੇਂ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਇੱਕ ਸਹਾਇਕ ਪ੍ਰੋਫ਼ੈਸਰ ਅਤੇ ਇੱਕ ਪਾਰਟ ਟਾਇਮ ਲੈਕਚਰਾਰ ਦੀ ਕਲਸਟਰ ਡਿਊਟੀ ਲਗਾਈ ਗਈ ਹੈ। ਇਸ ਸਮੇਂ ਕਾਲਜ ਵਿਖੇ ਵਿਦਿਆਰਥੀਆਂ ਦੀ ਕੁੱਲ ਗਿਣਤੀ 19 ਹੈ।

**ਸ਼੍ਰੀਮਤੀ ਅਰੁਨਾ ਚੌਧਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਸਬ ਡਵੀਜ਼ਨ ਦੀਨਾਨਗਰ ਵਿੱਚ ਕੋਈ ਵੀ ਡਿਗਰੀ ਕਾਲਜ ਨਹੀਂ ਸੀ। ਅਸੀਂ ਅੱਠ ਏਕੜ ਵਿੱਚ ਬਹੁਤ ਬੜਾ ਇਨਫ੍ਰਾਸਟ੍ਰਕਚਰ ਬਣਾ ਕੇ 60-70 ਸਟੂਡੈਂਟਸ ਨਾਲ ਪਹਿਲਾ ਬੈਚ ਸ਼ੁਰੂ ਕੀਤਾ ਸੀ। ਮੰਤਰੀ ਜੀ ਨੇ ਮੈਨੂੰ ਜਵਾਬ ਦਿੱਤਾ ਹੈ ਕਿ 10 ਸੈਂਕਸ਼ਨਡ ਪੋਸਟਾਂ ਹਨ ਲੇਕਿਨ ਬੱਚੇ ਇਸ ਕਰਕੇ ਵੀ ਘੱਟ ਹਨ ਕਿਉਂਕਿ ਅੱਜ ਉਥੇ ਫੈਸਿਲਟੀਜ਼ ਨਹੀਂ ਹਨ। ਇਕ ਅਸਿਸਟੈਂਟ ਪ੍ਰੋਫੈਸਰ ਅਤੇ ਪਾਰਟ ਟਾਈਮ ਲੈਕਚਰਾਰ ਹੈ। ਮੈਂ ਚਾਹਾਂਗੀ ਕਿ ਸਾਨੂੰ ਪਰਾਪਰ ਫੈਕਲਟੀ ਮੈਂਬਰ ਦਿੱਤੇ ਜਾਣ ਤਾਂ ਜੋ ਜ਼ਿਆਦਾ ਸਟੂਡੈਂਟ ਆ ਸਕਣ ਅਤੇ ਕਾਲਜ ਨੂੰ ਵਾਇਬਲ ਕੀਤਾ ਜਾਵੇ। ਮੰਤਰੀ ਜੀ ਇਹ ਫੈਕਲਟੀ ਕਦੋਂ ਤੱਕ ਪ੍ਰੋਵਾਈਡ ਕਰਵਾ ਦੇਣਗੇ?

**ਮੰਤਰੀ** : ਸਪੀਕਰ ਸਾਹਿਬ, ਸਿੱਧਪੁਰ ਕਾਲਜ ਵਿੱਚ 10 ਸੈਂਕਸ਼ਨਡ ਪੋਸਟਾਂ ਹਨ, ਜਿਸ ਵਿਚੋਂ ਇਕ ਅਸਿਸਟੈਂਟ ਪ੍ਰੋਫੈਸਰ ਅਤੇ ਇਕ ਪਾਰਟ ਟਾਈਮ ਲੈਕਚਰਾਰ ਦੀ ਕਲੱਸਟਰ ਵਿੱਚ ਡਿਊਟੀ ਲੱਗੀ ਹੋਈ ਹੈ। ਇਸ ਕਾਲਜ ਵਿੱਚ ਕਮਰਸ ਵੀ ਸ਼ੁਰੂ ਕੀਤੀ ਗਈ ਸੀ, ਕਮਰਸ ਦਾ ਇਕ ਵੀ ਵਿਦਿਆਰਥੀ ਨਹੀਂ ਹੈ। ਇਸ ਕਾਲਜ ਵਿੱਚ 19 ਬੱਚੇ ਹਨ, ਜਿਸ ਵਿਚੋਂ ਪਹਿਲੇ ਸਾਲ ਵਿੱਚ 11, ਦੂਜੇ ਸਾਲ ਵਿੱਚ 5 ਅਤੇ ਤੀਜੇ ਸਾਲ ਵਿੱਚ 3 ਬੱਚੇ, ਕੁੱਲ 19 ਸਟੂਡੈਂਟਸ ਇੱਥੇ ਪੜ੍ਹਦੇ ਹਨ। ਇਸ ਦੇ ਬਾਵਜੂਦ ਵੀ, ਕਿਉਂਕਿ ਇਨਵੈਸਟਮੈਂਟ ਕੀਤੀ ਹੋਈ ਹੈ ਅਤੇ ਅੱਠ ਏਕੜ ਦਾ ਕੈਂਪਸ ਹੈ, 612 ਅਸਿਸਟੈਂਟ ਪ੍ਰੋਫੈਸਰਾਂ ਦੀਆਂ ਪੋਸਟਾਂ ਪੀਪੀਐਸਸੀ ਦੇ ਡੋਮੇਨ ਵਿੱਚ ਜਾ ਚੁੱਕੀਆਂ ਹਨ ਅਤੇ ਬਹੁਤ ਜਲਦੀ ਇਹ ਭਰਤੀ ਹੋ ਜਾਵੇਗੀ। ਉਸ ਉਪਰੰਤ ਇਸ ਕਾਲਜ ਵਿੱਚ ਪ੍ਰੋਫੈਸਰ ਭੇਜ ਦਿੱਤੇ ਜਾਣਗੇ।

----

### ਹਲਕਾ ਭੁੱਚੋ ਮੰਡੀ ਬਾਲਿਆਂਵਾਲੀ ਰੋਡ ਉਪਰ ਰੇਲਵੇ ਲਾਈਨ ਤੇ ਓਵਰ ਬਰਿਜ ਬਣਾਉਣਾ

***1051. ਸਰਦਾਰ ਜਗਸੀਰ ਸਿੰਘ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਭੁੱਚੋ ਮੰਡੀ ਬਾਲਿਆਂਵਾਲੀ ਰੋਡ ਉਪਰ ਰੇਲਵੇ ਲਾਈਨ ਹੈ, ਇਹ ਇੱਕ ਡਬਲ ਲਾਈਨ ਫਾਟਕ ਹੈ ਅਤੇ ਇਸ ਫਾਟਕ ਦੇ ਬੰਦ ਹੋਣ ਕਾਰਨ ਇੱਥੇ ਕਈ ਘੰਟੇ ਜਾਮ ਲੱਗਿਆ ਰਹਿੰਦਾ ਹੈ, ਜਿਸ ਕਾਰਨ ਆਮ ਲੋਕਾਂ ਨੂੰ ਰੋਜ਼ਾਨਾ ਹੀ ਭਾਰੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਬਾਲਿਆਂਵਾਲੀ ਰੋਡ ਤੇ ਓਵਰ ਬਰਿਜ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ :** ਹਾਲ ਦੀ ਘੜੀ ਬਾਲਿਆਂ ਵਾਲੀ ਸੜਕ ਤੇ ਓਵਰ ਬਰਿਜ ਬਣਾਉਣ ਦੀ ਕੋਈ ਵੀ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

**1455/Beant kaur/Monika sharma**

## WRITTEN ANSWER TO STARRED QUESTION LAID ON THE TABLE OF THE HOUSE UNDER RULE 38

**ਮਾਣਯੋਗ ਸਪੀਕਰ:** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਸਮਝੇ ਜਾਣ।

### ਪਿੰਡ ਵਣੀਏ ਕੇ ਤੋਂ ਅਜਨਾਲਾ ਤੱਕ ਸੜਕ ਦੀ ਰਿਪੇਅਰ ਕਰਵਾਉਣਾ

***948 ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਲਾਕ ਚੋਗਾਵਾਂ, ਜਿਲ੍ਹਾ ਅੰਮ੍ਰਿਤਸਰ ਅਧੀਨ ਵਣੀਕੇ-ਅਜਨਾਲਾ (ਵਾਇਆ ਚੋਗਾਵਾਂ) ਲਿੰਕ ਰੋਡ ਦੀ ਤਾਜ਼ਾ ਸਥਿਤੀ ਕੀ ਹੈ ਅਤੇ ਇਸ ਦੀ ਮੁਰੰਮਤ ਦਾ ਕੰਮ ਕਦੋਂ ਸ਼ੁਰੂ ਹੋਵੇਗਾ

**ਲੋਕ ਨਿਰਮਾਣ (ਭ ਤੇ ਮ) ਮੰਤਰੀ (ਸਰਦਾਰ ਹਰਭਜਨ ਸਿੰਘ) :** ਅਟਾਰੀ-ਚੋਗਾਵਾਂ-ਅਜਨਾਲਾ ਰੋਡ (ਵਣੀਕੇ-ਅਜਨਾਲਾ ਵਾਇਆ ਚੋਗਾਵਾਂ) ਇੱਕ ਪਲਾਨ ਰੋਡ ਹੈ, ਜਿਸ ਦਾ ਰੋਡ ਕੋਡ ਨੰਬਰ ਐਮ.ਡੀ.ਆਰ-63 ਹੈ । ਅਟਾਰੀ-ਚੋਗਾਵਾਂ-ਅਜਨਾਲਾ ਰੋਡ ਦੀ ਮਜ਼ਬੂਤੀ ਦਾ ਇਹ ਕੰਮ Central Road Infrastructure Funds (CRIF) Scheme ਤਹਿਤ ਮਨਜ਼ੂਰ ਹੈ ਅਤੇ ਇਸ ਦਾ ਕੰਮ ਪ੍ਰਗਤੀ ਅਧੀਨ ਹੈ । ਇਸ ਸੜਕ ਦੀ ਕੁੱਲ ਲੰਬਾਈ 25.00 ਕਿ:ਮੀ: (ਕਿ:ਮੀ: 6.00 ਤੋਂ ਕਿ:ਮੀ: 31.00) ਹੈ ਅਤੇ ਚੌੜਾਈ 5.50 ਮੀਟਰ ਹੈ । ਇਸ ਕੰਮ ਦੀ ਪ੍ਰਗਤੀ 50% ਹੈ । ਇਹ ਕੰਮ ਛੇਤੀ ਹੀ ਮੁਕੰਮਲ ਕਰਕੇ ਲੋਕਾਂ ਦੀ ਸਹੂਲਤ ਲਈ ਖੋਲ੍ਹ ਦਿੱਤਾ ਜਾਵੇਗਾ ।

--------------------------

**ਮਾਣਯੋਗ ਸਪੀਕਰ:** ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

## MATTERS RAISED DURING ZERO HOUR

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.):** ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਆਪਣੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਕੋਟਿਨ ਕੋਟਿ ਧੰਨਵਾਦ ਕਰਦਾ ਹਾਂ। ਇਨ੍ਹਾਂ ਨੇ ਜਿੱਥੇ ਪੂਰੇ ਪੰਜਾਬ ਵਿੱਚ ਰਜਬਾਹੇ ਬਣਾਏ ਹਨ ਅਤੇ ਨਹਿਰਾਂ ਦਾ ਪਾਣੀ ਬਚਾਇਆ ਹੈ, ਉਥੇ ਮੇਰੇ ਹਲਕੇ ਵਿੱਚ ਵੀ ਬਹੁਤ ਸਾਰੇ ਪਿੰਡਾਂ ਵਿੱਚ ਨਹਿਰਾਂ ਦਾ ਪਾਣੀ ਆਉਣ ਲੱਗਿਆ ਹੈ ਅਤੇ ਰਜਬਾਹੇ ਪੱਕੇ ਕੀਤੇ ਗਏ ਹਨ ਪਰ ਮੇਰੇ ਹਲਕੇ ਦਾ ਇੱਕ ਪਿੰਡ ਧੂੜਕੋਟ ਰਣਸੀਂਹ ਹੈ, ਇਥੇ ਇੱਕ ਕੱਸੀ ਨਿਹਾਲ ਸਿੰਘ ਵਾਲਾ ਨੂੰ ਜਾਂਦੀ ਹੈ ਔਰ ਦੂਜਾ ਪਿੰਡ ਮਾਣੂਕੇ ਗਿੱਲ ਹੈ, ਇਸ ਦੀ ਵੀ ਇੱਕ ਕੱਸੀ ਹੈ, ਇਨ੍ਹਾਂ ਦੋਵਾਂ ਦੀ ਮੁਰੰਮਤ ਦੀ ਜ਼ਰੂਰਤ ਹੈ ਔਰ ਸਫਾਈ ਦੀ ਵੀ ਲੋੜ ਹੈ। ਇੱਥੇ ਪਾਣੀ ਦੀ ਬੜੀ ਸਮੱਸਿਆ ਆ ਰਹੀ ਹੈ। ਜੇ ਕਿਤੇ ਇਹ ਦੋਵੇਂ ਵੀ ਠੀਕ ਹੋ ਜਾਣ ਤਾਂ ਮੈਂ ਸਮਝਦਾ ਹਾਂ ਕਿ ਮੇਰੇ ਹਲਕੇ ਵਿੱਚ ਜਿਹੜੀ ਮਾੜੀ-ਮੋਟੀ ਕਮੀ ਰਹਿ ਗਈ ਹੈ, ਉਹ ਵੀ ਦੂਰ ਹੋ ਜਾਵੇਗੀ। ਸੋ, ਤੁਹਾਡਾ ਬਹੁਤ-ਬਹੁਤ ਧੰਨਵਾਦ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ):** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਗਰੀਕਲਚਰ ਮਨਿਸਟਰ ਸਰਦਾਰ ਗੁਰਮੀਤ ਸਿੰਘ ਖੁੱਡੀਆਂ ਸਾਹਿਬ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਡਾਈਵਰਸੀਫਿਕੇਸ਼ਨ ਲਿਆਉਣ ਮੁਤਾਬਕ ਲੋਕਾਂ ਨੇ ਪਾਪੂਲਰ ਅਤੇ ਸਫੈਦਾ ਬੀਜਣਾ ਸ਼ੁਰੂ ਕੀਤਾ ਸੀ। ਪੰਜਾਬ ਵਿੱਚ ਹੁਸ਼ਿਆਰਪੁਰ ਵਿਖੇ ਇੱਕੋ ਹੀ ਮੰਡੀ ਹੈ, ਜਿਥੇ ਇਹ ਸਾਰਾ ਕੁਝ ਵਿਕਦਾ ਹੈ। ਮੰਤਰੀ ਸਾਹਿਬ, ਉਥੇ ਬਹੁਤ ਲੁੱਟ ਹੈ। ਜਦੋਂ ਕਿਸਾਨ ਆਪਣੀ ਫਸਲ ਵੇਚਦਾ ਹੈ, ਜੇਕਰ ਉਹ ਉਸ ਦੇ ਨਗਦ ਪੈਸੇ ਮੰਗਦਾ ਹੈ ਤਾਂ ਉਸ ਵਾਸਤੇ 4% ਪੈਸੇ ਕੱਟੇ ਜਾਂਦੇ ਹਨ। ਜੇਕਰ ਉਹ ਚੈੱਕ ਵੀ ਦੇਣ ਤਾਂ ਆਪਣੇ 4% ਨਗਦ ਦੇ ਹਿਸਾਬ ਨਾਲ ਲੈਂਦੇ ਹਨ। ਕਿਸਾਨ ਦੀ ਪੇਮੈਂਟ ਵਿਚੋਂ 4%

ਨਗਦ ਪੈਸੇ ਕੱਟ ਲੈਣੇ ਬਹੁਤ ਜ਼ਿਆਦਾ ਹਨ, ਪਹਿਲਾਂ ਇਹ ਰੇਟ 2% ਲਗਦਾ ਹੁੰਦਾ ਸੀ ਪ੍ਰੰਤੂ ਹੁਣ 4% ਰੇਟ ਲਗਦਾ ਹੈ। ਕਾਈਂਡਲੀ ਇਸ ਗੱਲ ਵੱਲ ਧਿਆਨ ਦਿਉ।

ਸਪੀਕਰ ਸਾਹਿਬ, ਦੂਜਾ ਮੇਰਾ ਪੁਆਇੰਟ ਹੈ ਕਿ ਇੱਕ ਅਨਾਊਂਸਮੈਂਟ ਹੋਈ ਸੀ ਕਿ ਜ਼ਮੀਨਾਂ ਦੀਆਂ ਰਜਿਸਟਰੀਆਂ ਲਈ ਹੁਣ ਪਹਿਲਾਂ ਐਨ.ਓ.ਸੀ. ਨਹੀਂ ਲੈਣਾ ਪਵੇਗਾ ਪਰ ਅੱਜ ਤੱਕ ਇਸ ਬਾਰੇ ਕੋਈ ਨੋਟੀਫਿਕੇਸ਼ਨ ਨਹੀਂ ਹੋਇਆ। ਲੋਕਾਂ ਨੂੰ ਐਨ.ਓ.ਸੀ ਨਹੀਂ ਮਿਲਦਾ, ਲੋਕ ਉਸੇ ਤਰ੍ਹਾਂ ਹੀ ਖੱਜਲ ਹੋ ਰਹੇ ਹਨ। ਕਿਸੇ ਦੀ ਕੋਈ ਰਜਿਸਟਰੀ ਨਹੀਂ ਹੋ ਰਹੀ। ਸਰਕਾਰ ਨੇ ਜੇ ਇਸ ਗੱਲ ਦੀ ਅਨਾਊਂਸਮੈਂਟ ਕੀਤੀ ਹੈ ਤਾਂ ਇਸ ਸਬੰਧੀ ਨੋਟੀਫਿਕੇਸ਼ਨ ਜ਼ਰੂਰ ਕਰੇ।

## ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ:** ਅੱਜ ਹਾਊਸ ਲਈ ਇੱਕ ਕੁਐਸ਼ਚਨ ਹੈ। ਜਿਹੜਾ ਵੀ ਮਾਣਯੋਗ ਮੈਂਬਰ ਇਸ ਉਤੇ ਸਹੀ ਜਵਾਬ ਦੇਵੇਗਾ, ਉਨ੍ਹਾਂ ਨੂੰ ਪੰਜ ਮਿੰਟ ਐਕਸਟਰਾ ਦਿੱਤੇ ਜਾਣਗੇ। ਅੱਜ ਮਾਣਯੋਗ ਸੁਪਰੀਮ ਕੋਰਟ ਦੇ ਵਿੱਚ ਇੱਕ ਬੜਾ ਵੱਡਾ ਇਸ਼ੂ ਇਲੈਕਟੋਰਲ ਬੌਂਡ ਦੇ ਉਪਰ ਆਇਆ ਹੈ। ਉਹ ਕਿਸ ਸਬੰਧ ਦੇ ਵਿੱਚ ਹੈ ਅਤੇ ਕੀ ਜਜਮੈਂਟ ਹੈ? ਹਾਂ ਜੀ, ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਰ, ਸੁਪਰੀਮ ਕੋਰਟ ਨੇ ਇੱਕ ਬਹੁਤ ਬੇਹਤਰੀਨ ਜਜਮੈਂਟ ਦਿੱਤੀ ਹੈ । ਜਿਹੜਾ ਸਟੇਟ ਬੈਂਕ ਆਫ ਇੰਡੀਆ ਹੈ, ਇਹ ਮੌਜੂਦਾ ਸਰਕਾਰ ਦਾ ਬਚਾਅ ਕਰਨ ਦੀ ਕੋਸ਼ਿਸ਼ ਕਰਦਾ ਸੀ। ਮਾਣਯੋਗ ਸੁਪਰੀਮ ਕੋਰਟ ਨੇ ਇਹ ਸਾਰੇ ਇਲੀਗਲ ਕਰਾਰ ਦੇ ਦਿੱਤੇ ਸੀ, ਉਸ ਵਿੱਚ ਬੈਨੇਫਿਸ਼ਰੀਜ਼ ਦੇ ਨਾਮ ਹਨ। ਪਹਿਲਾਂ ਇਹ ਸੀ ਕਿ ਜਿਨ੍ਹਾਂ ਨੇ ਪੈਸੇ ਦਿੱਤੇ ਹਨ, ਉਨ੍ਹਾਂ ਦੇ ਨਾਮ ਨਹੀਂ ਦੱਸੇ ਜਾਣਗੇ। ਮਾਣਯੋਗ ਸੁਪਰੀਮ ਕੋਰਟ ਨੇ ਰੂਲਿੰਗ ਦਿੱਤੀ ਸੀ ਕਿ ਸਾਰਿਆਂ ਦੇ ਨਾਮ ਦੱਸੇ ਜਾਣ ਕਿਉਂਕਿ ਇਸ ਦੀ direct equation with corruption ਹੈ ਕਿਉਂਕਿ ਇਸ ਵਿੱਚ ਬਹੁਤ ਸਾਰੇ ਉਹ ਲੋਕ ਹਨ, ਜਿਨ੍ਹਾਂ ਕੋਲੋਂ ਪੈਸੇ ਲਏ ਗਏ ਹਨ। ਸਾਰਿਆਂ ਨਾਲੋਂ ਵੱਡੀ beneficiary ਪਾਰਟੀ ਬੀ.ਜੇ.ਪੀ. ਹੈ। ਜਦੋਂ ਇਹ ਨਾਮ ਸਾਹਮਣੇ ਆਉਣਗੇ, ਉਨ੍ਹਾਂ ਨੂੰ ਬੈਂਕਾਂ ਤੋਂ ਜਿਹੜੇ ਕਰਜ਼ੇ ਮੁਆਫ ਹੋਏ ਹਨ, ਉਹ ਵੇਖੇ ਜਾਣਗੇ। ਇਨ੍ਹਾਂ ਲੋਕਾਂ ਨੂੰ ਹੀ ਸਾਰਿਆਂ ਤੋਂ ਵੱਧ ਕਰਜ਼ੇ ਦੀ ਮੁਆਫੀ ਦਿੱਤੀ ਗਈ ਹੈ। ਇੱਕ ਲਫਜ਼ quid pro quo ਹੈ, ਕਿ ਇਨ੍ਹਾਂ ਨੇ ਆਲਰੈਡੀ, ਉਹ quid pro quo ਇਥੋਂ ਇਸ਼ਟੈਬਲਿਸ਼ ਹੋਵੇਗਾ। ਅੱਜ ਉਨ੍ਹਾਂ ਨੇ ਸੀ.ਬੀ.ਆਈ. ਦੀ ਉਹ ਰਿਕੁਐਸਟ ਡਿਕਲਾਈਨ ਕਰ ਦਿੱਤੀ ਹੈ। ਉਨ੍ਹਾਂ ਨੂੰ ਕਿਹਾ ਹੈ ਕਿ 15 ਮਾਰਚ ਤੱਕ ਉਨ੍ਹਾਂ ਸਾਰਿਆਂ ਦੇ ਬਕਾਇਦਾ ਤੌਰ ਤੇ ਨਾਮ ਕੱਢੇ ਜਾਣ ਤਾਂ ਕਿ ਇਲੈਕਸ਼ਨਾਂ ਤੋਂ ਪਹਿਲਾਂ ਸਾਰਾ ਦੇਸ਼ ਇਹ ਪਤਾ ਲਗਾ ਸਕੇ ਕਿ ਸਾਰਿਆਂ ਨਾਲੋਂ ਵੱਡਾ ਫਾਇਦਾ ਇਨ੍ਹਾਂ ਵੱਡੇ ਇੰਡਸਟਰੀਲਿਸਟਾਂ ਦਾ ਕਿਹੜੀ ਜਮਾਤ ਨੂੰ ਗਿਆ ਹੈ। ਕਿਸ ਦੇ ਕੋਲ ਪੈਸੇ ਬਾਹਵਾਂ ਮਰੋੜ ਕੇ ਲਏ ਗਏ ਅਤੇ ਕਿਸ ਨੂੰ ਵੱਡਾ ਐਡਵਾਂਟੇਜ ਬੈਂਕਾਂ ਦੇ ਕਰਜ਼ੇ ਮੁਆਫ ਕਰਕੇ ਦਿੱਤਾ ਗਿਆ। ਸੋ, ਇਹ ਜਿਹੜਾ ਸ਼ਬਦ ਤੁਸੀਂ ਇਸਤੇਮਾਲ ਕੀਤਾ ਹੈ, ਇਹ ਸਾਬਤ ਹੋ ਜਾਵੇਗਾ। ਇਸ ਨਾਲ ਕੋਰਿਲੇਸ਼ਨ ਹੋ ਜਾਵੇਗਾ ਕਿ ਕਿਨ੍ਹਾਂ ਕੋਲੋਂ ਇੱਕ ਪਾਸੇ ਪੈਸੇ ਲਏ ਗਏ ਅਤੇ ਉਨ੍ਹਾਂ ਦੇ ਕਰਜ਼ੇ ਹੀ ਰਾਈਟ ਆੱਫ ਕੀਤੇ ਗਏ ਹਨ। ਸੋ ਇਹ ਫੈਸਲਾ ਆਇਆ ਹੈ।

**1505/harpreet singh**

## MATTERS RAISED DURING ZERO HOUR (*Resumption*)

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਮੈਂ ਇੱਕ ਹੋਰ ਗੁਜ਼ਾਰਿਸ਼ ਕਰਨੀ ਚਾਹਾਂਗਾ ਕਿ ਜਿਹੜੇ 6640 ਕੰਪਿਊਟਰ ਟੀਚਰ ਸਾਲ 2011 ਵਿਚ ਨੌਕਰੀ ਵਿਚ ਆਏ ਸਨ। ਤੁਹਾਡੀ ਪਾਰਟੀ ਨੇ ਸਰਕਾਰ ਬਣਨ ਤੋਂ ਪਹਿਲਾਂ ਇਨ੍ਹਾਂ ਨਾਲ ਬਹੁਤ ਸਾਰੇ ਵਾਅਦੇ ਕੀਤੇ ਸੀ ਕਿ ਅਸੀਂ ਤੁਹਾਨੂੰ ਛੇਵਾਂ ਪੇਅ ਕਮਿਸ਼ਨ ਲਾਗੂ ਕਰਾਂਗੇ ਅਤੇ ਹੋਰ ਵੀ ਬਹੁਤ ਸਾਰੇ ਬੈਨੇਫਿਟਸ ਦਿਆਂਗੇ। ਮੈਂ ਸਾਰੇ ਹਾਊਸ ਨੂੰ ਵਿਖਾਉਣਾ ਚਾਹੁੰਦਾ ਹਾਂ ਕਿ (ਹੱਥ ਵਿਚ ਕੋਈ ਕਾਗਜ਼ ਲਹਿਰਾਉਂਦੇ ਹੋਏ) 15 ਸਤੰਬਰ ਨੂੰ ਅਖਬਾਰਾਂ ਵਿਚ ਐਡਵਰਟਾਈਜ਼ਮੈਂਟ ਵੀ ਆਈਆਂ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਸਿਵਲ ਸਰਵਿਸ ਰੂਲਜ਼ ਮੁਤਾਬਿਕ ਇਨ੍ਹਾਂ ਨੂੰ ਬੈਨੇਫਿਟਸ ਦਿੱਤੇ ਜਾਣਗੇ, ਪੇਅ ਕਮਿਸ਼ਨ ਦਾ ਲਾਭ ਦਿੱਤਾ ਜਾਵੇਗਾ। ਸਪੀਕਰ ਸਾਹਿਬ, ਇਨ੍ਹਾਂ ਕੰਪਿਊਟਰ ਟੀਚਰਾਂ ਵਿਚੋਂ ਲਗਭੱਗ 100 ਦੇ ਕਰੀਬ ਬੱਚਿਆਂ ਦੀ ਮੌਤ ਹੋ ਚੁੱਕੀ ਹੈ ਪਰ ਨਾ ਉਨ੍ਹਾਂ ਨੂੰ ਅਤੇ ਨਾ ਉਨ੍ਹਾਂ ਦੇ ਪਰਿਵਾਰਾਂ ਨੂੰ ਕੁੱਝ ਦਿੱਤਾ ਗਿਆ। ਮੈਂ ਵਿੱਤ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਤੁਹਾਡਾ ਹੀ ਵਾਅਦਾ ਸੀ। ਮੈਂ ਸਮਝਦਾ ਹਾਂ ਕਿ ਮੁਲਾਜ਼ਮ ਵਰਗ ਦਾ ਤੁਹਾਡੀ ਸਰਕਾਰ ਬਣਨ ਵਿਚ ਸਭ ਤੋਂ ਵੱਡਾ ਯੋਗਦਾਨ ਰਿਹਾ ਹੈ। ਸੋ, ਕ੍ਰਿਪਾ ਕਰਕੇ ਜਿਹੜੇ ਵਾਅਦੇ ਕੀਤੇ ਗਏ ਹਨ, ਉਹ ਪੂਰੇ ਕਰਿਆ ਕਰੋ ਜਾਂ ਤਾਂ ਫਿਰ ਵਾਅਦੇ ਨਾ ਕਰਿਆ ਕਰੋ। ਇਨ੍ਹਾਂ ਨਾਲ ਸਰਕਾਰ ਦੀਆਂ 44 ਮੀਟਿੰਗਾਂ ਹੋ ਚੁੱਕੀਆਂ ਹਨ। ਸੋ, ਕ੍ਰਿਪਾ ਕਰਕੇ ਉਨ੍ਹਾਂ ਨੂੰ ਇਨਸਾਫ਼ ਦਿੱਤਾ ਜਾਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਬਾਜਵਾ ਸਾਹਿਬ, ਤੁਹਾਡਾ ਟਾਈਮ ਹਾਲੇ ਪਿਆ ਹੈ, ਫਿਰ ਤੁਸੀਂ ਕਹਿੰਦੇ ਹੋ ਕਿ ਮੈਨੂੰ ਬੋਲਣ ਲਈ ਸਮਾਂ ਨਹੀਂ ਦਿੰਦੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਧੰਨਵਾਦ ਸਪੀਕਰ ਸਾਹਿਬ, ਬਹੁਤ ਮਿਹਰਬਾਨੀ। ਅੱਜ ਤੁਸੀਂ ਦਿਆਲ ਹੋਏ ਹੋ, ਇਸ ਦਾ ਐਡਵਾਂਟੇਜ ਵੀ ਲੈਣਾ ਚਾਹੀਦਾ ਹੈ। ਸਪੀਕਰ ਸਾਹਿਬ, ਸਰਕਾਰ ਦੇ ਤਿੰਨ ਚਾਰ ਅਹਿਮ ਕਮਿਸ਼ਨ ਹਨ, ਜਿਵੇਂ ਐਸ.ਸੀ. ਕਮਿਸ਼ਨ, ਐਨ.ਆਰ.ਆਈ. ਕਮਿਸ਼ਨ, ਫੂਡ ਕਮਿਸ਼ਨ, ਜਨਰਲ ਕੈਟਾਗਿਰੀ ਕਮਿਸ਼ਨ ਹੈ। ਬੈਕਵਰਡ ਕਮਿਸ਼ਨ ਦਾ ਚੇਅਰਮੈਨ ਤੁਸੀਂ ਹੁਣੇ ਹੀ ਲਗਾਇਆ ਹੈ ਪਰ ਇਨ੍ਹਾਂ ਅਹਿਮ ਕਮਿਸ਼ਨਾਂ ਵਿੱਚੋਂ ਖਾਸ ਕਰਕੇ ਐਨ.ਆਰ.ਆਈ. ਕਮਿਸ਼ਨ ਬਹੁਤ ਅਹਿਮ ਕਮਿਸ਼ਨ ਹੈ। ਇਹ ਐਨ.ਆਰ.ਆਈਜ਼ ਦੀ ਸਹੂਲਤ ਵਾਸਤੇ ਹੈ, ਜਿਨ੍ਹਾਂ ਨੇ ਤੁਹਾਡੀ ਸਰਕਾਰ ਬਣਨ ਵਿਚ ਬਹੁਤ ਸਪੋਰਟ ਕੀਤੀ ਹੈ। From a long time, there is no Chairman to look after the interest of the N.R.Is ਸਾਬਕਾ ਮੁੱਖ ਮੰਤਰੀ ਸਰਦਾਰ ਚਰਨਜੀਤ ਸਿੰਘ ਚੰਨੀ ਦੀ ਕਾਂਗਰਸ ਸਰਕਾਰ ਸਮੇਂ ਜਨਰਲ ਕੈਟਾਗਿਰੀ ਕਮਿਸ਼ਨ ਦੇ ਚੇਅਰਮੈਨ ਦੀ ਨੋਟੀਫਿਕੇਸ਼ਨ ਕਰ ਦਿੱਤੀ ਗਈ ਸੀ। ਸਾਡੇ ਵੇਲੇ ਡਾ. ਦਹੀਆ ਜੀ ਚੇਅਰਮੈਨ ਬਣ ਗਏ ਸਨ ਪਰ ਇਲੈਕਸ਼ਨ ਲੜਨ ਲਈ ਉਨ੍ਹਾਂ ਨੇ ਆਪਣਾ ਅਸਤੀਫ਼ਾ ਦੇ ਦਿੱਤਾ ਸੀ। ਸੋ, ਮੇਰੇ ਕਹਿਣ ਦਾ ਭਾਵ ਹੈ ਕਿ ਇਨ੍ਹਾਂ ਸਾਰੇ

ਅਹਿਮ ਕਮਿਸ਼ਨਾਂ ਦੇ ਚੇਅਰਮੈਨਾਂ ਦੀਆਂ ਕੁਰਸੀਆਂ ਖਾਲੀ ਪਈਆਂ ਹਨ। ਕ੍ਰਿਪਾ ਕਰਕੇ ਮੇਰੀ ਸਰਕਾਰ ਨੂੰ ਗੁਜ਼ਾਰਿਸ਼ ਹੈ ਕਿ ਇਨ੍ਹਾਂ ਦੇ ਚੇਅਰਮੈਨ ਲਗਾਏ ਜਾਣ ਕਿਉਂਕਿ ਬਹੁਤ ਸਾਰੇ ਪੀੜਤ ਇਨ੍ਹਾਂ ਕਮਿਸ਼ਨਾਂ ਦੇ ਚੇਅਰਮੈਨ ਨਾ ਹੋਣ ਕਰਕੇ ਖੱਜਲ ਖੁਆਰ ਹੋ ਰਹੇ ਹਨ। ਸੋ, ਇਨ੍ਹਾਂ ਕਮਿਸ਼ਨ ਦੇ ਚੇਅਰਮੈਨ, ਮੈਂਬਰ ਲਗਾਏ ਜਾਣ ਅਤੇ ਲੋੜੀਂਦਾ ਸਟਾਫ਼ ਅਤੇ ਲੋੜੀਂਦੀਆਂ ਸਹੂਲਤਾਂ ਵੀ ਦਿੱਤੀਆਂ ਜਾਣ ਜੀ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਹੋਰ ਸਮਾਂ ਤਾਂ ਨਹੀਂ ਲੈਣਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਬਹੁਤ ਮਿਹਰਬਾਨੀ ਜੀ। ਜੇ ਤੁਸੀਂ ਪਹਿਲਾਂ ਹੀ ਖੁੱਲ੍ਹਾ ਸਮਾਂ ਦੇ ਦਿੰਦੇ ਤਾਂ ਇੰਨਾ ਕੁੱਝ ਹੋਣਾ ਹੀ ਨਹੀਂ ਸੀ।

**ਮਾਣਯੋਗ ਸਪੀਕਰ**: ਤੁਹਾਨੂੰ ਤਾਂ ਹਮੇਸ਼ਾ ਹੀ ਖੁੱਲ੍ਹਾ ਸਮਾਂ ਮਿਲਦਾ ਹੈ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)**: ਧੰਨਵਾਦ ਸਪੀਕਰ ਸਾਹਿਬ। ਪੰਜਾਬ ਪੇਅ ਸਕੇਲ ਦੀ ਬਹਾਲੀ ਲਈ ਮੁਲਾਜ਼ਮਾਂ ਵੱਲੋਂ ਪ੍ਰੋਟੈਸਟ ਕੀਤਾ ਜਾ ਰਿਹਾ ਹੈ। 17 ਜੁਲਾਈ, 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਨੂੰ ਅਧੂਰੇ ਕੇਂਦਰੀ ਪੇਅ ਸਕੇਲ ਲਾਗੂ ਕੀਤੇ ਗਏ ਹਨ। ਇਹ ਪੇਅ ਸਕੇਲ ਨਾ ਤਾਂ ਪੂਰੇ ਕੇਂਦਰ ਸਰਕਾਰ ਦੇ ਹਨ ਅਤੇ ਨਾਂ ਹੀ ਪੰਜਾਬ ਦੇ ਹਨ। ਤੁਹਾਡੀ ਪਾਰਟੀ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ ਤੋਂ ਬਾਅਦ ਪੰਜਾਬ ਦੇ ਪੇਅ ਸਕੇਲ ਲਾਗੂ ਕੀਤੇ ਜਾਣਗੇ। ਏਡਿਡ ਸਕੂਲ ਦੇ ਕਰਮਚਾਰੀ ਚਾਹੇ ਉਹ ਰਿਟਾਇਰ ਹੋ ਚੁੱਕੇ ਹਨ ਅਤੇ ਚਾਹੇ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਵੀ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਛੇਵਾਂ ਪੇਅ ਕਮਿਸ਼ਨ ਦਿੱਤਾ ਜਾਵੇਗਾ। ਇਹ ਵਾਅਦੇ ਪੂਰੇ ਕੀਤੇ ਜਾਣ। ਇਸ ਦੇ ਨਾਲ ਹੀ RERA ਦੇ ਚੇਅਰਮੈਨ ਵੱਲੋਂ ਅਸਤੀਫ਼ਾ ਦੇ ਦਿੱਤਾ ਗਿਆ ਸੀ, ਜਿਸ ਕਾਰਨ ਉਹ ਅਸਾਮੀ ਖਾਲੀ ਪਈ ਹੈ। ਸੋ, ਸਰਕਾਰ ਵੱਲੋਂ ਜਲਦੀ ਤੋਂ ਜਲਦੀ RERA ਦਾ ਚੇਅਰਮੈਨ ਨਿਯੁਕਤ ਕੀਤਾ ਜਾਵੇ ਤਾਂ ਜੋ ਜਿਹੜੀਆਂ ਫਾਈਲਜ਼ ਪੈਂਡਿੰਗ ਪਈਆਂ ਹਨ, ਉਹ ਕਲੀਅਰ ਹੋ ਜਾਣ। ਮੇਰੀ ਇਹੀ ਸਰਕਾਰ ਤੋਂ ਮੰਗ ਹੈ ਜੀ। ਧੰਨਵਾਦ।

------

## ANNOUNCEMENT BY THE HON'BLE SPEAKER URGING THE MEMBERS TO DONATE FOR A NOBLE CAUSE

**ਮਾਣਯੋਗ ਸਪੀਕਰ**: ਅੱਜ ਮੈਨੂੰ ਘੰਟਾ ਕੁ ਪਹਿਲਾਂ ਇਕ ਕਾਲ ਆਈ ਕਿ ਜਿਹੜਾ ਬੱਚਾ ਦਸਵੀਂ ਵਿਚ ਪੜ੍ਹਦਾ ਸੀ ਅਤੇ ਜਿਸ ਦੀ ਬਾਂਹ ਵਿਚੋਂ ਗੋਲੀ ਆਰ ਪਾਰ ਨਿਕਲ ਗਈ ਸੀ, ਉਸ ਦੀਆਂ ਉਂਗਲਾਂ ਨੰਬ ਹੋ ਰਹੀਆਂ ਹਨ ਅਤੇ ਉਸ ਦੇ ਪਿਤਾ ਕੋਲ ਡੇਢ ਕਿੱਲਾ ਜ਼ਮੀਨ ਹੈ। ਉਹ ਗਰੀਬ ਹੈ। ਸੋ, ਮੈਂ ਆਪਣੇ ਤੌਰ ਤੇ ਫੈਸਲਾ ਕੀਤਾ ਹੈ ਕਿ ਮੈਂ ਆਪਣੀ ਇਕ ਮਹੀਨੇ ਦੀ ਤਨਖਾਹ ਉਸ ਦੇ ਇਲਾਜ ਵਾਸਤੇ ਦਿਆਂਗਾ। ਮੈਨੂੰ ਲਗਦਾ ਹੈ ਕਿ ਉਸ ਨੂੰ ਹੋਰ ਵੀ ਲੋੜ ਪੈਣੀ ਹੈ। ਮੈਂ ਉਨ੍ਹਾਂ ਨੂੰ ਅਮਨਦੀਪ ਹਸਪਤਾਲ ਵਿਖੇ ਭੇਜਣ ਲਈ ਕਿਹਾ ਸੀ। ਮੇਰਾ ਖਿਆਲ ਹੈ ਕਿ ਜੇਕਰ ਪਰਿਵਾਰ ਉੱਥੇ ਲੈ ਜਾਂਦਾ ਹੈ ਤਾਂ ਹੋਰ ਵੀ

ਵਿਧਾਇਕ ਸਾਹਿਬਾਨ ਨੂੰ ਮੈਂ ਬੇਨਤੀ ਕਰਾਂਗਾ ਕਿ ਆਪਾਂ ਸਾਰੇ ਹੀ ਉਸ ਦੀ ਮਦਦ ਕਰੀਏ ਕਿਉਂਕਿ ਉਹ ਆਪਣਾ ਹੀ ਬੱਚਾ ਹੈ।

**1505/harpreet singh/Shubham jain**
**1510/amandeep kaur**

**MATTERS RAISED DURING ZERO HOUR (*Resumption*)**

**ਸ੍ਰੀ ਅਮੋਲਕ ਸਿੰਘ (ਜੈਤੋ, ਐਸ.ਸੀ.):** ਧੰਨਵਾਦ ਸਪੀਕਰ ਸਾਹਿਬ। ਅੱਜ ਮੈਂ ਜਿਸ ਹਲਕੇ ਤੋਂ ਐਮ.ਐਲ.ਏ ਹਾਂ ਉਸ ਦੇ ਇਤਿਹਾਸ ਬਾਰੇ ਥੋੜਾ ਜਿਹਾ ਚਾਨਣਾ ਪਾਉਣਾ ਚਾਹੁੰਦਾ ਹਾਂ। ਮੇਰੀ ਕੰਸਟੀਚੂਐਂਸੀ ਜੈਤੋ ਦਾ ਇਤਿਹਾਸ ਇੰਨਾਂ ਅਮੀਰ ਹੈ ਪਰ ਹਾਲੇ ਤੱਕ ਉਥੇ ਕਿਸੇ ਵੱਲੋਂ ਧਿਆਨ ਨਹੀਂ ਦਿੱਤਾ ਗਿਆ ਹੈ। ਜੈਤੋ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨਛੋਹ ਧਰਤੀ ਹੈ। ਦੁਨੀਆਂ ਦਾ ਮਸ਼ਹੂਰ ਜੈਤੋ ਦਾ ਮੋਰਚਾ ਵੀ ਇੱਥੇ ਲਾਇਆ ਗਿਆ ਸੀ। ਪੰਡਿਤ ਜਵਾਹਰ ਲਾਲ ਨਹਿਰੂ ਜੀ ਦੀ ਪਹਿਲੀ ਸਿਆਸੀ ਗ੍ਰਿਫਤਾਰੀ ਵੀ ਇੱਥੋਂ ਹੀ ਹੋਈ ਸੀ, ਇੱਥੇ ਕਿਲੇ ਵਿੱਚ ਉਨ੍ਹਾਂ ਨੂੰ ਬੰਦ ਵੀ ਕੀਤਾ ਗਿਆ ਸੀ। ਬ੍ਰਿਟਿਸ਼ ਸਰਕਾਰਾਂ ਨੇ ਜੈਤੋ ਦੇ ਮੋਰਚੇ ਤੇ ਅੰਨੇਵਾਹ ਫਾਇਰਿੰਗ ਕੀਤੀ ਸੀ, ਜਿੱਥੇ ਕਿ ਸੈਕੜਿਆਂ ਦੀ ਸ਼ਹਾਦਤ ਹੋਈ ਸੀ। ਸੈਂਕੜੇ ਹੀ ਸਿੱਖਾਂ ਤੇ ਗੋਲੀਆਂ ਚਲਾਈਆਂ ਗਈਆਂ ਸਨ। ਉਸ ਤੋਂ ਇਲਾਵਾ ਇੱਥੇ ਅੰਗਰੇਜ਼ੀ ਹਕੂਮਤਾਂ ਨੇ 1946 ਵਿੱਚ ਗਿਆਨੀ ਜ਼ੈਲ ਸਿੰਘ ਜੀ ਦੀ ਸਰਪ੍ਰਸਤੀ ਹੇਠ ਝੰਡੇ ਦਾ ਮੋਰਚਾ ਲਾਇਆ ਗਿਆ ਸੀ, ਉਸ ਦਾ ਕੇਂਦਰ ਬਿੰਦੂ ਵੀ ਜੈਤੋ ਸੀ। ਮੇਰੀ ਬੇਨਤੀ ਹੈ ਕਿ ਜੈਤੋ ਸ਼ਹਿਰ ਨੂੰ ਇਤਿਹਾਸਕ ਸ਼ਹਿਰ ਦਾ ਦਰਜਾ ਦਿੱਤਾ ਜਾਵੇ। ਸਾਡੇ ਮੰਤਰੀ ਸਾਹਿਬ ਇੱਥੇ ਬੈਠੇ ਨਹੀਂ ਹਨ। ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਜ਼ਰੀਏ ਇਹ ਮੈਸੇਜ ਦੇਣਾ ਚਾਹੁੰਦਾ ਹਾਂ।

**ਸਰਦਾਰ ਕੁਲਵੰਤ ਸਿੰਘ ਸਿੱਧੂ (ਆਤਮ ਨਗਰ):** ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਲਈ ਮੌਕਾ ਦਿੱਤਾ ਹੈ। ਮੈਂ ਤੁਹਾਡੇ ਮਾਧਿਅਮ ਰਾਹੀਂ ਜਿਹੜੀਆਂ ਲੁਧਿਆਣਾ ਦੀਆਂ 2 ਐਸੋਸ਼ੀਏਸ਼ਨਾਂ ਹਨ, ਉਨ੍ਹਾਂ ਬਾਰੇ ਗੱਲ ਕਰਨਾ ਚਾਹਾਂਗਾ। ਲੁਧਿਆਣਾ ਸਕੂਟਰ ਬਾਜ਼ਾਰ ਐਸੋਸ਼ੀਏਸ਼ਨ, ਗਿੱਲ ਰੋਡ ਤੇ ਮਾਡਲ ਟਾਊਨ, ਲੁਧਿਆਣਾ ਇਲੈਕਟ੍ਰਿਕ ਵਹੀਕਲ ਐਸੋਸ਼ੀਏਸ਼ਨ ਪੂਰੇ ਲੁਧਿਆਣੇ ਦੀਆਂ ਹਨ, ਇਹ ਸਾਰੀਆਂ ਹੀ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦੀਆਂ ਹਨ ਕਿਉਂਕਿ ਉਨ੍ਹਾਂ ਵੱਲੋਂ ਪਿਛਲੀਆਂ ਰਵਾਇਤੀ ਸਰਕਾਰਾਂ ਵੱਲੋਂ ਸਾਲ 2023 ਤੋਂ ਉਨ੍ਹਾਂ ਤੇ ਲਗਾਏ ਗਏ ਰੋਡ ਟੈਕਸ ਮੁਆਫ ਕੀਤੇ ਹਨ। ਮੈਂ ਵਿਸ਼ੇਸ਼ ਰੂਪ ਵਿੱਚ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ। ਮੈਂ ਤੁਹਾਡੇ ਮਾਧਿਅਮ ਰਾਹੀਂ ਇੱਕ ਗੱਲ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਰਾਸ਼ਟਰੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਜੀ ਜਦੋਂ ਲੁਧਿਆਣੇ ਆਏ ਸੀ, ਉਹ ਇੱਕ ਆਟੋ ਰਿਕਸ਼ਾ ਵਾਲੇ ਦੇ ਘਰ ਵੀ ਖਾਣਾ ਖਾਣ ਗਏ ਸੀ, ਉਥੇ ਵੱਡੀ ਗਿਣਤੀ ਵਿੱਚ ਹੋਰ ਵੀ ਆਟੋ ਵਾਲੇ ਪਹੁੰਚ ਗਏ। ਉਨ੍ਹਾਂ ਨੇ ਸਵਾਗਤ ਵੀ ਕੀਤਾ ਸੀ ਤੇ ਉਨ੍ਹਾਂ ਨੇ ਰੱਜ ਕੇ ਵੋਟਾਂ ਪਾ ਕੇ ਆਪਣੀ ਸਰਕਾਰ ਲਿਆਂਦੀ ਸੀ। ਹੁਣ ਉਨ੍ਹਾਂ ਦੀਆਂ ਛੋਟੀਆਂ ਛੋਟੀਆਂ ਮੰਗਾਂ ਹਨ, ਜੇਕਰ ਤੁਸੀਂ ਕਿਰਪਾ ਦ੍ਰਿਸ਼ਟੀ ਕਰ ਦਿਓ ਤਾਂ ਮੈਂ ਸਮਝਦਾ ਹਾਂ ਕਿ ਜਿੱਥੇ ਇਹ ਗਰੀਬਾਂ ਤੇ ਪਰਉਪਕਾਰ ਹੋਵੇਗਾ, ਉਥੇ ਸਾਡੇ ਪੰਜਾਬ ਦੀ ਤਰੱਕੀ ਦੇ ਵਿੱਚ ਵੀ ਵੱਡਾ ਰੋਲ ਅਦਾ ਹੋਵੇਗਾ। ਛੋਟੀਆਂ ਮੰਗਾਂ ਇਹ ਹਨ ਕਿ

ਜਿਹੜੇ ਮਾਡਲ ਟਾਊਨ ਬਾਜ਼ਾਰ ਦੇ ਵਿੱਚ ਦੁਕਾਨਦਾਰ ਪੁਲਾਂ ਦੇ ਥੱਲੇ ਰਹਿੰਦੇ ਹਨ, ਉਨ੍ਹਾਂ ਦੇ ਕਿਰਾਏ ਉੱਤੇ ਨਜਾਇਜ਼ ਜ਼ੁਰਮਾਨਾ ਤੇ ਵਿਆਜ ਲਾਇਆ ਗਿਆ ਹੈ। ਉਸ ਨੂੰ ਮੁਆਫ ਕਰਨ ਲਈ ਉਹ ਬੇਨਤੀ ਕਰਦੇ ਹਨ। ਉਹ ਮਾਲੀਆ ਭਰਨ ਲਈ ਵੀ ਤਿਆਰ ਹਨ। ਦੂਸਰਾ ਇੱਕ ਇਲੈਕਟ੍ਰਿਕ ਸਕੂਟਰ ਹੈ, ਜਿਸ ਸਬੰਧੀ ਨਾਦਰਸ਼ਾਹੀ ਫੁਰਮਾਨ ਅਫਸਰਾਂ ਨੇ ਜਾਰੀ ਕੀਤਾ ਹੈ, 15 ਤੱਕ ਡੈੱਡਲਾਈਨ ਦਿੱਤੀ ਗਈ ਹੈ, ਕਿਰਪਾ ਕਰਕੇ ਉਸ ਵਿੱਚ 6 ਮਹੀਨੇ ਦਾ ਵਾਧਾ ਕੀਤਾ ਜਾਵੇ ਤਾਂ ਕਿ ਸਰਕਾਰ ਜੋ ਹਦਾਇਤ ਕਰੇਗੀ ਉਸ ਦੀ ਪਾਲਣਾ ਕੀਤੀ ਜਾ ਸਕੇ।

**ਸ਼੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ):** ਸਪੀਕਰ ਸਾਹਿਬ, ਦੀਨਾਨਗਰ ਵਿੱਚ ਮਕੌੜਾ ਪੱਤਣ ਇੱਕ ਐਸੀ ਜਗ੍ਹਾ ਹੈ, ਜਿੱਥੇ ਕਿ ਰਾਵੀ ਤੇ ਉਜ ਦੋਵਾਂ ਦਰਿਆਵਾਂ ਦਾ ਸੰਗਮ ਹੈ, ਕਾਨਫਲੈਂਸ ਹੈ। ਇੱਕ ਪਾਸੇ ਇੰਟਰਨੈਸ਼ਨਲ ਬਾਰਡਰ ਹੈ, ਦੂਜੇ ਪਾਸੇ ਪਿੰਡ ਹੈ। ਮੇਰੇ ਹਲਕੇ ਦੇ 7 ਪਿੰਡ ਪੈਂਦੇ ਹਨ। ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਦਰਿਆ ਵਿੱਚੋਂ ਲੰਘ ਕੇ ਜਾਣਾ ਪੈਂਦਾ ਹੈ ਹੋਰ ਕੋਈ ਕੁਨੈਕਟੀਵਿਟੀ ਨਹੀਂ ਹੈ। 2005-06 ਪਨਟੂਨ ਬ੍ਰਿਜ ਤੇ ਸਟੱਡ ਬਣਾਏ ਗਏ ਸੀ। ਲੇਕਿਨ ਜਦੋਂ ਬਰਸਾਤਾਂ ਦਾ ਮੌਸਮ ਆਉਂਦਾ ਹੈ ਤਾਂ ਉਸ ਨੂੰ ਡਿਸਮੈਂਟਲ ਕਰ ਦਿੱਤਾ ਜਾਂਦਾ ਹੈ, ਹੋਰ ਕੋਈ ਵੀ ਆਉਣ ਜਾਣ ਦਾ ਸਾਧਨ ਨਹੀਂ ਹੁੰਦਾ। ਮੇਰੀ ਗੁਜ਼ਾਰਿਸ਼ ਹੈ ਕਿ ਜਿਹੜਾ ਸੀ.ਆਰ.ਐਫ ਹੈਡ ਹੈ, ਪੈਟਰੋਲ ਡੀਜ਼ਲ ਸੈੱਸ ਦੇ ਹੈੱਡ ਵਿੱਚ 102 ਕਰੋੜ ਰੁਪਿਆ ਸੈਂਕਸ਼ਨ ਹੋਇਆ ਪਿਆ ਹੈ। ਮੈਂ ਪੀ.ਡਬਲਿਊ.ਡੀ ਮੰਤਰੀ ਜੀ ਨੂੰ ਰਿਕੁਐਸਟ ਕਰਾਂਗੀ ਕਿ ਇਸ ਨੂੰ ਸਪੀਡਲੀ ਟੇਕ-ਅੱਪ ਕਰਨ ਤਾਂ ਕਿ ਲੋਕਾਂ ਦਾ ਪੱਕਾ ਪੁੱਲ ਆਉਣ ਜਾਣ ਵਾਸਤੇ ਤਿਆਰ ਹੋ ਜਾਏ। ਕਿਉਂਕਿ ਐਮਰਜੈਂਸੀ ਵਿੱਚ ਉਹ ਲੋਕ ਬੇੜੀਆਂ ਰਾਹੀਂ ਹੀ ਆ ਜਾ ਸਕਦੇ ਹਨ। ਇੱਕ ਪਾਸੇ ਤਾਂ ਉਨ੍ਹਾਂ ਲੋਕਾਂ ਨੂੰ ਹੜ੍ਹ ਦੀ ਮਾਰ ਪੈਂਦੀ ਹੈ ਅਤੇ ਜੇਕਰ ਕੋਈ ਬੰਦਾ ਬਿਮਾਰ ਹੋ ਜਾਂਦਾ ਹੈ ਤਾਂ ਉਸ ਦਾ ਮੇਨ ਲੈਂਡ ਵਿੱਚ ਆਉਣ ਦਾ ਕੋਈ ਸਾਧਨ ਨਹੀਂ ਹੈ।

**1510/amandeep kaur/Abhishek gautam**
**1515/Tarlochan Singh**

ਦੂਸਰੀ ਗੱਲ ਹੈ ਕਿ ਪਿਛਲੀ ਸਰਕਾਰ ਵੇਲੇ ਪਰਪੋਜ਼ਲ ਬਣੀ ਸੀ, ਉਦੋਂ ਸਰਕਾਰੀਆ ਸਾਹਿਬ ਇਰੀਗੇਸ਼ਨ ਵਿਭਾਗ ਦੇ ਮੰਤਰੀ ਸਨ ਅਤੇ ਭਾਰਤ ਸਰਕਾਰ ਦੀ ਟੀਮ ਆਈ ਸੀ, ਜਿਸ ਨੇ ਦੇਖਿਆ ਸੀ ਕਿ ਉਥੇ ਸਾਰਾ ਪਾਣੀ ਪਾਕਿਸਤਾਨ ਨੂੰ ਜਾਂਦਾ ਹੈ। ਸੋ, ਇਹ ਪਾਣੀ ਦੀ ਬਹੁਤ ਬੜੀ ਵੇਸਟੇਜ ਹੈ। ਉਥੇ ਤਕਰੀਬਨ 450 ਕਰੋੜ ਰੁਪਏ ਦਾ ਬਰਾਜ ਬਣਾਉਣ ਦੇ ਪ੍ਰਾਜੈਕਟ ਦੀ ਤਜਵੀਜ਼ ਸੀ, ਜਿਸ ਦੀ ਡੀ.ਪੀ.ਆਰ. ਜਾ ਚੁੱਕੀ ਹੈ। ਸੋ, ਮੈਂ ਸੀ.ਐਮ. ਸਾਹਿਬ ਅਤੇ ਪੀ.ਡਬਲਿਯੂ.ਡੀ. ਮੰਤਰੀ ਜੀ ਨੂੰ ਮੈਂ ਬੇਨਤੀ ਕਰਾਂਗੀ ਕਿ ਇਸ ਬਰਾਜ ਬਾਰੇ ਦਿੱਲੀ (ਕੇਂਦਰ ਸਰਕਾਰ) ਵਿੱਚ ਗੱਲ ਕਰਨ ਕਿ ਜੇਕਰ ਇਹ ਬਰਾਜ ਬਣ ਜਾਵੇ ਅਤੇ ਪਾਕਿਸਤਾਨ ਨੂੰ ਜਾਣ ਵਾਲਾ ਪਾਣੀ ਪੰਜਾਬ ਵਿੱਚ ਹੀ ਇਸਤੇਮਾਲ ਕੀਤਾ ਜਾਵੇ। ਇਸ ਨਾਲ ਇੱਕ ਤਾਂ ਹੜ੍ਹਾਂ ਦੀ ਮਾਰ ਤੋਂ ਬਚਿਆ ਜਾ ਸਕੇਗਾ ਅਤੇ ਦੂਜਾ ਲੋਕਾਂ ਲਈ ਆਵਾਜਾਈ ਦਾ ਸਾਧਨ ਹੋ ਜਾਵੇਗਾ। ਪੰਜਾਬ ਵਿੱਚ ਪਾਣੀ ਦੀ ਸਖਤ ਲੋੜ ਹੈ, ਇਸ ਕਰਕੇ ਬਰਾਜ ਬਣਾਇਆ ਜਾਵੇ, ਇਹ ਬਹੁਤ ਹੀ ਜ਼ਰੂਰੀ ਹੈ।

**ਸਰਦਾਰ ਤਰੁਨਪ੍ਰੀਤ ਸਿੰਘ ਸੋਂਦ (ਖੰਨਾ)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮੈਂ ਸਰਕਾਰ ਦਾ ਧਿਆਨ ਬੜੇ ਅਹਿਮ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ। ਪਾਣੀਪਤ ਤੋਂ ਲੈ ਕੇ ਜਲੰਧਰ ਤੱਕ ਜੀ.ਟੀ. ਰੋਡ ਤੇ 5 ਟਰੌਮਾ ਸੈਂਟਰ ਹਨ। ਜਿਸ ਵਿੱਚੋਂ ਇੱਕ ਖੰਨਾ ਵਿਖੇ ਵੀ ਹੈ। ਸਾਡੇ ਕੋਲ ਬਿਲਡਿੰਗ ਵੀ ਬਹੁਤ ਸ਼ਾਨਦਾਰ ਹੈ। ਸਰਕਾਰ ਵੱਲੋਂ ਐਸ.ਐਸ.ਐਫ. ਬਣਾਉਣ ਦਾ ਬਹੁਤ ਸ਼ਾਨਦਾਰ ਉਪਰਾਲਾ ਕੀਤਾ ਗਿਆ ਹੈ। ਪਰੰਤੂ ਜਦੋਂ ਕਿਸੇ ਦੇ ਵੀ ਬਰੇਨ ਤੇ ਸੱਟ ਲੱਗਦੀ ਹੈ ਤਾਂ ਸਾਡੇ ਨੇੜੇ ਤੇੜੇ ਦੂਰ ਤੱਕ ਕੋਈ ਬਰੇਨ ਟਰੀਟਮੈਂਟ ਦਾ ਸਾਧਨ ਨਹੀਂ ਹੈ। ਸਾਨੂੰ ਬਰੇਨ ਇੰਜਰੀ ਵਾਲੇ ਮਰੀਜ਼ ਲੁਧਿਆਣਾ ਲਿਜਾਣੇ ਪੈਂਦੇ ਹਨ। ਮੈਂ ਤੁਹਾਡੇ ਮਾਧਿਅਮ ਰਾਹੀਂ ਸਿਹਤ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਖੰਨਾ ਵਿਖੇ ਇੱਕ ਐਮ.ਆਰ.ਆਈ. ਮਸ਼ੀਨ ਦੇ ਦਿਉ। ਇਸ ਟਰੌਮਾ ਸੈਂਟਰ ਨਾਲ ਸਮਰਾਲਾ, ਪਾਇਲ, ਅਮਲੋਹ ਅਤੇ ਖੰਨਾ ਚਾਰ ਹਲਕੇ ਲੱਗਦੇ ਹਨ। ਸਾਡੇ ਕੋਲ ਟਰੌਮਾ ਸੈਂਟਰ ਦੀ ਬਿਲਡਿੰਗ ਹੈ, ਸਾਨੂੰ ਸਿਰਫ ਇੱਕ ਐਮ.ਆਰ.ਆਈ. ਦੀ ਮਸ਼ੀਨ ਅਤੇ ਇੱਕ ਨਿਊਰੋਲਾਜਿਸਟ ਦੇ ਦਿਉ। ਜੇਕਰ ਤੁਸੀਂ ਸਾਡੀਆਂ ਇਹ ਸਿਰਫ ਦੋ ਚੀਜ਼ਾਂ ਪੂਰੀਆਂ ਕਰ ਦਿਉ ਤਾਂ ਬਹੁਤ ਵੱਡੇ ਏਰੀਏ ਨੂੰ ਰਾਹਤ ਮਿਲੇਗੀ।

**ਸਰਦਾਰ ਕੁਲਵੰਤ ਸਿੰਘ ਬਾਜ਼ੀਗਰ (ਸ਼ੁਤਰਾਣਾ)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਪਿਛਲੇ ਦਿਨੀਂ ਵਿਧਾਨ ਸਭਾ ਵਿੱਚ ਪੋਸਤ ਦੀ ਖੇਤੀ ਦਾ ਬਹੁਤ ਵੱਡਾ ਮੁੱਦਾ ਗਰਮਾਇਆ ਸੀ। ਹਰੇਕ ਦੇ ਚਿਹਰੇ ਤੇ ਲਾਲੀ ਆ ਗਈ ਸੀ। ਸਰ, ਮੈਂ ਮੰਤਰੀ ਸਾਹਿਬ ਨੂੰ ਬਹੁਤ ਪਿਆਰ ਕਰਦਾ ਹਾਂ, ਇਹ ਸਾਡੇ ਬਹੁਤ ਹੀ ਸਤਿਕਾਰਯੋਗ ਹਨ। ਜਦੋਂ ਮੰਤਰੀ ਸਾਹਿਬ ਨੇ ਸਵਾਲ ਦਾ ਜਵਾਬ ਨਾਂਹ ਵਿੱਚ ਦੇ ਦਿੱਤਾ ਸੀ। ਲੋਕਾਂ ਵਿੱਚ ਰੋਸ ਹੈ ਅਤੇ ਮੈਂ ਮੰਤਰੀ ਸਾਹਿਬ ਨੂੰ ਬਚਾਉਣਾ ਚਾਹੁੰਦਾ ਹਾਂ ਕਿ ਇਹ ਕਿਸਾਨਾਂ ਦੇ ਹੱਕ ਵਿੱਚ ਨਾਅਰਾ ਮਾਰਨ ਤਾਂ ਬਹੁਤ ਵਧੀਆ ਹੋਵੇਗਾ। ਇਹ ਲੋਕਾਂ ਵਿੱਚ ਜਾਣ ਜੋਗੇ ਰਹਿ ਜਾਣਗੇ। ਬਹੁਤ ਬਹੁਤ ਧੰਨਵਾਦ। (ਹਾਸਾ)

**ਮਾਣਯੋਗ ਸਪੀਕਰ** : ਮੈਂ ਇੱਕ ਗੱਲ ਕਰਦਾ ਹਾਂ ਕਿ ਚੀਨ ਬ੍ਰਿਟਿਸ਼ ਦੇ ਕੰਟਰੋਲ ਵਿੱਚ ਨਹੀਂ ਆ ਰਿਹਾ ਸੀ। ਉਨ੍ਹਾਂ ਨੇ ਲੜਾਈਆਂ ਲੜੀਆਂ ਅਤੇ ਚੀਨ ਨੇ ਉਨ੍ਹਾਂ ਨੂੰ ਹਰਾ ਦਿੱਤਾ। ਲੇਕਿਨ ਫਿਰ ਬ੍ਰਿਟਿਸ਼ ਨੇ ਕੀ ਕੀਤਾ ਕਿ ਬੰਗਾਲ ਵਿੱਚ ਅਫੀਮ ਪੈਦਾ ਕਰਵਾਈ ਅਤੇ ਓਪੀਅਮ ਵਾਰਜ਼ ਲੜੀਆਂ, ਫਿਰ ਚੀਨ ਨੂੰ ਗੁਲਾਮ ਕੀਤਾ। ਸੋ, ਹਰੇਕ ਚੀਜ਼ ਦਾ ਪਾਜ਼ੀਟਿਵ ਅਤੇ ਨੈਗੇਟਿਵ ਵਿਚਾਰ ਕੇ ਹੀ ਕਿਸੇ ਚੀਜ਼ ਵੱਲ ਜਾਇਆ ਜਾ ਸਕਦਾ ਹੈ। ਇਸ ਵਾਸਤੇ ਸਾਨੂੰ ਇੰਨਾ ਜ਼ਿਆਦਾ ਉਤਾਵਲੇ ਨਹੀਂ ਹੋਣਾ ਚਾਹੀਦਾ।

**ਸਰਦਾਰ ਅਮਰਿੰਦਰ ਸਿੰਘ ਰਾਜਾ ਵੜਿੰਗ (ਬੈਠੇ ਬੈਠੇ)** : ਹੁਣ ਤੁਸੀਂ ਬ੍ਰਿਟਿਸ਼ ਵਾਂਗ ਤਾਂ ਨਹੀਂ ਕਰਨਾ ਚਾਹੁੰਦੇ? ਤੁਹਾਡਾ ਐਸਾ ਇਰਾਦਾ ਤਾਂ ਨਹੀਂ ਹੈ?

**ਮਾਣਯੋਗ ਸਪੀਕਰ** : ਇਹ ਤਾਂ ਜਿਨ੍ਹਾਂ ਨੇ ਚਿੱਟਾ ਲਿਆਂਦਾ ਸੀ, ਉਨ੍ਹਾਂ ਨੂੰ ਦੇਖਣਾ ਪੈਣਾ ਹੈ ਕਿ ਉਨ੍ਹਾਂ ਦਾ ਕੀ ਇਰਾਦਾ ਸੀ। (ਥੰਪਿੰਗ) ਮਾਵਾਂ ਰੋਂਦੀਆਂ ਵਿਲਕਦੀਆਂ ਹਨ। ਆਪਣੇ ਬੱਚਿਆਂ ਬਾਰੇ ਮਾਵਾਂ ਖੁਦ ਕਹਿੰਦੀਆਂ ਹਨ ਕਿ ਇਸ ਨੂੰ ਅੰਦਰ ਦੇ ਦਿਉ। ਸੋ, ਇਸ ਕਰਕੇ ਇਹ ਬਹੁਤ ਸੰਵੇਦਨਸ਼ੀਲ ਵਿਸ਼ਾ ਹੈ, ਆਪਾਂ ਨੂੰ ਇਸ ਤੇ ਬਹੁਤ ਸੰਵੇਦਨਾ ਵਿਖਾਉਣੀ ਚਾਹੀਦੀ ਹੈ।

**ਸਰਦਾਰ ਕਰਮਬੀਰ ਸਿੰਘ (ਦਸੂਹਾ)** : ਸਪੀਕਰ ਸਾਹਿਬ, ਧੰਨਵਾਦ। ਮੈਂ ਸਰਕਾਰ ਦਾ ਧਿਆਨ ਇੱਕ ਬਹੁਤ ਹੀ ਜ਼ਰੂਰੀ ਇਸ਼ੂ ਵੱਲ ਦਿਵਾਉਣਾ ਚਾਹੁੰਦਾ ਹਾਂ। ਮੇਰਾ ਹਲਕਾ ਦਸੂਹਾ ਹੈ, ਇਸ ਦੇ ਨਾਲ ਤਲਵਾੜਾ ਏਰੀਆ ਹੈ। ਤਲਵਾੜਾ ਦੇ ਨਾਲ ਹੀ ਹਿਮਾਚਲ ਦੀ ਹੱਦ ਲੱਗਦੀ ਹੈ। ਹਿਮਾਚਲ ਸਰਕਾਰ ਵੱਲੋਂ ਉਥੇ ਸਾਰੀਆਂ ਫੈਕਟਰੀਆਂ ਟੈਕਸ ਫਰੀ ਲਗਾਈਆਂ ਗਈਆਂ ਹਨ। ਸਾਡੇ ਪੰਜਾਬ ਦਾ ਨੌਜਵਾਨ, ਖਾਸ ਕਰਕੇ ਮੇਰੇ ਹਲਕੇ ਦਸੂਹਾ ਦਾ ਨੌਜਵਾਨ ਉਨ੍ਹਾਂ ਫੈਕਟਰੀਆਂ ਵਿੱਚ ਕੰਮ ਕਰ ਰਿਹਾ ਹੈ। ਮੈਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਕੰਢੀ ਦੇ ਏਰੀਏ ਵਿੱਚ ਹਜ਼ਾਰਾਂ ਏਕੜ ਜ਼ਮੀਨ ਖਾਲੀ ਪਈ ਹੈ, ਉਥੇ ਕੋਈ ਨਾ ਕੋਈ ਲਘੂ ਉਦਯੋਗ ਜਾਂ ਹੋਰ ਫੈਕਟਰੀਆਂ ਲਗਾਈਆਂ ਜਾਣ। ਇਸ ਨਾਲ ਜਿੱਥੇ ਨੌਜਵਾਨਾਂ ਨੂੰ ਰੋਜ਼ਗਾਰ ਦਿੱਤਾ ਜਾ ਸਕੇਗਾ, ਉਥੇ ਸਰਕਾਰ ਨੂੰ ਵੀ ਆਮਦਨ ਹੋ ਸਕਦੀ ਹੈ।

**1515/Tarlochan Singh/Abhishek gautam**
**1520/mehak**

ਇਹ ਸਾਰਾ ਏਰੀਆ ਬਿਲਕੁਲ ਖਾਲੀ ਹੈ। ਮੈਂ ਸਰਕਾਰ ਦੇ ਧਿਆਨ ਵਿੱਚ ਇਹ ਬਹੁਤ ਅਹਿਮ ਮੁੱਦਾ ਲਿਆਉਣਾ ਚਾਹੁੰਦਾ ਹਾਂ ਕਿ ਜਲਦੀ ਤੋਂ ਜਲਦੀ ਕੰਢੀ ਦੇ ਏਰੀਏ ਵਿੱਚ ਫੈਕਟਰੀਆਂ ਲਗਾਇਆਂ ਜਾਣ।

**ਕੁੰਵਰ ਵਿਜੈ ਪ੍ਰਤਾਪ ਸਿੰਘ (ਅੰਮ੍ਰਿਤਸਰ ਉੱਤਰੀ):** ਮਾਣਯੋਗ ਸਪੀਕਰ ਸਾਹਿਬ, ਅੰਮ੍ਰਿਤਸਰ ਵਿੱਚ ਇੱਕ ਬਹੁਤ ਹੀ ਵਧੀਆ ਪਿੰਜਰਾਪੋਲ ਗਊਸ਼ਾਲਾ ਹੈ, ਜਿਸ ਨੂੰ 20 ਸਾਲ ਹੋ ਚੁੱਕੇ ਹਨ। ਇਹ ਗਊਸ਼ਾਲਾ ਅੰਮ੍ਰਿਤਸਰ ਤੇ ਅੰਮ੍ਰਿਤਸਰ ਦੇ ਲੋਕਾਂ ਦੀ ਬਹੁਤ ਵਧੀਆ ਤਰੀਕੇ ਨਾਲ ਸੇਵਾ ਨਿਭਾ ਰਹੀ ਹੈ। ਮੇਰੀ ਬੇਨਤੀ ਹੈ ਕਿ ਇਸ ਦਾ ਰੈਨੋਵੇਸ਼ਨ ਸਰਕਾਰੀ ਖਰਚੇ ਤੇ ਮਾਡਰਨ ਤਕਨਾਲੋਜੀ ਨਾਲ ਕਰ ਦਿੱਤਾ ਜਾਵੇ ਕਿਉਂਕਿ ਅਸੀਂ ਕਾਓ ਸੈੱਸ ਵੀ ਵਸੂਲ ਕਰ ਰਹੇ ਹਾਂ ਤੇ ਸਰਕਾਰ ਕੋਲ ਕਾਓ ਸੈੱਸ ਫੰਡ ਵਿੱਚ ਵਾਧੂ ਪੈਸਾ ਹੈ। ਇਸ ਗਊਸ਼ਾਲਾ ਦੀ ਜੇਕਰ ਕਾਇਆ ਪਲਟ ਹੋ ਜਾਂਦੀ ਹੈ ਤਾਂ ਇਹ ਗੁਰੂ ਨਗਰੀ ਅੰਮ੍ਰਿਤਸਰ ਦੀ ਬਹੁਤ ਵੱਡੀ ਸੇਵਾ ਹੋਵੇਗੀ। ਉੱਥੇ ਦਾ ਟਰੱਸਟ ਵੀ ਬਹੁਤ ਵਧੀਆ ਕੰਮ ਕਰ ਰਿਹਾ ਹੈ। ਇਹ ਬੇਨਤੀ ਹੈ ਕਿ ਸਰਕਾਰ ਵੱਲੋਂ ਜਾਂ ਤਾਂ ਸਿੱਧੇ ਤੌਰ ਤੇ ਕੰਮ ਕਰਵਾ ਦਿੱਤਾ ਜਾਵੇ ਜਾਂ ਘੱਟੋ ਘੱਟ ਦੋ ਕਰੋੜ ਰੁਪਏ ਟਰੱਸਟ ਨੂੰ ਦਿੱਤੇ ਜਾਣ ਤਾਂ ਉਹ ਆਪਣਾ ਕੰਮ ਕਰਵਾ ਲੈਣਗੇ। ਧੰਨਵਾਦ, ਸਪੀਕਰ ਸਾਹਿਬ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ, ਐਸ.ਸੀ.):** ਧੰਨਵਾਦ ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੇ ਕੁਝ ਮਸਲੇ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਕਾਂਗਰਸ ਦੇ ਰਾਜ ਵੇਲੇ ਆਦਮਪੁਰ ਵਿੱਚ ਇੱਕ ਡਿਗਰੀ ਕਾਲਜ ਬਣਾਉਣ ਦਾ ਐਲਾਨ ਕੀਤਾ ਗਿਆ ਸੀ ਤੇ ਸਰਕਾਰ ਨੇ ਇਸ ਦਾ ਨਾਂ ਸਾਹਿਬ ਕਾਂਸ਼ੀ ਰਾਮ ਜੀ ਦੇ ਨਾਂ ਤੇ ਰੱਖਣ ਦਾ ਐਲਾਨ ਕੀਤਾ ਸੀ। ਮੀਤ ਹੇਅਰ ਜੀ ਬੈਠੇ ਹਨ, ਪਿਛਲੇ ਦਿਨੀਂ ਉਨ੍ਹਾਂ ਵੱਲੋਂ ਪੱਤਰ ਵੀ ਆਇਆ ਸੀ ਕਿ ਲੋੜੀਂਦੀ ਜ਼ਮੀਨ ਦੇ ਦਿੱਤੀ ਜਾਵੇ ਤੇ ਨਗਰ ਕੌਂਸਲ ਆਦਮਪੁਰ ਵੱਲੋਂ ਸਰਕਾਰ ਨੂੰ ਲੋੜੀਂਦੀ ਜ਼ਮੀਨ ਮੁਹੱਈਆ ਕਰ ਦਿੱਤੀ ਗਈ ਹੈ ਪਰ ਬਜਟ ਵਿੱਚ ਉਸ ਕਾਲਜ ਨੂੰ ਬਣਾਉਣ ਲਈ ਕੋਈ ਪ੍ਰਾਵਧਾਨ ਨਹੀਂ ਕੀਤਾ ਗਿਆ ਹੈ। ਮਾਣਯੋਗ ਵਿੱਤ ਮੰਤਰੀ ਸਾਹਿਬ ਇੱਥੇ ਬੈਠੇ ਹਨ, ਮੈਂ ਤੁਹਾਡੇ ਰਾਹੀਂ ਉਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਕਾਲਜ ਇੱਕ ਮਹਾਨ ਰਹਿਬਰ ਦੇ ਨਾਂ ਤੇ

ਬਣਾਇਆ ਜਾਣਾ ਹੈ, ਜਿਸ ਨੇ ਦੁਨੀਆ ਵਿੱਚ ਰੈਵੋਲਿਊਸ਼ਨ ਲਿਆਉਣ ਲਈ, ਸਮਾਜ ਵਿੱਚ, ਦੇਸ਼ ਵਿੱਚ ਕ੍ਰਾਂਤੀ ਲਿਆਉਣ ਲਈ, ਦਲਿਤਾਂ ਦੇ ਉਥਾਨ ਤੇ ਤਰੱਕੀ ਲਈ ਬਹੁਤ ਵਧੀਆ ਕੰਮ ਕੀਤਾ ਹੈ। ਸਾਡੀ ਪਾਰਟੀ ਵੱਲੋਂ ਐਲਾਨ ਕੀਤੇ ਗਏ ਅਤੇ ਹੁਣ ਸਰਕਾਰ ਦੀ ਮੰਗ ਅਨੁਸਾਰ ਲੋੜੀਂਦੀ ਜ਼ਮੀਨ ਦੇ ਦਿੱਤੀ ਗਈ ਹੈ ਤਾਂ ਮੇਰੇ ਖਿਆਲ ਨਾਲ ਜੇਕਰ ਇਹ ਕਾਲਜ ਬਣਾਉਣਾ ਸ਼ੁਰੂ ਕਰ ਦਿੱਤਾ ਜਾਵੇ ਤਾਂ ਤੁਹਾਡਾ ਬਹੁਤ ਬਹੁਤ ਧੰਨਵਾਦ ਹੋਵੇਗਾ।

ਦੂਸਰਾ, ਕੱਲ੍ਹ ਕੇਂਦਰ ਵਾਲਿਆਂ ਨੇ ਏਅਰਪੋਰਟ ਦਾ ਉਦਘਾਟਨ ਕੀਤਾ ਹੈ, ਅਸੀਂ ਇਸ ਆਸ ਨਾਲ ਉੱਥੇ ਗਏ ਸੀ ਕਿ ਇਸ ਦਾ ਨਾਂ ਗੁਰੂ ਰਵਿਦਾਸ ਮਹਾਰਾਜ ਏਅਰਪੋਰਟ ਦੇ ਨਾਂ ਤੇ ਰੱਖਿਆ ਜਾਵੇਗਾ ਔਰ ਮੈਂ ਕੇਂਦਰੀ ਵਜ਼ੀਰ ਜੀ ਨੂੰ ਨਿੱਜੀ ਤੌਰ ਤੇ ਮਿਲਿਆ ਵੀ ਸੀ ਪਰ ਸਮੁੱਚੇ ਸਮਾਜ ਨੂੰ ਔਰ ਦੁਆਬੇ ਦੇ ਲੋਕਾਂ ਨੂੰ ਨਿਰਾਸ਼ਾ ਹੋਈ ਕਿ ਉਸ ਦਾ ਨਾਂ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਂ ਤੇ ਐਲਾਨ ਨਹੀਂ ਕੀਤਾ ਗਿਆ। ਮੈਂ ਤੁਹਾਡੇ ਰਾਹੀਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਵੀਹ ਕਰੋੜ ਰੁਪਏ ਸਾਡੀ ਸਰਕਾਰ ਨੇ ਆਦਮਪੁਰ, ਹੁਸ਼ਿਆਰਪੁਰ ਰੋਡ ਤੋਂ ਡਬਲ ਲੇਨ ਕਰਨ ਲਈ ਏਅਰਪੋਰਟ ਤੱਕ ਰੋਡ ਬਣਾਉਣ ਲਈ ਦਿੱਤਾ ਸੀ। ਕੇਂਦਰ ਵਾਲਿਆਂ ਨੇ ਤਾਂ ਧੱਕਾ ਕਰ ਲਿਆ ਤੇ ਗੁਰੂ ਮਹਾਰਾਜ ਦੇ ਨਾਂ ਤੇ ਏਅਰਪੋਰਟ ਦਾ ਨਾਂ ਨਹੀਂ ਰੱਖਿਆ, ਜੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਹੋਵੇਗਾ ਤਾਂ ਉਨ੍ਹਾਂ ਨੂੰ ਇਸ ਦੇ ਨਤੀਜੇ ਭੁਗਤਣੇ ਪੈਣਗੇ। ਚੀਮਾ ਸਾਹਿਬ ਬੈਠੇ ਹਨ, ਉਸ ਸੜਕ ਦਾ ਨਾਂ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਂ ਤੇ ਰੱਖਣ ਲਈ ਕਿਹਾ ਸੀ, ਘੱਟੋ ਘੱਟ ਉਹ ਸੜਕ ਮੁਕੰਮਲ ਕਰਵਾ ਦਿੱਤੀ ਜਾਵੇ ਤੇ ਉਸ ਦਾ ਨਾਂ ਗੁਰੂ ਰਵਿਦਾਸ ਮਹਾਰਾਜ ਦੀ ਦੇ ਨਾਂ ਤੇ ਰੱਖਿਆ ਜਾਵੇ।

**ਮਾਣਯੋਗ ਸਪੀਕਰ**: ਹੋ ਗਿਆ ਜੀ। ਤੁਸੀਂ ਦੋ ਮਿੰਟ ਉੱਪਰ ਲੈ ਗਏ ਹੋ।

**ਸਰਦਾਰ ਜਗਦੀਪ ਸਿੰਘ ਕਾਕਾ ਬਰਾੜ (ਮੁਕਤਸਰ ਸਾਹਿਬ**): ਧੰਨਵਾਦ ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਇੱਕ ਅਹਿਮ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਇੱਕ ਉਹ ਫਿਰਕਾ ਹੈ ਜਿਸ ਦੀ ਸਾਰ ਨਹੀਂ ਲਈ ਜਾ ਰਹੀ ਹੈ। ਪੰਜਾਬ ਵਿੱਚ ਵੱਡੇ ਵੱਡੇ ਮਾਲ ਬਣ ਗਏ ਹਨ ਤੇ ਪੰਜਾਬ ਦੇ ਸ਼ਹਿਰਾਂ ਵਿੱਚ ਛੋਟੇ ਦੁਕਾਨਦਾਰਾਂ ਤੋਂ ਅੱਜ ਆਪਣੇ ਘਰ ਵਿੱਚ ਰੋਟੀ ਨਹੀਂ ਬਣ ਰਹੀ ਹੈ। ਮੈਂ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਉਨ੍ਹਾਂ ਦੇ ਬੱਚਿਆਂ ਦਾ ਧਿਆਨ ਰੱਖਿਆ ਜਾਵੇ। ਮੇਰਾ ਖਿਆਲ ਹੈ ਕਿ ਸਾਡੇ ਸ਼ਹਿਰਾਂ ਵਿੱਚ ਕਈ ਇਹੋ ਜਿਹੇ ਦੁਕਾਨਦਾਰ ਹਨ, ਜਿਹੜੇ ਦੁਕਾਨ ਖੋਲ੍ਹਦੇ ਹਨ ਤੇ ਸ਼ਾਮ ਨੂੰ ਉਨ੍ਹਾਂ ਤੋਂ ਆਪਣਾ ਖਰਚਾ ਵੀ ਪੂਰਾ ਨਹੀਂ ਹੁੰਦਾ ਹੈ। ਉਹ ਆਪਣੇ ਬੱਚਿਆਂ ਦੀ ਫੀਸ, ਆਪਣਾ ਇਲਾਜ ਜਾਂ ਆਪਣੇ ਘਰ ਦਾ ਖਰਚਾ ਕਿੱਥੋਂ ਚਲਾਉਣਗੇ। ਉਹ ਫਾਈਨਾਂਸਰਾਂ ਦੇ ਥੱਲੇ ਆਈ ਜਾਂਦੇ ਹਨ। ਵੱਡੇ ਵੱਡੇ ਫਾਈਨਾਂਸਰ ਉਨ੍ਹਾਂ ਨੂੰ ਲੁੱਟ ਕੇ ਖਾਈ ਜਾਂਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਇਹ ਜਿਹੜਾ ਫਿਰਕਾ ਸਾਡੇ ਤੋਂ ਪਿਛੜ ਰਿਹਾ ਹੈ ਇਸ ਵੱਲ ਵਿਸ਼ੇਸ਼ ਧਿਆਨ ਦੇ ਕੇ ਤੇ ਵਿਸ਼ੇਸ਼ ਸਹੂਲਤਾਂ ਦੇ ਕੇ ਜਿਹੜਾ ਤਰੱਕੀ ਰਾਬਤਾ ਸਮਾਜ ਮਾਲਾਂ ਵਿੱਚ ਬਦਲ ਗਿਆ ਹੈ, ਆਪਾਂ ਇਸ ਫਿਰਕੇ ਨੂੰ ਵੀ ਬਚਾ ਸਕੀਏ।

**1520/mehak/ Harjinder singh**
**1525/Sukhpiar Singh**

ਜਿਹੜੇ ਸਾਡੇ ਗਰੀਬ ਅਤੇ ਛੋਟੇ ਦੁਕਾਨਦਾਰ ਜਿਨ੍ਹਾਂ ਕੋਲ ਇਨਕਮ ਦੇ ਕੋਈ ਸੋਰਸ ਨਹੀਂ ਰਹੇ। ਉਹ ਸਿਰਫ ਦੁਕਾਨ ਖੋਲ੍ਹਦੇ ਹਨ, ਉਨ੍ਹਾਂ ਵਿੱਚੋਂ ਬਹੁਤ ਸਾਰੇ ਸੁਸਾਇਡ ਦੀ ਹਾਲਤ ਵੱਲ ਜਾ ਰਹੇ ਹਨ। ਇਸ ਕਰਕੇ ਛੋਟੇ ਦੁਕਾਨਦਾਰਾਂ ਦਾ ਫਿਰਕਾ ਪੰਜਾਬ ਵਿੱਚ ਖਤਮ ਹੋਣ ਦੇ ਕਿਨਾਰੇ ਹੋ ਰਿਹਾ ਹੈ। ਉਹ ਭਾਵੇਂ ਕਿਸੇ ਭਾਈਚਾਰੇ ਨਾਲ ਹੋਵੇ। ਛੋਟਾ ਦੁਕਾਨਦਾਰ ਖਤਮ ਹੋ ਰਿਹਾ ਹੈ। ਇਸ ਨੂੰ ਬਚਾਉਣ ਲਈ ਸਰਕਾਰ ਕੋਈ ਜ਼ਰੂਰ ਉਪਰਾਲਾ ਕਰੇ। ਧੰਨਵਾਦ ਜੀ।

-------

## ANNOUNCEMENT BY THE SPEAKER REGARDING SENDING D.O. LETTERS TO THE HON'BLE SPEAKERS OF ALL THE LEGISLATIVE ASSEMBLIES MENTIONING THE SELFLESS STRUGGLE OF THE FARMERS FOR THE COUNTRY, THE CONSUMERS AND THE SMALL SHOPKEEPERS

**ਮਾਣਯੋਗ ਸਪੀਕਰ**: ਇਹ ਛੋਟੇ ਦੁਕਾਨਦਾਰ ਨੂੰ ਬਚਾਉਣ ਦੀ ਲੜਾਈ ਤਾਂ ਕਿਸਾਨ ਬਾਰਡਰਾਂ ਤੇ ਲੜ ਰਹੇ ਹਨ। ਇਹ ਬੜਾ ਵੱਡਾ ਕੁਐਸ਼ਚਨ ਹੈ। ਕਿਸਾਨਾਂ ਨੂੰ ਪਤਾ ਨਹੀਂ ਕਿਉਂ vilify ਕਰ ਦਿੱਤਾ ਅਤੇ ਉਨ੍ਹਾਂ ਨੂੰ ਇਹ ਕਹਿਣ ਦੀ ਕੋਸ਼ਿਸ਼ ਕਰ ਦਿੱਤੀ ਕਿ ਉਹ ਆਪਣੀ ਲੜਾਈ ਲੜ ਰਹੇ ਹਨ। ਇਹ ਆਪਣੀ ਨਹੀਂ, ਇਹ ਦੇਸ਼ ਦੀ ਲੜਾਈ ਲੜ ਰਹੇ ਹਨ, ਉਹ ਛੋਟੇ ਦੁਕਾਨਦਾਰ ਦੀ ਲੜਾਈ ਲੜ ਰਹੇ ਹਨ, ਉਹ ਸਾਡੇ ਕੰਜ਼ਿਊਮਰ ਦੀ ਲੜਾਈ ਲੜ ਰਹੇ ਹਨ। ਸੇਬ 50 ਪੈਸੇ ਦਾ ਲੈ ਕੇ ਜਿਹੜੇ 80-80 ਰੁਪਏ ਦਾ ਵੇਚਦੇ ਹਨ, ਉਨ੍ਹਾਂ ਤੇ ਅੰਕੁਸ਼ ਲਗਾਉਣ ਦੀ ਲੜਾਈ ਲੜ ਰਹੇ ਹਨ ਤਾਂ ਕਿ ਕੰਜ਼ਿਊਮਰ ਨੂੰ ਬਚਾਇਆ ਜਾਵੇ। ਮੈਂ ਬਤੌਰ ਸਪੀਕਰ ਸਾਰੇ ਦੇਸ਼ ਦੇ ਸਪੀਕਰ ਸਾਹਿਬਾਨਾਂ ਨੂੰ ਇਸ ਸਬੰਧੀ ਇੱਕ ਚਿੱਠੀ ਵੀ ਲਿਖਣ ਜਾ ਰਿਹਾ ਹਾਂ। Better will shall prevail ਕਿਉਂਕਿ ਇਹ ਮੰਗਾਂ ਇਕੱਲੇ ਪੰਜਾਬ ਦੇ ਕਿਸਾਨਾਂ ਦੀ ਮੰਗ ਨਹੀਂ ਹੈ, ਇਹ ਦੇਸ਼ ਦੀ ਲੜਾਈ ਪੰਜਾਬ ਦੇ ਕਿਸਾਨ ਲੜ ਰਹੇ ਹਨ ਔਰ ਕੰਜ਼ਿਊਮਰ ਦੀ ਲੜਾਈ ਲੜ ਰਹੇ ਹਨ। ਇਸ ਨੂੰ ਕੰਜ਼ਿਊਮਰ ਦੀ ਲੜਾਈ ਸਮਝ ਕੇ ਹੀ ਅੱਗੇ ਲੈ ਕੇ ਜਾਣਾ ਚਾਹੀਦਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

-------

## MATTERS RAISED DURING ZERO HOUR (*Resumption*)

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.)**: ਪਹਿਲਾਂ ਜੋ ਤੁਸੀਂ ਬੱਚੇ ਬਾਰੇ ਗੱਲ ਕੀਤੀ ਹੈ, ਉਸ ਵਿੱਚ ਮੇਰੀ ਤਨਖਾਹ ਵਿੱਚੋਂ 10,000/- ਰੁਪਏ ਕੱਟ ਕੇ ਭੇਜ ਦਿੱਤਾ ਜਾਵੇ। ਤੁਹਾਡਾ ਬੜਾ ਧੰਨਵਾਦ ਕਿ ਤੁਸੀਂ ਇਸ ਤਰ੍ਹਾਂ ਦੇ ਕੰਮਾਂ ਲਈ ਸਾਨੂੰ ਮੋਟੀਵੇਟ ਕਰਦੇ ਹੋ। ਸਰ, ਮੈਂ ਸਰਕਾਰ ਦੇ ਧਿਆਨ ਵਿੱਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਮਿਤੀ 25.1.2024 ਨੂੰ ਪ੍ਰਿੰਸੀਪਲ ਕਾਡਰ ਤੋਂ ਜ਼ਿਲ੍ਹਾ ਸਿੱਖਿਆ ਅਫਸਰ ਜਾਂ ਸਹਾਇਕ ਡਾਇਰੈਕਟਰ ਪ੍ਰਮੋਟ ਹੋਏ ਹਨ। ਉਨ੍ਹਾਂ ਵਿੱਚ ਜੋ ਐਸ.ਸੀ. ਸਮਾਜ ਦੇ ਪ੍ਰਿੰਸੀਪਲ ਸੀ, ਜਿਹੜੇ 2010 ਵਿੱਚ ਪ੍ਰਮੋਟ ਹੋਏ ਸੀ ਅਤੇ ਸੀਨੀਆਰਤਾ ਸੂਚੀ ਮੁਤਾਬਿਕ ਉਹ 2010 ਵਿੱਚ ਲੈਕਚਰਾਰ ਤੋਂ ਪ੍ਰਿੰਸੀਪਲ ਬਣੇ। ਜਦੋਂ ਇਹ ਪ੍ਰਿੰਸੀਪਲ ਤੋਂ ਡੀ.ਓ. ਜਾਂ ਸਹਾਇਕ ਡਾਇਰੈਕਟਰ ਪ੍ਰਮੋਟ ਕਰਨੇ ਸੀ, ਉਸ

ਵਿੱਚ ਇਨ੍ਹਾਂ ਨੂੰ ਇਗਨੋਰ ਕਰਕੇ ਜੋ ਮੁੱਖ ਅਧਿਆਪਕ 2014 ਵਿੱਚ ਪ੍ਰਿੰਸੀਪਲ ਬਣੇ ਸੀ, ਉਨ੍ਹਾਂ ਨੂੰ ਤਾਂ ਪ੍ਰਮੋਟ ਕਰ ਦਿੱਤਾ ਗਿਆ ਪਰ 2010 ਵਾਲੇ ਐਸ.ਸੀ. ਸਮਾਜ ਦੇ ਪ੍ਰਿੰਸੀਪਲਾਂ ਨੂੰ ਪ੍ਰਮੋਟ ਨਹੀਂ ਕੀਤਾ ਗਿਆ। ਮੈਂ ਇਹ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜੋ ਐਸ.ਸੀ. ਸਮਾਜ ਦੇ ਪ੍ਰਿੰਸੀਪਲ ਚਾਰ ਸਾਲ ਪਹਿਲਾਂ ਪ੍ਰਮੋਟ ਹੋ ਗਏ ਸੀ, ਉਨ੍ਹਾਂ ਨੂੰ ਵੀ ਡੀ.ਓ. ਜਾਂ ਸਹਾਇਕ ਡਾਇਰੈਕਟਰ, ਜੋ ਵੀ ਸੀਨੀਆਰਤਾ ਬਣਦੀ ਹੈ, ਉਸ ਮੁਤਾਬਿਕ ਉਨ੍ਹਾਂ ਨੂੰ ਪ੍ਰਮੋਟ ਕੀਤਾ ਜਾਵੇ।

**ਮਾਣਯੋਗ ਸਪੀਕਰ:** ਮੇਰੇ ਗੁਆਂਢੀ ਹਨ ਜੀ, ਗੁਆਂਢੀ ਦਾ ਖਿਆਲ ਰੱਖਣਾ ਚਾਹੀਦਾ ਹੈ। ਹਾਂ ਜੀ, ਰਾਜਾ ਵੜਿੰਗ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਇੱਕ ਜੋ ਤੁਸੀਂ ਹੁਕਮ ਲਗਾਇਆ ਹੈ ਕਿ ਉਸ ਨੌਜਵਾਨ ਦੀ ਮਦਦ ਕਰਨੀ ਹੈ। ਮੈਂ ਆਪਣੀ ਤਨਖਾਹ ਵਿੱਚੋਂ ਜਿੰਨੇ ਤਨਖਾਹ ਦੇ ਪੈਸੇ ਹੁੰਦੇ ਹਨ, ਅੱਜ ਅਮਨਦੀਪ ਹਸਪਤਾਲ ਵਿਖੇ ਪਹੁੰਚਾ ਦੇਵਾਂਗਾ। ਦੂਸਰਾ, ਮੈਂ ਗੱਲ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਪੰਜਾਬ ਦੇ ਕਿਸਾਨ ਦੇ ਦਰਦ ਬਾਰੇ ਗੱਲ ਕੀਤੀ ਹੈ ਕਿ ਉਹ ਕੰਜ਼ਿਊਮਰ ਅਤੇ ਪੰਜਾਬ ਦੇ ਲੋਕਾਂ ਦੀ ਲੜਾਈ ਲੜ ਰਿਹਾ ਹੈ।

**ਮਾਣਯੋਗ ਸਪੀਕਰ:** ਦੇਸ਼ ਦੇ ਲੋਕਾਂ ਦੀ ਲੜਾਈ ਲੜ ਰਹੇ ਹਨ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਹਾਂ ਜੀ ਦੇਸ਼ ਦੇ ਲੋਕਾਂ ਦੀ ਲੜਾਈ ਲੜ ਰਹੇ ਹਨ ਪਰ ਮੇਰੀ ਬੇਨਤੀ ਹੈ ਕਿ ਸਦਨ ਨੂੰ ਚਲਦਿਆਂ ਕਾਫੀ ਦਿਨ ਹੋ ਗਏ ਹਨ। ਸਾਡੀ ਕਿਸਾਨਾਂ ਦੇ ਮਾਮਲੇ ਤੇ ਕਿਸੇ ਪ੍ਰਕਾਰ ਦੀ ਕੋਈ ਬਹਿਸ ਨਹੀਂ ਰੱਖੀ ਹੈ। ਮੈਨੂੰ ਲੱਗਦਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇੱਕ ਮੁਕੰਮਲ ਸਮਾਂ ਅਸੀਂ ਕਿਸਾਨੀ ਉੱਤੇ ਗੱਲ ਕਰੀਏ ਕਿਉਂਕਿ ਕਿਸਾਨ ਬਾਰਡਰ ਤੇ ਬੈਠਾ ਹੈ, ਉਸ ਬਾਰੇ ਕੀ ਹੋਣਾ ਚਾਹੀਦਾ ਹੈ।

ਇੱਕ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਖਿਲਾਫ ਨਿੰਦਾ ਪ੍ਰਸਤਾਵ ਲਿਆਉਣਾ ਚਾਹੀਦਾ ਹੈ, ਜਿਸ ਪ੍ਰਕਾਰ ਦਾ ਵਤੀਰਾ ਉਨ੍ਹਾਂ ਨੇ ਬਾਰਡਰ ਤੇ ਬੈਠੇ ਕਿਸਾਨਾਂ ਨਾਲ ਕੀਤਾ ਹੈ, ਸਾਨੂੰ ਇਹ ਬਣਾ ਦਿੱਤਾ ਕਿ ਅਸੀਂ ਜਿਵੇਂ ਪਾਕਿਸਤਾਨੀ ਹਾਂ। ਸੋ, ਮੈਂ ਸਮਝਦਾ ਹਾਂ ਕਿ ਇਸ ਤੇ ਜ਼ਰੂਰੀ ਬਹਿਸ ਅਤੇ ਨਿੰਦਾ ਪ੍ਰਸਤਾਵ ਲੈ ਕੇ ਆਉਣਾ ਚਾਹੀਦਾ ਹੈ।

ਇਸੇ ਤਰ੍ਹਾਂ ਹੀ ਗੜੇਮਾਰੀ ਦੀ ਮਾਰ ਕਾਰਨ ਭੁੱਚੋ, ਬਠਿੰਡਾ ਦਿਹਾਤੀ, ਕੋਟਭਾਈ, ਦੌਲਾ, ਪੇਓਰੀ ਆਦਿ ਪਿੰਡਾਂ ਵਿਖੇ ਕਿਸਾਨਾਂ ਦਾ ਕਾਫੀ ਨੁਕਸਾਨ ਹੋ ਗਿਆ ਹੈ। ਮੈਂ ਸਮਝਦਾ ਹਾਂ ਕਿ ਸਰਕਾਰ ਕਿਰਪਾ ਕਰਕੇ ਕਿਸਾਨਾਂ ਵੱਲ ਵਿਸ਼ੇਸ਼ ਧਿਆਨ ਦੇਵੇ ਤਾਂ ਜੋ ਜਿਸ ਪ੍ਰਕਾਰ ਦੇ ਆਲਰੇਡੀ ਕਿਸਾਨ ਦੇ ਹਾਲਾਤ ਹਨ, ਉਨ੍ਹਾਂ ਤੋਂ ਕਿਸਾਨ ਬਚ ਸਕੇ। ਮੈਂ ਉਮੀਦ ਕਰਾਂਗਾ ਕਿ ਤੁਸੀਂ ਜਿਸ ਤਰ੍ਹਾਂ ਦਾ ਦਰਦ ਕਿਸਾਨਾਂ ਪ੍ਰਤੀ ਜ਼ਾਹਿਰ ਕੀਤਾ ਹੈ, ਘੱਟੋ-ਘੱਟ ਇੱਕ ਦਿਨ ਦੀ ਬਹਿਸ ਕਿਸਾਨੀ ਇਸ਼ੂ ਤੇ ਹੋਣੀ ਚਾਹੀਦੀ ਹੈ ਅਤੇ ਅਸੀਂ ਸਾਰੇ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਖਿਲਾਫ ਨਿੰਦਾ ਪ੍ਰਸਤਾਵ ਯੂਨੈਨੀਮਸਲੀ ਲੈ ਕੇ ਆਵਾਂਗੇ।

**1525/Sukhpiar Singh/ Harjinder singh**
**1530/Manika Rani**

**ਸਰਦਾਰ ਸੁਖਵੀਰ ਸਿੰਘ ਮਾਈਸਰਖਾਨਾ (ਮੌੜ):** ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਲਸਾੜਾ ਡਰੇਨ ਮੇਰੇ ਹਲਕੇ ਦੇ ਕਈ ਪਿੰਡਾਂ ਵਿੱਚੋਂ ਦੀ ਗੁਜ਼ਰਦੀ ਹੈ। ਉਸ ਉੱਪਰ ਇੱਕ ਜੇਠੂਕੇ ਅਤੇ ਰਠਿਆੜਵਾਲਾ ਦੋ ਪੁਲ ਕਾਫੀ ਜ਼ਿਆਦਾ ਖਸਤਾ ਹਾਲਤ ਵਿੱਚ ਹਨ। ਕੋਈ ਵੀ ਹਾਦਸਾ ਵਾਪਰ ਸਕਦਾ ਹੈ। ਮੈਂ ਤੁਹਾਡੇ ਮਾਧਿਅਮ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਪੁਲਾਂ ਦਾ ਨਵੀਨੀਕਰਨ ਕੀਤਾ ਜਾਵੇ। ਦੂਸਰਾ, ਇੱਕ ਜਵਾਹਰ ਨਗਰ ਹੈ ਜਿਹੜਾ ਕਿ ਪਹਿਲੀਆਂ ਸਰਕਾਰਾਂ ਵੇਲੇ ਰਾਮਪੁਰਾ ਦਾ ਇੱਕ ਹਿੱਸਾ ਹੁੰਦਾ ਸੀ। ਉਸ ਨੂੰ ਰਾਮਪੁਰੇ ਨਾਲੋਂ ਤੋੜ ਕੇ ਮੇਰੇ ਹਲਕੇ ਮੌੜ ਵਿੱਚ ਪਾ ਦਿੱਤਾ ਹੈ। ਉਸ ਕਸਬੇ ਦਾ ਸੀਵਰੇਜ਼ ਰਾਮਪੁਰਾ ਨਾਲ ਜੁੜਿਆ ਹੋਇਆ ਹੈ। ਰਾਮਪੁਰਾ ਨਗਰ ਕੌਂਸਲ ਅਤੇ ਸੀਵਰੇਜ ਬੋਰਡ ਵੱਲੋਂ ਇਸ ਕਸਬੇ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਕ੍ਰਿਪਾ ਕਰਕੇ ਇਸ ਦਾ ਹੱਲ ਕਰਵਾਇਆ ਜਾਵੇ ਅਤੇ ਇਸ ਕਸਬੇ ਨੂੰ ਦੁਬਾਰਾ ਰਾਮਪੁਰੇ ਵਿੱਚ ਐਡ ਕਰਵਾਇਆ ਜਾਵੇ। ਜਵਾਹਰ ਨਗਰ ਵਾਲੇ ਚਾਹੁੰਦੇ ਹਨ ਕਿ ਸਾਨੂੰ ਰਾਮਪੁਰਾ ਵਿੱਚ ਐਡ ਕੀਤਾ ਜਾਵੇ। ਇਸ ਤੋਂ ਇਲਾਵਾ ਜਦੋਂ ਜਵਾਹਰ ਨਗਰ ਨੂੰ ਅੱਡ ਕੀਤਾ ਗਿਆ ਹੈ ਤਾਂ ਉਸ ਦਾ ਬਣਦਾ ਹਿੱਸਾ ਵੀ ਨਹੀਂ ਦਿੱਤਾ ਗਿਆ। ਦੂਸਰਾ, ਮੈਂ ਖੇਡ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਤਿੰਨ ਖੇਡ ਨਰਸਰੀਆਂ ਮੌੜ ਵਿੱਚ ਦਿੱਤੀਆਂ ਹਨ। ਪਰੰਤੂ ਮੈਂ ਖੇਡ ਮੰਤਰੀ ਜੀ ਨੂੰ ਇਹ ਵੀ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਮੈਂ ਬਾਲਿਆਂਵਾਲੀ ਅਤੇ ਬੰਗੀ ਕਲਾਂ ਦੋ ਨਰਸਰੀਆਂ ਵਾਸਤੇ ਕਿਹਾ ਸੀ, ਜੋ ਕਿ ਅਧੂਰੀਆਂ ਹਨ। ਇਸ ਤੋਂ ਇਲਾਵਾ ਖੇਡ ਨਰਸਰੀ ਉੱਤੇ ਮੈਂ ਇੱਕ ਗੱਲ ਰੱਖਣੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੇਰੇ ਬਚਪਨ ਦੀ ਗੱਲ ਹੈ ਕਿ ਮੈਂ ਸੰਗਰੂਰ ਜ਼ਿਲ੍ਹੇ ਦੇ ਇੱਕ ਲਹਿਰਾਗਾਗੇ ਦੇ ਪਿੰਡ ਵਿਚਲੇ ਸਰਕਾਰੀ ਸਕੂਲ ਵਿੱਚ ਪੜ੍ਹਦਾ ਹੁੰਦਾ ਸੀ।

**ਮਾਣਯੋਗ ਸਪੀਕਰ:** ਕਨਕਲੂਡ ਕਰ ਲਓ। ਤੁਹਾਡੇ ਦੋ ਮਿੰਟ ਹੋਣ ਵਾਲੇ ਹਨ।

**ਸਰਦਾਰ ਸੁਖਵੀਰ ਸਿੰਘ ਮਾਈਸਰਖਾਨਾ:** ਮੈਂ ਬਾਕਸਿੰਗ ਖੇਡਦਾ ਹੁੰਦਾ ਸੀ। ਮੈਂ ਮਾਈਸਰਖਾਨਾ ਸਕੂਲ ਵਿੱਚ ਦਾਖਲਾ ਲਿਆ, ਮੈਨੂੰ ਉਥੇ ਬਾਕਸਿੰਗ ਦਾ ਕੋਈ ਸਮਾਨ ਨਹੀਂ ਮਿਲਿਆ। ਮੈਂ ਬਹੁਤ ਸਾਰੇ ਪ੍ਰਿੰਸੀਪਲ ਸਾਹਿਬਾਨਾਂ ਕੋਲ ਗਿਆ। (ਵਿਘਨ)

**ਮਾਣਯੋਗ ਸਪੀਕਰ:** ਬੈਠੋ ਜੀ। ਹਾਂ ਜੀ, ਸਰਦਾਰ ਹਰਮੀਤ ਸਿੰਘ ਪਠਾਨਮਾਜਰਾ।

**ਸਰਦਾਰ ਹਰਮੀਤ ਸਿੰਘ ਪਠਾਨਮਾਜਰਾ (ਸਨੌਰ):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਜੀ। ਸਰ, ਮੈਂ ਪੰਜਾਬ ਦੇ ਸ਼ੈਲਰਾਂ ਬਾਰੇ ਗੱਲ ਕਰਨੀ ਹੈ। ਜਿਹੜੇ ਪੰਜਾਬ ਦੇ 1885 ਸ਼ੈਲਰ ਹਨ, ਉਹ ਡਿਫਾਲਟਰ ਹੋਏ ਹਨ। ਇਹ 2013-14 ਵਿੱਚ ਡਿਫਾਲਟਰ ਹੋਏ ਹਨ, ਉਸ ਦੇ ਕਾਰਨ 221 ਝੋਨਾ ਆਇਆ ਸੀ। ਸਪੀਕਰ ਸਾਹਿਬ, ਸ਼ੈਲਰ ਐਸੋਸੀਏਸ਼ਨ ਚਾਹੁੰਦੀ ਹੈ ਕਿ ਸਾਨੂੰ ਓ.ਟੀ.ਐਸ. ਸਕੀਮ ਵਿੱਚ ਲਿਆ ਕੇ ਸਾਡਾ ਵਿਆਜ ਮੁਆਫ ਕੀਤਾ ਜਾਵੇ ਅਤੇ ਸਰਕਾਰ ਜਿੰਨੀ ਸਾਨੂੰ ਰਾਹਤ ਦੇ ਸਕਦੀ ਹੈ, ਉਹ ਦੇਵੇ। ਦੂਸਰਾ, ਇੱਕ ਸ਼ੈਲਰ ਵਿੱਚ 25 ਬੰਦੇ ਕੰਮ ਕਰਦੇ ਹਨ। ਡਿਫਾਲਟਰ ਸ਼ੈਲਰਾਂ ਦੀ ਅਮਾਊਂਟ 11,917 ਕਰੋੜ ਰੁਪਏ ਹੈ। ਜੇਕਰ ਆਪਾਂ ਸਾਰੇ ਸ਼ੈਲਰ ਬਹਾਲ ਕਰ ਦੇਈਏ ਤਾਂ 47,000 ਬੰਦਾ ਕਾਮਾ ਲੱਗ ਸਕਦਾ ਹੈ। ਇਸ ਤੇ

ਜ਼ਰੂਰ ਮੰਤਰੀ ਸਾਹਿਬ ਗੌਰ ਕਰਕੇ ਇਨ੍ਹਾਂ ਨੂੰ ਜ਼ਰੂਰ ਰਾਹਤ ਦਿੱਤੀ ਜਾਵੇ ਤਾਂ ਕਿ ਵਾਪਰੀ ਆਪਣਾ ਵਾਪਰ ਦੁਬਾਰਾ ਤੋਂ ਸ਼ੁਰੂ ਕਰ ਸਕਣ। ਜਿਹੜੇ ਸਾਰੇ ਸ਼ੈਲਰ ਕੰਡਮ ਹਨ, ਉਹ ਚਲ ਸਕਣ। ਧੰਨਵਾਦ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)** : ਬਹੁਤ ਮਿਹਰਬਾਨੀ ਸਪੀਕਰ ਸਾਹਿਬ। ਮੈਂ ਸੈਕੰਡ ਕਰਾਂਗਾ, ਜੋ ਰਾਜਾ ਵੜਿੰਗ ਜੀ ਨੇ ਤੁਹਾਨੂੰ ਗੁਜਾਰਿਸ਼ ਕੀਤੀ ਹੈ। ਸਪੀਕਰ ਸਾਹਿਬ, ਸਾਨੂੰ ਗਵਰਨਰ ਐਡਰੈਸ ਤੇ ਬਹਿਸ ਕਰਨ ਦਾ ਮੌਕਾ ਨਹੀਂ ਮਿਲ ਸਕਿਆ। ਜਿਸ ਕਿਸਮ ਦੇ ਹਾਲਾਤ ਸਨ, ਇਹ ਤੁਹਾਨੂੰ ਪਤਾ ਹੈ। ਪੰਜਾਬ ਦੇ ਕਿਸਾਨਾਂ ਦਾ ਜੋ ਬਾਰਡਰ ਤੇ ਹਾਲ ਹੈ, ਘੱਟ ਤੋਂ ਘੱਟ ਸਾਰੀਆਂ ਪੁਲਟੀਕਲ ਜਮਾਤਾਂ ਉਨ੍ਹਾਂ ਦੀ ਪਿੱਠ ਦੇ ਪਿੱਛੇ ਹੋਣੀਆਂ ਚਾਹੀਦੀਆਂ ਹਨ। ਸੈਂਟਰ ਦਾ ਜੋ ਇਸ ਸਮੇਂ ਤੌਰ ਤਰੀਕਾ ਚੱਲ ਰਿਹਾ ਹੈ, ਵੇਖੋ ਤੁਸੀਂ ਵੀ ਜਾਣਦੇ ਹੋ ਅਤੇ ਅਸੀਂ ਵੀ ਜਾਣਦੇ ਹਾਂ। ਸੈਂਟਰ ਦੀ ਸਰਕਾਰ ਕਾਰਪੋਰੇਟਸ ਦੇ ਹੱਥ ਵਿੱਚ ਹੈ। ਕਾਰਪੋਰੇਟਸ ਦੀ ਮੱਦਦ ਕਰ ਰਹੀ ਹੈ। ਜੇ ਕਾਰਪੋਰੇਟਸ ਦੀ ਮਦਦ ਕਰਨਗੇ ਤਾਂ ਕਿਸਾਨ ਦਾ ਪੇਟ ਕੱਟਿਆ ਜਾਵੇਗਾ ਅਤੇ ਜੇਕਰ ਕਿਸਾਨ ਦੀ ਮਦਦ ਕਰਨਗੇ ਤਾਂ ਕਾਰਪੋਰੇਟਸ ਦਾ ਪੇਟ ਕੱਟਿਆ ਜਾਵੇਗਾ। ਸੋ, ਇਸ ਗੱਲ ਕਾਰਨ ਸਮੁੱਚੇ ਪੰਜਾਬ ਦੀਆਂ ਸਾਰੀਆਂ ਪੁਲਟੀਕਲ ਜਮਾਤਾਂ ਉਨ੍ਹਾ ਦੇ ਹੱਕ ਵਿੱਚ ਖੜ੍ਹਨ। ਜੋ ਕਿਸਾਨਾਂ ਦੇ ਖਿਲਾਫ ਹਨ, ਉਨ੍ਹਾਂ ਦਾ ਵੀ ਪਤਾ ਲੱਗ ਜਾਣਾ ਚਾਹੀਦਾ ਹੈ, ਘੱਟੋ ਘੱਟ ਤੁਸੀਂ ਯੂਨਾਨੀਮਸਲੀ ਇੱਕ ਦਿਨ ਕਿਸਾਨਾਂ ਦੇ ਮੁੱਦੇ ਉੱਤੇ ਲਗਾਉ ਕਿਉਂਕਿ 15 ਤਰੀਕ ਤੱਕ ਦਾ ਹਾਊਸ ਹੈ। ਕ੍ਰਿਪਾ ਕਰਕੇ threadbare discussion ਹੋਵੇ, ਉਸ ਵਿੱਚ ਅਸੀਂ ਆਪਣਾ ਕੋਈ ਕਿੰਤੂ ਪਰੰਤੂ ਨਹੀਂ ਕਰਾਂਗੇ, ਇਸ ਦਾ ਤੁਹਾਨੂੰ ਵਿਸ਼ਵਾਸ ਦਿਵਾਉਂਦੇ ਹਾਂ। ਇਹ ਸਾਰੇ ਪੰਜਾਬ ਦੇ ਕਿਸਾਨਾਂ ਦੀ ਜੈਨੂਅਨ ਪਿਕਚਰ ਹੈ, ਸਾਰੇ ਦੇਸ਼ ਦੇ ਸਾਹਮਣੇ ਜਾਣੀ ਚਾਹੀਦੀ ਹੈ। ਲਾਸਟ ਵਿੱਚ, ਜਿਹੜੀ ਗੱਲ ਕੋਟਲੀ ਸਾਹਿਬ ਨੇ ਕਹੀ ਹੈ, ਮੈਂ ਬੇਨਤੀ ਕਰਾਂਗਾ ਕਿ ਜਿਹੜਾ ਗੁਰੂ ਰਵੀਦਾਸ ਮਹਾਰਾਜ ਜੀ ਦੇ ਨਾਂ ਤੇ ਏਅਰਪੋਰਟ ਨਹੀਂ ਕੀਤਾ, ਉਹ ਕਰਨਾ ਚਾਹੀਦਾ ਹੈ । ਮੇਰੀ ਬੇਨਤੀ ਹੈ ਕਿ ਇੱਥੋਂ ਯੂਨਾਨੀਮਸਲੀ ਰੈਜ਼ੋਲਿਊਸ਼ਨ ਪਾਸ ਕਰਕੇ ਸਿਵਲ ਏਵੀਏਸ਼ਨ ਮਨਿਸਟਰ ਸਾਹਿਬ ਨੂੰ ਭੇਜਿਆ ਜਾਵੇ।

**1535/Gurpreet kaur**

ਜੇਕਰ ਇਸ ਸਬੰਧੀ ਮਤਾ ਇਹ ਤੁਸੀਂ ਆਲਰੇਡੀ ਪਾਸ ਕੀਤਾ ਹੈ ਤਾਂ ਸਿਵਲ ਏਵੀਏਸ਼ਨ ਮਨਿਸਟਰੀ ਨੂੰ ਰੈਜ਼ੋਲਿਓਸ਼ਨ ਦੀ ਕਾਪੀ ਭੇਜੀ ਜਾਵੇ ਕਿ ਵਿਧਾਨ ਸਭਾ ਨੇ ਇੱਕ ਯੂਨੈਨੀਮਸ ਰੈਜ਼ੋਲਿਓਸ਼ਨ ਪਾਸ ਕੀਤਾ ਹੈ ਕਿ ਆਦਮਪੁਰ ਏਅਰਪੋਰਟ ਦਾ ਨਾਮ ਗੁਰੂ ਰਵਿਦਾਸ ਜੀ ਦੇ ਨਾਮ ਤੇ ਰੱਖਿਆ ਜਾਵੇ। ਕਿਰਪਾ ਕਰਕੇ ਇਹ ਦੋਵੇਂ ਮਸਲੇ ਦੇਖ ਲਵੋ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਡਾਕਟਰ ਜਸਬੀਰ ਸਿੰਘ ਸੰਧੂ।

**ਡਾਕਟਰ ਜਸਬੀਰ ਸਿੰਘ ਸੰਧੂ (ਅੰਮ੍ਰਿਤਸਰ ਪੱਛਮੀ, ਐਸ.ਸੀ)**: ਧੰਨਵਾਦ ਸਪੀਕਰ ਸਾਹਿਬ। ਮੈਂ ਆਪਣੇ ਸ਼ਹਿਰ ਦਾ ਇੱਕ ਭਖਦਾ ਮਸਲਾ ਤੁਹਾਡੇ ਸਾਹਮਣੇ ਲਿਆਉਣਾ ਚਾਹੁੰਦਾ ਹਾਂ। ਸਾਡੇ ਸ਼ਹਿਰ ਵਿੱਚ ਕਾਰਪੋਰੇਸ਼ਨ ਦੇ ਅੰਡਰ 2000 ਦੁਕਾਨਾਂ ਆਉਂਦੀਆਂ ਹਨ, ਜਿਸ ਵਿੱਚ ਪਿਛਲੇ 40 ਸਾਲਾਂ ਤੋਂ ਦੁਕਾਨਦਾਰ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਦਾ ਕਿਰਾਇਆ ਵੀ ਦੇ ਰਹੇ ਹਨ। ਸਾਲ 2018 ਵਿੱਚ ਇੱਕ ਨੋਟੀਫਿਕੇਸ਼ਨ ਜਾਰੀ ਹੋਇਆ ਕਿ ਇਨ੍ਹਾਂ ਦੁਕਾਨਦਾਰਾਂ ਨੂੰ ਮਾਲਕੀ ਦੇ ਹੱਕ

ਦਿੱਤੇ ਜਾਣ। ਉਸ ਵਾਸਤੇ ਇੱਕ-ਇੱਕ ਹਜਾਰ ਦਾ ਡਰਾਫਟ ਬਾਊਂਡ ਵੀ ਲੈ ਲਿਆ ਗਿਆ ਪਰ ਥੋੜ੍ਹੇ ਦਿਨ ਪਹਿਲਾਂ ਇੱਕ ਹੋਰ ਨੋਟੀਫਿਕੇਸ਼ਨ ਜਾਰੀ ਹੋਇਆ ਕਿ ਜਾਂ ਤਾਂ ਤੁਸੀਂ ਆਪਣੀਆਂ ਦੁਕਾਨਾਂ ਖਾਲੀ ਕਰ ਦਿਓ ਜਾਂ ਫਿਰ 900% ਕਿਰਾਇਆ ਵਧਾ ਕੇ ਦਿੱਤਾ ਜਾਵੇ। 900% ਕਿਰਾਇਆ ਵਧਾਉਣਾ ਕਦੇ ਵੀ ਜਾਇਜ਼ ਨਹੀਂ ਹੈ। ਉਹ ਲੋਕ ਇਕੱਠੇ ਹੋ ਕੇ ਮੇਰੇ ਕੋਲ ਆਏ। ਕਾਰਪੋਰੇਸ਼ਨ ਕਮਿਸ਼ਨਰ ਨਾਲ ਵੀ ਗੱਲ ਕੀਤੀ ਗਈ ਪਰ ਉਨ੍ਹਾਂ ਨੇ ਕਿਹਾ ਕਿ 900% ਕਿਰਾਇਆ ਵਧਾ ਕੇ ਹੀ ਦੇਣਾ ਪਵੇਗਾ। 1 ਰੁਪਏ ਤੋਂ ਲੈ ਕੇ 900% ਕਿਰਾਇਆ ਵਧਾ ਕੇ ਦੇਣਾ ਬਿਲਕੁਲ ਵੀ ਜਾਇਜ਼ ਨਹੀਂ ਹੈ। ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਲੋਕਾਂ ਦੇ ਚੁੱਲ੍ਹਿਆਂ ਦੀ ਅੱਗ ਬਲਦੀ ਰਹਿਣ ਦਿੱਤੀ ਜਾਵੇ। ਗਰੀਬ ਲੋਕ 40-40 ਸਾਲਾਂ ਤੋਂ ਦੁਕਾਨਾਂ ਚਲਾ ਰਹੇ ਹਨ। ਉਨ੍ਹਾਂ ਨੂੰ ਉਜਾੜਿਆ ਨਾ ਜਾਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਸ੍ਰੀ ਜਗਦੀਪ ਕੰਬੋਜ ਗੋਲਡੀ, ਜ਼ੀਰੋ ਆਵਰ ਤੇ ਕੁਝ ਕਹਿਣਾ ਹੈ।

**ਸ੍ਰੀ ਜਗਦੀਪ ਕੰਬੋਜ ਗੋਲਡੀ (ਜਲਾਲਾਬਾਦ):** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਇੱਕ ਵਾਰ ਫਿਰ ਬਿਜਲੀ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇੱਕ ਇਸ਼ੂ ਉਸ ਦਿਨ ਰੇਜ਼ ਹੋਇਆ ਸੀ ਅਤੇ ਉਸ ਦਾ ਜਵਾਬ ਹਾਲੇ ਤੱਕ ਨਹੀਂ ਆਇਆ। ਸਾਲ 2021 ਦੇ ਸਾਡੇ ਬਾਰਡਰ ਤੇ ਬਹੁਤ ਸਾਰੇ ਪਿੰਡ ਅਜਿਹੇ ਹਨ, ਜਿਨ੍ਹਾਂ ਦੇ ਬਿਜਲੀ ਦੇ ਬਿਲ ਹਾਲੇ ਪੈਂਡਿੰਗ ਹਨ, ਬਹੁਤ ਲੋਕਾਂ ਦੇ ਬਿਜਲੀ ਦੇ ਬਿਲ ਮਾਫ ਵੀ ਕਰ ਦਿੱਤੇ ਗਏ ਹਨ। ਕਿਰਪਾ ਕਰਕੇ ਮੰਤਰੀ ਸਾਹਿਬ ਦੱਸ ਦੇਣ ਕਿ ਉਨ੍ਹਾਂ ਦੀ ਕਦੋਂ ਤੱਕ ਇਨਕੁਆਰੀ ਕਰਕੇ ਗਰੀਬ ਬੰਦਿਆਂ ਦੇ ਬਿਲ ਮਾਫ ਕਰ ਦਿੱਤੇ ਜਾਣਗੇ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਹਾਂ ਜੀ, ਕਸ਼ਮੀਰ ਸਿੰਘ ਸੋਹਲ ਜੀ।

**ਡਾਕਟਰ ਕਸ਼ਮੀਰ ਸਿੰਘ ਸੋਹਲ (ਤਰਨ ਤਾਰਨ):** ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਹੁਣ ਕਣਕ ਦੀ ਕਟਾਈ ਦਾ ਸੀਜ਼ਨ ਆਉਣ ਵਾਲਾ ਹੈ। ਕਣਕ ਮੰਡੀਆਂ ਵਿੱਚ ਪਹੁੰਚੇਗੀ। ਪਿਛਲੇ ਕਈ ਸਾਲਾਂ ਤੋਂ ਲਿਫਟਿੰਗ ਦੀ ਸਮੱਸਿਆ ਬਹੁਤ ਜ਼ਿਆਦਾ ਆ ਰਹੀ ਹੈ। ਟੈਂਡਰ ਉਨ੍ਹਾਂ ਟੈਂਡਰਕਾਰਾਂ ਵੱਲੋਂ ਲਿਆ ਜਾਂਦਾ ਹੈ ਜਿਨ੍ਹਾਂ ਕੋਲ ਲਿਫਟਿੰਗ ਦਾ ਕੋਈ ਵੀ ਪ੍ਰਬੰਧ ਨਹੀਂ ਹੁੰਦਾ। ਆੜ੍ਹਤੀਆਂ ਦੀਆਂ ਦੁਕਾਨਾਂ ਤੇ ਬਹੁਤ ਵੱਡੇ ਵੱਡੇ ਅੰਬਾਰ ਲੱਗ ਜਾਂਦੇ ਹਨ। ਆੜ੍ਹਤੀਆਂ ਨੂੰ ਮਜਬੂਰੀਵਸ ਆਪਣੇ ਖਰਚੇ ਤੇ ਲਿਫਟਿੰਗ ਕਰਨੀ ਪੈਂਦੀ ਹੈ। ਟੈਂਡਰਕਾਰਾਂ ਦੀ ਮਰਜ਼ੀ ਹੈ ਕਿ ਉਹ ਉਨ੍ਹਾਂ ਨੂੰ ਕੁਝ ਦੇ ਦਿੰਦੇ ਹਨ ਜਾਂ ਨਹੀਂ। ਜਦੋਂ ਟੈਂਡਰਕਾਰ ਤੇ ਕੋਈ ਐਕਸ਼ਨ ਲੈਣ ਵਾਸਤੇ ਕਿਹਾ ਜਾਂਦਾ ਹੈ ਤਾਂ ਉਨ੍ਹਾਂ ਤੇ ਕੋਈ ਵੀ ਐਕਸ਼ਨ ਨਹੀਂ ਲਿਆ ਜਾਂਦਾ। ਇਸ ਨਾਲ ਆੜ੍ਹਤੀਆ ਵਰਗ ਬਹੁਤ ਪ੍ਰੇਸ਼ਾਨੀ ਵਿੱਚੋਂ ਗੁਜ਼ਰ ਰਿਹਾ ਹੈ। ਮੇਰੀ ਬੇਨਤੀ ਹੈ ਕਿ ਜੇਕਰ ਟੈਂਡਰਕਾਰ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਉਂਦਾ ਤਾਂ ਲਿਫਟਿੰਗ ਉਸੇ ਹੀ ਰੇਟ ਤੇ ਆੜ੍ਹਤੀਆ ਨੂੰ ਦੇ ਦੇਣੀ ਚਾਹੀਦੀ ਹੈ ਤਾਂ ਕਿ ਆੜ੍ਹਤੀਆਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਹਾਕਮ ਸਿੰਘ ਠੇਕੇਦਾਰ ਜੀ।

**ਸ਼੍ਰੀ ਹਾਕਮ ਸਿੰਘ ਠੇਕੇਦਾਰ (ਰਾਏਕੋਟ, ਐਸ.ਸੀ.):** ਧੰਨਵਾਦ ਸਪੀਕਰ ਸਾਹਿਬ। ਮੈਂ ਤੁਹਾਡੇ ਜ਼ਰੀਏ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਦੋ ਹਲਵਾਰੇ ਤੋਂ ਪੱਖੋਵਾਲ ਅਤੇ ਰਾਏਕੋਟ ਤੋਂ ਪੱਖੋਵਾਲ ਅਜਿਹੀਆਂ ਸੜਕਾਂ ਹਨ ਜੋ ਕਿ ਬਹੁਤ ਟੁੱਟ ਚੁੱਕੀਆਂ ਹਨ। ਇਨ੍ਹਾਂ ਸੜ੍ਹਕਾਂ ਤੋਂ ਲੰਘਣਾ ਬਹੁਤ ਔਖਾ ਹੈ। ਚੰਡੀਗੜ੍ਹ ਨੂੰ ਇਨ੍ਹਾਂ ਦੋਨਾਂ ਸੜ੍ਹਕਾਂ ਤੋਂ ਹੀ ਲੰਘਿਆ ਜਾਂਦਾ ਹੈ। ਮੰਤਰੀ ਸਾਹਿਬ ਨੂੰ ਇਹੀ ਬੇਨਤੀ ਹੈ ਕਿ ਇਹ ਸੜਕਾਂ ਜਲਦ ਤੋਂ ਜਲਦ ਬਣਾਈਆਂ ਜਾਣ। ਧੰਨਵਾਦ ਜੀ। ਬਾਕੀ ਮੈਂ ਭਗਵੰਤ ਮਾਨ ਜੀ ਮੁੱਖ ਮੰਤਰੀ ਸਾਹਿਬ ਜੀ ਦਾ ਵੀ ਧੰਨਵਾਦ ਕਰਦਾ ਹਾਂ ਕਿ ਹਲਵਾਰਾ ਏਅਰਪੋਰਟ ਦਾ ਨਾਮ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਮ ਤੇ ਰੱਖਿਆ ਗਿਆ ਹੈ। ਮੈਂ ਬੇਨਤੀ ਕਰਦਾ ਹਾਂ ਕਿ ਉਸ ਨੂੰ ਜਲਦ ਤੋਂ ਜਲਦ ਤਿਆਰ ਕਰਕੇ ਚਾਲੂ ਕਰਵਾਇਆ ਜਾਵੇ

**ਮਾਣਯੋਗ ਸਪੀਕਰ:** ਪਰਗਟ ਸਿੰਘ ਪੋਆਰ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ, ਛਾਉਣੀ):** ਧੰਨਵਾਦ ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੇ ਇੱਕ ਇਸ਼ੂ ਦੀ ਗੱਲ ਕਰਨੀ ਚਾਹੁੰਦਾ ਹਾਂ। ਮੈਂ ਅੱਜ ਉੱਥੇ ਜਾ ਕੇ ਵੀ ਆਇਆ ਹਾਂ। ਇਹ ਮਾਈਨਿੰਗ ਦਾ ਮਸਲਾ ਹੈ। ਮੈਨੂੰ ਪਤਾ ਹੈ ਕਿ ਸਰਕਾਰ ਵੀ ਇਸ ਨੂੰ support ਨਹੀਂ ਕਰਦੀ ਹੋਵੇਗੀ। ਮੇਰੇ ਹਲਕੇ ਵਿੱਚ ਕੋਈ ਦਰਿਆ ਵੀ ਨਹੀਂ ਹੈ। ਮੈਂ ਲਗਭਗ ਪਿਛਲੇ 4 ਮਹੀਨਿਆਂ ਤੋਂ ਹਰੇਕ ਅਥਾਰਿਟੀ ਜਿਵੇਂ ਕਿ ਡੀ.ਸੀ., ਜਲੰਧਰ ਨੂੰ ਵੀ ਮੈਮੋਰੰਡਮ ਦੇ ਕੇ ਆਇਆ ਹਾਂ ਕਿ ਇਸ ਤੇ ਧਿਆਨ ਕੀਤਾ ਜਾਵੇ। 40 ਫੁੱਟ ਤੋਂ ਲੈ ਕੇ 80 ਫੁੱਟ ਤੱਕ ਇੱਕ ਛੋਟੀ ਜਿਹੀ ਵੇਂਈ ਹੈ ਜਿਸ ਨੂੰ ਚਿੱਟੀ ਵੇਂਈ ਵੀ ਕਿਹਾ ਜਾਂਦਾ ਹੈ, ਉਹ ਅੱਜ ਗੰਧਲੀ ਹੋ ਚੁੱਕੀ ਹੈ। ਉੱਥੇ ਛੋਟੇ ਛੋਟੇ ਜ਼ਿਮੀਦਾਰ ਹਨ ਜਿਨ੍ਹਾਂ ਨੂੰ ਉੱਥੇ ਦਾ ਮਾਫੀਆ ਡਰਾਉਂਦਾ ਵੀ ਹੈ ਅਤੇ ਉਨ੍ਹਾਂ ਤੇ 2-3 ਪਰਚੇ ਵੀ ਕਰਵਾ ਹਟਿਆ। ਸਪੀਕਰ ਸਾਹਿਬ, ਮੈਂ ਇਹੀ ਕਹਿੰਦਾ ਹਾਂ ਕਿ ਇਸ ਤੇ ਸਰਕਾਰ ਦੀ ਸਪੋਰਟ ਨਹੀਂ ਹੋ ਸਕਦੀ। ਇਸ ਦੇ ਲਈ ਹਾਊਸ ਦੀ ਇੱਕ ਕਮੇਟੀ ਬਣਾ ਦਿੱਤੀ ਜਾਵੇ ਕਿਉਂਕਿ environment ਨੂੰ ਵੀ ਖਤਰਾ ਹੈ।

**1535/Gurpreet kaur/BS khokhar**
**1540/Rajneet Kaur**

ਪੰਜ-ਸੱਤ ਜ਼ਿੰਮੀਂਦਾਰ ਤਾਂ ਅਜਿਹੇ ਹਨ, ਜਿਨ੍ਹਾਂ ਦੀ 2-2, 3-3 ਏਕੜ ਜ਼ਮੀਨ ਔਰ 10-15 ਏਕੜ ਦੀ ਮਾਈਨਿੰਗ 50 ਫੁੱਟ ਕਰ ਦਿੱਤੀ ਹੈ ਤੇ ਜਿਸ ਦੇ ਇੱਕ ਪਾਸੇ ਵੇਈਂ ਚੱਲਦੀ ਹੈ ਅਤੇ ਵੇਈਂ ਦਾ ਪਾਣੀ ਉੱਧਰਲੇ ਪਾਸੇ ਆਇਆ ਹੋਇਆ ਹੈ। ਮੈਨੂੰ ਲੱਗਦਾ ਹੈ ਕਿ 100 ਏਕੜ ਦੇ ਵਿੱਚ 40 ਫੁੱਟ ਤੋਂ ਲੈ ਕੇ 70 ਫੁੱਟ ਤੱਕ ਮਾਈਨਿੰਗ ਹੋਈ ਹੈ। ਇਸ ਦੇ ਲਈ ਕੋਈ ਵੀ ਅਥਾਰਿਟੀ ਸੁਣਨ ਲਈ ਤਿਆਰ ਨਹੀਂ ਹੈ, ਪੁਲਿਸ ਵੀ ਕੋਈ ਐਕਸ਼ਨ ਲੈਣ ਲਈ ਤਿਆਰ ਨਹੀਂ ਹੈ। ਮੈਨੂੰ ਲੱਗਦਾ ਹੈ ਕਿ ਮਾਈਨਿੰਗ ਡਿਪਾਰਟਮੈਂਟ ਵੀ ਕੰਮ ਕਰਨ ਲਈ ਤਿਆਰ ਨਹੀਂ ਹੈ। ਮੈਂ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਛੋਟੇ ਛੋਟੇ ਜ਼ਿੰਮੀਂਦਾਰਾਂ ਦਾ ਵੱਡਾ ਨੁਕਸਾਨ ਨਾ ਹੋਵੇ। ਸੋ, ਇਸ ਕਰਕੇ ਜਾਂ ਤਾਂ ਹਾਊਸ ਦੀ ਕੋਈ ਸਾਂਝੀ ਕਮੇਟੀ ਬਣਾ ਲਓ ਤੇ ਉੱਥੇ ਹਫਤੇ ਦਸ ਦਿਨ ਵਿੱਚ ਜਾ ਕੇ ਦੇਖ ਲਓ ਕਿ ਉੱਥੇ ਹਾਲਾਤ ਕੀ ਹਨ ਕਿਉਂਕਿ ਉਸ ਏਰੀਏ ਦੇ ਕਿਸਾਨ ਤ੍ਰਾਹ-ਤ੍ਰਾਹ ਕਰ ਰਹੇ ਹਨ। ਉਨ੍ਹਾਂ ਨੇ ਕੋਈ ਪੈਰਾਮੀਟਰ ਫਾਲੋਅ ਨਹੀਂ ਕੀਤਾ ਹੋਇਆ। ਜਦੋਂ ਮੈਂ ਜਾਂਦਾ ਹਾਂ ਤਾਂ ਉਦੋਂ ਇੱਕ ਦੋ ਦਿਨ ਲਈ

ਬੰਦ ਹੋ ਜਾਂਦਾ ਹੈ ਅਤੇ ਉਸ ਤੋਂ ਬਾਅਦ ਫਿਰ ਉਸ ਤੋਂ ਵੱਧ ਮਾਈਨਿੰਗ ਕਰਦੇ ਹਨ। ਮੈਂ ਤਾਂ ਮੰਤਰੀ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਇਸ ਵੱਲ ਧਿਆਨ ਦਿੱਤਾ ਜਾਵੇ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ)** : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਧੰਨਵਾਦ ਕਿ ਤੁਸੀਂ ਬੱਚੇ ਦੇ ਇਲਾਜ ਲਈ ਹੁਕਮ ਲਾਇਆ ਹੈ, ਉਹ ਹੁਕਮ ਸਿਰ ਮੱਥੇ। ਇਸ ਤੋਂ ਬਾਅਦ ਮੇਰੇ ਕੋਲ ਐਸਾ ਵਿਸ਼ਾ ਹੈ, ਜਿਹੜਾ ਕਿ ਸਾਲ 2017 ਵਿੱਚ ਵੱਡੇ ਪੱਧਰ ਤੇ ਫੂਡ ਸਪਲਾਈ ਮਹਿਕਮੇ ਦੇ ਵਿੱਚ 31 ਹਜ਼ਾਰ ਕਰੋੜ ਰੁਪਏ ਦਾ ਵੱਡਾ ਮਸਲਾ ਉੱਠਿਆ ਸੀ ਪਰ ਉਸ ਤੋਂ ਬਾਅਦ ਇਸ ਨੂੰ ਗੋਲ ਮੋਲ ਕਰ ਦਿੱਤਾ ਗਿਆ ਸੀ। ਮੈਂ ਹਾਊਸ ਦੇ ਰਾਹੀਂ ਪੰਜਾਬ ਦੇ ਲੋਕਾਂ ਦੇ ਧਿਆਨ ਵਿੱਚ ਇਹ ਮੁੱਦਾ elaborate ਕਰਨਾ ਚਾਹੁੰਦੀ ਹਾਂ। ਜਿਹੜਾ 31 ਹਜ਼ਾਰ ਕਰੋੜ ਰੁਪਿਆ ਹੈ, ਇਹ ਸਾਲ 1994 ਤੋਂ ਲੈ ਕੇ ਸਾਲ 2017 ਤੱਕ ਦਾ ਜਿਹੜਾ ਕੇਂਦਰ ਸਰਕਾਰ ਨੂੰ ਕਣਕ ਅਤੇ ਝੋਨਾ ਦਿੱਤਾ ਹੈ, ਉਸ ਦੀ ਢੋਆ-ਢੁਆਈ ਦਾ ਵਾਧੂ ਖਰਚ ਪੰਜਾਬ ਦੇ ਸਿਰ ਪਾ ਦਿੱਤਾ ਹੈ, ਇਹ ਉਹ ਪੈਸਾ ਹੈ। ਨੰਬਰ ਇੱਕ, ਇਹ ਅੱਜ ਤੱਕ ਕਿਸੇ ਨੇ ਕਲੀਅਰ ਹੀ ਨਹੀਂ ਕੀਤਾ। ਸਾਲ 1994 ਤੋਂ ਲੈ ਕੇ ਸਾਲ 2017 ਤੱਕ ਜਿਹੜਾ ਮੂਲ ਰੁਪਿਆ ਸੀ, ਉਹ 12 ਹਜ਼ਾਰ ਕਰੋੜ ਰੁਪਿਆ ਸੀ। ਇਨ੍ਹਾਂ 23 ਸਾਲਾਂ ਵਿੱਚ ਇਸ ਤੇ 19 ਹਜ਼ਾਰ ਕਰੋੜ ਰੁਪਏ ਦਾ ਵਿਆਜ ਪੈ ਗਿਆ। ਇਹ ਇੰਨੀ ਲਾਪਰਵਾਹੀ ਦਾ ਨਤੀਜਾ ਹੈ ਜਿਹੜਾ ਕਿ 31 ਹਜ਼ਾਰ ਕਰੋੜ ਰੁਪਿਆ ਬਣਿਆ। ਇਸ ਤੋਂ ਬਾਅਦ ਪੰਜਾਬ ਦਾ ਕਰਜ਼ਾ ਮੰਨ ਕੇ ਇਸ ਨੂੰ ਕਰਜ਼ ਦੇ ਰੂਪ ਵਿੱਚ ਦੇਣਾ ਸ਼ੁਰੂ ਕੀਤਾ। ਇੱਕ ਤਾਂ ਅਸੀਂ ਸੈਂਟਰ ਸਰਕਾਰ ਨੂੰ ਅਨਾਜ ਦੇ ਕੇ ਦੇਸ਼ ਦਾ ਢਿੱਡ ਵੀ ਭਰਦੇ ਹਾਂ ਅਤੇ ਨਾਲ ਨਾਲ ਕੇਂਦਰੀ ਪੂਲ ਵਿੱਚ ਅਨਾਜ ਪਾਉਂਦੇ ਹਾਂ ਅਤੇ ਉਸ ਦੀ ਢੋਆ ਢੁਆਈ ਦਾ ਖਰਚਾ ਵੀ ਪੰਜਾਬ ਦੇ ਸਿਰ ਪਿਆ। ਇਸ 31 ਹਜ਼ਾਰ ਕਰੋੜ ਰੁਪਏ ਨੂੰ ਸਾਲ 2017 ਵਿੱਚ ਕਰਜ਼ਾ ਮੰਨ ਕੇ ਉਸ ਤੇ ਹੋਰ ਵਿਆਜ ਲਵਾ ਕੇ ਹਰ ਮਹੀਨੇ 270 ਕਰੋੜ ਰੁਪਏ ਦੀ ਕਿਸ਼ਤ ਜਾਂਦੀ ਹੈ ਕਿਉਂਕਿ ਉਸ ਨੂੰ ਅਸੀਂ ਕਰਜ਼ਾ ਮੰਨ ਲਿਆ। ਅਸੀਂ 12 ਹਜ਼ਾਰ ਕਰੋੜ ਰੁਪਏ ਦੇ ਮੂਲ ਨੂੰ 64 ਹਜ਼ਾਰ ਕਰੋੜ ਰੁਪਏ ਬਣਾ ਕੇ ਸੈਂਟਰ ਸਰਕਾਰ ਨੂੰ ਦੇਣਾ ਹੈ। ਇਹ ਪਿਛਲੇ ਸਮੇਂ ਦੀਆਂ ਜਿਹੜੀਆਂ ਸਾਡੀਆਂ ਕਾਰਗੁਜ਼ਾਰੀਆਂ ਸੀ, ਇਹ ਉਸ ਤੇ ਪ੍ਰਸ਼ਨ ਚਿੰਨ ਸੀ। ਇਹ ਚੀਜ਼ ਲੋਕਾਂ ਦੇ ਸਾਹਮਣੇ ਆਉਣੀ ਚਾਹੀਦੀ ਸੀ ਕਿ ਇਹ ਪੈਸਾ ਕੋਈ ਸਾਡੇ ਤੇ ਨਹੀਂ ਖਰਚਿਆ ਗਿਆ। ਇਹ ਦੋ- ਚਾਰ ਕਰੋੜ ਰੁਪਏ ਤੋਂ ਸ਼ੁਰੂ ਹੋਇਆ ਹੋਵੇਗਾ ਫਿਰ 100 ਕਰੋੜ ਹੋਇਆ ਹੋਵੇਗਾ ਤੇ ਫਿਰ ਸਾਲ ਦਾ 500 ਕਰੋੜ ਰੁਪਏ ਹੋਇਆ ਹੋਵੇਗਾ ਤੇ ਫਿਰ 600 ਕਰੋੜ ਰੁਪਏ ਅਨਾਜ ਦੀ ਢੋਆ ਢੁਆਈ ਦਾ ਖਰਚਾ ਪੰਜਾਬ ਦੇ ਸਿਰ ਪੈਂਦਾ ਰਿਹਾ ਹੈ।

-------

## OBSERVATION BY THE HON'BLE SPEAKER

**ਮਾਣਯੋਗ ਸਪੀਕਰ** : ਮੈਂ ਆਪਣੇ ਸਾਰੇ ਮਾਣਯੋਗ ਵਿਧਾਇਕ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਜਦੋਂ ਵੀ ਕੋਈ ਮੈਂਬਰ ਬੋਲ ਰਿਹਾ ਹੁੰਦਾ ਹੈ, ਉਸ ਦੇ ਅਤੇ ਚੇਅਰ ਦੇ ਵਿਚਕਾਰ ਦੀ ਲੰਘਣਾ ਹਾਊਸ ਦੀ ਅਵਮਾਨਨਾ ਹੁੰਦੀ ਹੈ। ਸੋ, ਇਸ ਚੀਜ਼ ਤੋਂ ਬਚਿਆ ਜਾਵੇ।

-------

## MATTERS RAISED DURING ZERO HOUR (*Resumption*)

**ਸ਼੍ਰੀ ਬਰਿੰਦਰ ਕੁਮਾਰ ਗੋਇਲ (ਲਹਿਰਾ)** : ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੀ ਗੱਲ ਕਰਨੀ ਚਾਹੁੰਦਾ ਹਾਂ। ਮੇਰੇ ਹਲਕੇ ਦੇ ਵਿੱਚ ਦੋ ਤਹਿਸੀਲਾਂ ਹਨ, ਮੂਨਕ ਅਤੇ ਲਹਿਰਾ। ਇਨ੍ਹਾਂ ਦੋਹਾਂ ਵਿੱਚ ਇੱਕ ਤਹਿਸੀਲਦਾਰ, ਇੱਕ ਨਾਇਬ ਤਹਿਸੀਲਦਾਰ ਹੈ। ਇੱਕ ਜਿਹੜੀ ਸਬ-ਤਹਿਸੀਲ ਖਨੌਰੀ ਹੈ, ਉੱਥੇ ਨਾਇਬ ਤਹਿਸੀਲਦਾਰ ਕੰਮ ਕਰਦਾ ਸੀ। ਕੁੱਲ ਮਿਲਾ ਕੇ ਤਿੰਨ ਬੰਦੇ ਕੰਮ ਕਰਦੇ ਸੀ ਤੇ ਜ਼ਰੂਰਤ ਪੰਜ ਦੀ ਸੀ। ਅੱਜ ਸਾਰੇ ਹੀ ਉੱਥੋਂ ਬਦਲੇ ਗਏ ਹਨ, ਅੱਜ ਸਾਰਾ ਹੀ ਖਾਲੀ ਪਿਆ ਹੈ। ਮੈਂ ਤੁਹਾਡੇ ਮਾਧਿਅਮ ਰਾਹੀਂ ਬੇਨਤੀ ਕਰਦਾ ਹਾਂ ਕਿ ਤੁਰੰਤ, ਉੱਥੇ ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਦੀ ਨਿਯੁਕਤੀ ਕੀਤੀ ਜਾਵੇ।

**1540/Rajneet Kaur/Rajneesh kumar**
**1545/Kuldeep kaur**

ਇਸ ਤੋਂ ਬਾਅਦ ਸਰ, ਸਾਡੇ ਬਿਜਲੀ ਬੋਰਡ ਦੀਆਂ ਦੋ ਸਬ-ਡਵੀਜ਼ਨਾਂ ਹਨ, ਲਹਿਰਾ ਤੇ ਮੂਣਕ। ਦੋ ਐਸ.ਡੀ.ਓ., ਲਹਿਰੇ, ਦੋ ਐਸ.ਡੀ.ਓ., ਮੂਣਕ ਤੇ ਇੱਕ ਬਾਂਗਾਂ ਸਰ, 5 ਐਸ.ਡੀ.ਓਜ਼. ਦੀ ਲੋੜ ਹੈ। ਉੱਥੇ ਐਸ.ਡੀ.ਓ. ਇੱਕ ਹੈ। ਜੇ ਐਸ.ਡੀ.ਓ. ਨਹੀਂ ਹੁੰਦਾ ਤਾਂ ਜੇ.ਈ. 1 ਨੂੰ ਚਾਰਜ ਦੇ ਦਿੱਤਾ ਜਾਂਦਾ ਹੈ ਪਰ ਸਾਡੇ ਜੇ.ਈ. ਵੀ ਇੱਕ ਹੈ। ਮੈਂ ਇਸ ਸਬੰਧ ਵਿੱਚ ਦੋ ਜਨਵਰੀ ਨੂੰ ਚੇਅਰਮੈਨ ਸਾਹਿਬ ਨੂੰ ਚਿੱਠੀ ਲਿਖੀ ਸੀ ਪਰ ਅਜੇ ਤੱਕ ਉੱਥੇ ਐਸ.ਡੀ.ਓ., ਜੇ.ਈ 1 ਅਤੇ ਏ.ਆਰ ਦੀ ਕੋਈ ਨਿਯੁਕਤੀ ਨਹੀਂ ਕੀਤੀ ਗਈ। ਇਸ ਨਾਲ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਲੋਕਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੋ, ਮੈਂ ਤੁਹਾਡੇ ਮਾਧਿਅਮ ਰਾਹੀਂ ਬੇਨਤੀ ਕਰਦਾ ਹਾਂ ਕਿ ਸਾਡੇ ਤਹਿਸੀਲ ਅਤੇ ਬਿਜਲੀ ਮਹਿਕਮੇ ਵਿੱਚ ਤੁਰੰਤ ਮੁਲਾਜ਼ਮਾਂ ਦੀ ਗਿਣਤੀ ਪੂਰੀ ਕੀਤੀ ਜਾਵੇ। ਧੰਨਵਾਦ ਜੀ।

**ਸਰਦਾਰ ਫੌਜਾ ਸਿੰਘ (ਗੁਰੂ ਹਰ ਸਹਾਏ):** ਧੰਨਵਾਦ ਸਪੀਕਰ ਸਾਹਿਬ। ਇੱਕ ਬੇਨਤੀ ਹੈ ਕਿ ਮੈਂ ਲੋਕ ਹਿੱਤ ਵਿੱਚ ਗੱਲ ਕਰਾਂਗਾ। ਅਗਰ ਮੈਂ ਕੋਈ ਸਮਾਜ ਵਿਰੋਧੀ ਗੱਲ ਕਰਾਂ ਤਾਂ ਦੋ ਮਿੰਟ ਤੋਂ ਪਹਿਲਾਂ ਮਾਈਕ ਬੰਦ ਕੀਤਾ ਜਾਵੇ। ਜਿਸ ਤਰ੍ਹਾਂ ਮੁਕਤਸਰ ਸਾਹਿਬ ਤੋਂ ਵਿਧਾਇਕ ਬਰਾੜ ਸਾਹਿਬ ਨੇ ਗੱਲ ਕੀਤੀ ਸੀ ਕਿ ਪਿੰਡਾਂ ਵਿੱਚ ਨਰੇਗਾ ਸਕੀਮ ਹੈ ਅਤੇ ਦਿਹਾੜੀ ਮਿਲ ਜਾਂਦੀ ਹੈ। ਸ਼ਹਿਰਾਂ ਵਿੱਚ ਅਜਿਹਾ ਕੁਝ ਨਹੀਂ ਹੈ। ਉੱਥੇ ਰਿਕਸ਼ਾ ਚਾਲਕ, ਰੇਹੜੀ ਚਾਲਕ ਸਾਰੇ ਮਜਬੂਰ ਹਨ। ਉਨ੍ਹਾਂ ਨੂੰ ਕੰਮ ਨਹੀਂ ਮਿਲਦਾ ਹੈ। ਇਸ ਕਰਕੇ ਇਸ ਗੱਲ ਵੱਲ ਗੌਰ ਕੀਤੀ ਜਾਣੀ ਬਣਦੀ ਹੈ। ਇੱਕ ਹੋਰ ਬੜਾ ਸੰਵੇਦਨਸ਼ੀਲ ਮੁੱਦਾ ਹੈ। ਮੇਰੇ ਸਾਰੇ ਵਿਧਾਇਕ ਸਾਥੀ ਵੀ ਸਹਿਮਤ ਹੋਣਗੇ ਕਿ ਪੰਜਾਬ ਹੋਮ ਗਾਰਡ ਦਾ ਜਵਾਨ 58 ਸਾਲ ਨੌਕਰੀ ਕਰਨ ਤੋਂ ਬਾਅਦ ਸੇਵਾ ਮੁਕਤ ਕੀਤਾ ਜਾਂਦਾ ਹੈ। ਉਸ ਨੂੰ ਨੌਕਰੀ ਤੋਂ ਬਾਅਦ ਕੋਈ ਸਹੂਲਤ ਨਹੀਂ ਦਿੱਤੀ ਜਾਂਦੀ। ਜੇ ਬੁਢਾਪਾ ਪੈਨਸ਼ਨ ਲਗਦੀ ਹੈ ਤਾਂ ਉਹ ਵੀ 65 ਸਾਲ ਤੋਂ ਬਾਅਦ ਲਗਦੀ ਹੈ। ਸਰ, 58 ਤੋਂ 65 ਸਾਲ ਤੱਕ ਦੀ ਉਮਰ ਤੱਕ ਉਹ ਕੀ ਖਾਵੇਗਾ? ਉਹ ਹੋਰ ਦਿਹਾੜੀ ਕਰਨ ਲਈ ਮੁਥਾਜ ਹੋ ਜਾਂਦਾ ਹੈ। ਉਨ੍ਹਾਂ ਲਈ ਕੋਈ ਗੁਜ਼ਾਰਾ ਭੱਤਾ ਲਾਗੂ ਕੀਤਾ ਜਾਵੇ। ਮੈਂ ਨਹੀਂ

ਕਹਿੰਦਾ ਕਿ 5000, 10,000 ਰੁਪਿਆ ਦਿੱਤਾ ਜਾਵੇ। ਜਿੰਨਾ ਵੀ ਮਾਣਯੋਗ ਮੁੱਖ ਮੰਤਰੀ ਸਾਹਿਬ ਜਾਂ ਸਾਰੇ ਵਿਧਾਇਕ ਰਲ ਕੇ ਰਾਏ ਕਰਕੇ ਦੱਸਣਗੇ, ਉਨ੍ਹਾਂ ਨੂੰ ਗੁਜ਼ਾਰਾ ਭੱਤਾ ਦਿੱਤਾ ਜਾਣਾ ਬਣਦਾ ਹੈ ਤਾਂ ਕਿ ਉਹ ਵੀ ਮਾਣ ਮਹਿਸੂਸ ਕਰਨ ਕਿ 58 ਸਾਲ ਤੋਂ ਬਾਅਦ ਉਨ੍ਹਾਂ ਨੂੰ ਗੁਜ਼ਾਰਾ ਭੱਤਾ ਮਿਲਿਆ ਹੈ।

ਇਸ ਤਰ੍ਹਾਂ ਸਰ, ਆਪਾਂ ਗੱਲ ਕਰ ਰਹੇ ਸੀ ਕਿ ਜਿਹੜੇ ਲੋਕ ਸ਼ਹਿਰੀ ਹਨ, ਜੇ ਅਸੀਂ ਨਰੇਗਾ ਸਕੀਮ ਰਾਹੀਂ ਪਿੰਡਾਂ ਵਿੱਚ ਰੁਜ਼ਗਾਰ ਦੇ ਸਕਦੇ ਹਾਂ। ਸ਼ਹਿਰਾਂ ਵਿੱਚ ਵੀ ਕੋਈ ਇਸ ਤਰ੍ਹਾਂ ਦਾ ਬੰਦੋਬਸਤ ਕੀਤਾ ਜਾਵੇ ਕਿ ਉਨ੍ਹਾਂ ਨੂੰ ਵੀ ਦਿਹਾੜੀ ਮਿਲ ਜਾਵੇ ਨਹੀਂ ਤਾਂ ਨੌਜਵਾਨ ਬੱਚਿਆਂ ਨੂੰ ਜਦੋਂ ਕੋਈ ਕੰਮ ਕਾਰ ਨਹੀਂ ਮਿਲਦਾ ਤਾਂ ਉਹ ਕੁਰਾਹੇ ਪੈ ਜਾਂਦੇ ਹਨ ਅਤੇ ਨਸ਼ਿਆਂ ਵਾਲੇ ਪਾਸੇ ਪੈ ਜਾਂਦੇ ਹਨ। ਮੇਰੀ ਇਹੀ ਬੇਨਤੀ ਹੈ ਕਿ ਜਿਸ ਤਰ੍ਹਾਂ ਪਿੰਡਾਂ ਵਿੱਚ ਨਰੇਗਾ ਸਕੀਮ ਹੈ, ਸ਼ਹਿਰਾਂ ਵਿੱਚ ਵੀ ਇਸ ਦਾ ਕੋਈ ਹੋਰ ਨਾਂ ਰੱਖ ਕੇ ਇਸ ਤਰ੍ਹਾਂ ਦਾ ਕੋਈ ਪ੍ਰਾਵਧਾਨ ਕੀਤਾ ਜਾਵੇ ਤਾਂ ਕਿ ਉੱਥੇ ਕੰਮ ਕਰਨ ਵਾਲਿਆਂ ਨੂੰ ਵੀ ਰੁਜ਼ਗਾਰ ਮਿਲ ਸਕੇ। ਸ਼ਹਿਰਾਂ ਵਿੱਚ ਆਮ ਤੌਰ ਤੇ ਦਿਹਾੜੀਦਾਰ ਪਿੰਡਾਂ ਵਿੱਚੋਂ ਹੀ ਜਾਂਦੇ ਹਨ। ਉਹ ਰੋਟੀ ਨਾਲ ਲੈ ਕੇ ਜਾਂਦੇ ਹਨ। ਉਨ੍ਹਾਂ ਨੂੰ ਉੱਥੇ ਦਿਹਾੜੀ ਨਹੀਂ ਮਿਲਦੀ ਅਤੇ ਉਹ ਖਾਲੀ ਹੱਥ ਸ਼ਾਮ ਨੂੰ ਘਰ ਮੁੜ ਆਉਂਦੇ ਹਨ। ਸਵੇਰੇ ਘਰੋਂ ਰੋਟੀ ਲੈ ਕੇ ਸ਼ਾਮ ਨੂੰ ਉਹ, ਉਹੀ ਰੋਟੀ ਖਾ ਕੇ ਹੀ ਘਰ ਮੁੜ ਆਉਂਦੇ ਹਨ। ਇਹ ਉਨ੍ਹਾਂ ਦੀ ਮਜਬੂਰੀ ਹੈ। ਦਿਹਾੜੀਦਾਰ ਕਾਮਿਆਂ ਨੂੰ ਘੱਟੋ-ਘੱਟ 645 ਰੁਪਏ ਦਿਹਾੜੀ ਦਿੱਤੀ ਜਾਂਦੀ ਹੈ ਪਰ ਅਸੀਂ ਸਾਰੇ ਹੀ ਮਜ਼ਦੂਰ ਦਾ ਹੱਕ ਖਾ ਰਹੇ ਹਾਂ। ਕੋਈ ਵੀ ਬੰਦਾ 300 ਰੁਪਏ ਤੋਂ ਵੱਧ ਦਿਹਾੜੀ ਨਹੀਂ ਦਿੰਦਾ ਹੈ। ਖਾਸ ਕਰਕੇ ਜਿਹੜਾ ਠੇਕੇਦਾਰ ਭਾਈਚਾਰਾ ਹੈ, ਜਿਨ੍ਹਾਂ ਉਹ ਠੇਕਾ ਲੈਂਦੇ ਹਨ, ਮੈਟੀਰੀਅਲ ਤਾਂ ਉਨਾ ਪਾਉਣਾ ਹੀ ਪੈਂਦਾ ਹੈ। ਉਹ 645 ਦੀ ਜਗ੍ਹਾ 300 ਰੁਪਿਆ ਦਿਹਾੜੀ ਦੇ ਦਿੰਦੇ ਹਨ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.)**: ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ ਮੈਂ ਅੱਜ ਸਦਨ ਦਾ ਧਿਆਨ ਜੰਗ-ਏ-ਆਜ਼ਾਦੀ ਦੇ ਮਹਾਂਨਾਇਕ, ਗਦਰ ਪਾਰਟੀ ਦੇ ਮਹਾਨ ਸੂਰਮੇ 7 ਜੁਲਾਈ, 1878 ਨੂੰ ਜਨਮੇ, 1914 ਤੋਂ ਲੈ ਕੇ 1931 ਤੱਕ ਜੇਲ੍ਹਾਂ ਕੱਟਣ ਵਾਲੇ, ਗੁਰਦੁਆਰਾ ਸੁਧਾਰ ਲਹਿਰ ਦੇ ਪਹਿਲੇ ਕੈਦੀ ਪੰਥ ਰਤਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਜਿਨ੍ਹਾਂ ਦੀ ਯਾਦਗਾਰ ਉਨ੍ਹਾਂ ਦੇ ਜੱਦੀ ਪਿੰਡ ਨਾਰੰਗਵਾਲ, ਜ਼ਿਲ੍ਹਾ ਲੁਧਿਆਣਾ ਵਿਖੇ ਮਿਤੀ 15.11.2000 ਨੂੰ ਬਣਨੀ ਸ਼ੁਰੂ ਹੋਈ ਸੀ ਪਰ ਅਫਸੋਸ ਇਸ ਮਹਾਂਨਾਇਕ ਦੀ ਯਾਦਗਾਰ ਅਜੇ ਵੀ ਅਧੂਰੀ ਹੈ। ਇਸ ਯਾਦਗਾਰ ਨੂੰ ਬਣਾਉਣ ਲਈ ਡੇਢ ਕਰੋੜ ਰੁਪਏ ਦਾ ਖਰਚਾ ਮਿੱਥਿਆ ਗਿਆ ਸੀ ਅਤੇ ਇੱਕ ਏਕੜ ਜ਼ਮੀਨ ਟਰੱਸਟ ਵੱਲੋਂ ਮੁਹੱਈਆ ਕਰਵਾਈ ਗਈ ਸੀ। ਇਹ ਇਮਾਰਤ ਅੱਜ ਵੀ ਅਧੂਰੀ ਹੈ ਅਤੇ ਖੰਡਰ ਬਣਦੀ ਜਾ ਰਹੀ ਹੈ। ਇਸ ਨੂੰ ਜਲਦ ਪੂਰਾ ਕਰਕੇ ਸਾਡੇ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਨਾ ਸਾਡਾ ਸਾਰਿਆਂ ਦਾ ਹੀ ਮੁੱਢਲਾ ਫਰਜ਼ ਹੈ। ਇਸ ਯਾਦਗਾਰ ਬਣਨ ਨਾਲ ਆਉਣ ਵਾਲੀ ਪੀੜ੍ਹੀ ਨੂੰ ਸਾਡੇ ਨਾਇਕ ਦੇ ਪਾਏ ਹੋਏ ਪੂਰਨਿਆਂ ਤੇ ਚੱਲਣ ਦੀ ਸੇਧ ਮਿਲੇਗੀ ਅਤੇ ਜੰਗ-ਏ-ਆਜ਼ਾਦੀ ਦੇ ਘੋਲ ਵਿੱਚ ਪਾਏ ਯੋਗਦਾਨ ਦਾ ਵੀ ਸਾਡੀ ਨੌਜਵਾਨੀ ਨੂੰ ਪਤਾ ਲੱਗ ਸਕੇਗਾ। ਸੋ, ਮੈਂ ਆਪ ਜੀ ਨੂੰ ਸਪੈਸ਼ਲ ਤੌਰ ਤੇ ਬੇਨਤੀ ਕਰਦਾ ਹਾਂ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀ ਜਿਹੜੀ ਯਾਦਗਾਰ ਅਧੂਰੀ ਹੈ, ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਉਸ ਯਾਦਗਾਰ ਨੂੰ ਅਸੀਂ ਪੂਰੀ ਕਰਾਈਏ। ਧੰਨਵਾਦ ਜੀ।

**ਸ਼੍ਰੀ ਰਮਨ ਅਰੋੜਾ (ਜਲੰਧਰ ਕੇਂਦਰੀ):** ਧੰਨਵਾਦ ਸਪੀਕਰ ਸਾਹਿਬ, ਮੈਂ ਅੱਜ ਸਦਨ ਨੂੰ ਤੁਹਾਡੇ ਮਾਧਿਅਮ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਪ੍ਰਾਈਵੇਟ ਸਕੂਲਾਂ ਦੀ ਮਨਮਰਜ਼ੀ ਹਾਲੇ ਤੱਕ ਖਤਮ ਨਹੀਂ ਹੋ ਪਾ ਰਹੀ। ਹੁਣ ਨਵਾਂ ਸੈਸ਼ਨ ਆ ਰਿਹਾ ਹੈ, ਜਿਸ ਵਿੱਚ ਨਜਾਇਜ਼ ਹੀ ਐਨੂਅਲ ਫੰਡ, ਬਿਲਡਿੰਗ ਫੰਡ ਅਤੇ ਹੋਰ ਕਈ ਤਰ੍ਹਾਂ ਦੇ ਫੰਡ ਨਜਾਇਜ਼ ਰੂਪ ਵਿੱਚ ਵਸੂਲੇ ਜਾ ਰਹੇ ਹਨ।

**1545/Kuldeep kaur/Rajneesh kumar**
**1550/Pawan sharma**

ਜਿਵੇਂ ਕਿ ਪਿੱਛੇ ਕੋਵਿਡ ਦਰਮਿਆਨ ਹਾਲੇ ਤੱਕ ਇਨ੍ਹਾਂ ਬੱਚਿਆਂ ਦੀਆਂ ਬਕਾਇਆ ਰਾਸ਼ੀਆਂ ਕੱਢੀਆਂ ਜਾ ਰਹੀਆਂ ਹਨ, ਉਨ੍ਹਾਂ ਨੂੰ ਰਿਜ਼ਲਟ ਨਹੀਂ ਦਿੱਤੇ ਜਾ ਰਹੇ। ਇਸ ਵਾਸਤੇ ਸਾਨੂੰ ਸਾਰਿਆਂ ਨੂੰ ਕੰਮ ਕਰਨ ਦੀ ਜ਼ਰੂਰਤ ਹੈ। ਨਾਲ ਹੀ ਨਾਲ ਪਿਛਲੇ ਸਾਲ ਜਿਹੜਾ ਅਸੀਂ ਸਕੂਲਾਂ ਵਿੱਚੋਂ ਕਿਤਾਬਾਂ ਅਤੇ ਡਰੈੱਸ ਮਿਲਣ ਦਾ ਪ੍ਰਾਵਧਾਨ ਬਣਾਇਆ ਸੀ ਕਿ 10-10 ਦੁਕਾਨਾਂ ਤੋਂ ਸਾਨੂੰ ਇਹ ਕਿਤਾਬਾਂ ਅਤੇ ਡਰੈੱਸ ਮਿਲਣੀ ਚਾਹੀਦੀ ਹੈ, ਇਸ ਚੀਜ਼ ਨੂੰ ਯਕੀਨੀ ਬਣਾਇਆ ਜਾਵੇ ਕਿਉਂਕਿ ਇਹ ਮੁੱਦਾ ਇਕੱਲੇ ਸਾਡੇ ਜਲੰਧਰ ਦਾ ਨਹੀਂ ਹੈ, ਪੂਰੇ ਪੰਜਾਬ ਦਾ ਮੁੱਦਾ ਹੈ। ਕਿਉਂਕਿ ਹੁਣ ਨਵਾਂ ਸੈਸ਼ਨ ਚਲ ਰਿਹਾ ਹੈ ਹੁਣ ਦਾਖਲੇ ਸ਼ੁਰੂ ਹੋਣੇ ਹਨ, ਜਿਹੜੀ ਪ੍ਰਾਈਵੇਟ ਸਕੂਲਾਂ ਦੀ ਮਨਮਰਜ਼ੀ ਹੈ, ਇਨ੍ਹਾਂ ਤੇ ਥੋੜ੍ਹੀ ਜਿਹੀ ਨਕੇਲ ਕੱਸੀ ਜਾਵੇ ਤਾਂ ਕਿ ਹਰ ਵਰਗ ਦੇ ਲੋਕਾਂ ਨੂੰ ਇਸ ਦਾ ਫਾਇਦਾ ਮਿਲੇ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਸ਼੍ਰੀ ਨਰੇਸ਼ ਪੁਰੀ ਜੀ।

**ਸ਼੍ਰੀ ਨਰੇਸ਼ ਪੁਰੀ (ਸੁਜਾਨਪੁਰ)**: ਸਰ, ਸੈਸ਼ਨ ਦੌਰਾਨ ਸੀ.ਐਮ. ਸਾਹਿਬ ਨੇ ਸੁਜਾਨਪੁਰ ਵਾਸਤੇ ਬੱਸ ਸਟੈਂਡ ਦਾ ਆਸ਼ਵਾਸਨ ਦਿੱਤਾ ਸੀ ਪਰ ਹੁਣ ਤਕਰੀਬਨ ਦੋ ਸਾਲ ਹੋ ਗਏ ਹਨ, ਲੋਕਾਂ ਨੂੰ ਉਮੀਦ ਜਗੀ ਸੀ ਕਿ ਬੱਸ ਸਟੈਂਡ ਬਣੇਗਾ। ਸੁਜਾਨਪੁਰ ਦੀ ਬੜੀ ਬਦਕਿਸਮਤੀ ਹੈ ਕਿ ਜਿਹੜਾ ਮਸਲਾ ਬੱਸ ਸਟੈਂਡ ਦਾ ਹੈ, ਉਹ ਨੇਪਰੇ ਨਹੀਂ ਚੜ੍ਹਿਆ ਹੈ।

ਸਰ, ਮੈਂ ਦੂਸਰੀ ਗੱਲ ਕਰਾਂਗਾ ਕਿ ਜਿਸ ਤਰ੍ਹਾਂ ਥੀਨ ਡੈਮ ਪੰਜਾਬ ਨੂੰ ਬੜੀ ਕਮਾਈ ਕਰਕੇ ਦੇ ਰਿਹਾ ਹੈ, ਬਿਜਲੀ ਪੈਦਾ ਕਰਕੇ ਦੇ ਰਿਹਾ ਹੈ ਪਰ ਜਿਹੜੇ ਲੋਕਾਂ ਦੀਆਂ ਜ਼ਮੀਨਾਂ ਉਸ ਡੈਮ/ਝੀਲ ਵਿੱਚ ਆਈਆਂ, ਉਨ੍ਹਾਂ ਡੈਮ ਔਸਟੀਜ਼ ਨੂੰ ਲੜਦਿਆਂ ਕਿੰਨੇ ਸਾਲ ਹੋ ਗਏ ਹਨ ਅਤੇ ਕਈ ਵਾਰ ਉਹ ਟੈਂਕੀਆਂ ਤੇ ਚੜ੍ਹ ਜਾਂਦੇ ਹਨ। ਸਰਕਾਰ ਵਾਸਤੇ ਵੀ ਉਹ embarrassing position ਹੁੰਦੀ ਹੈ। ਇੱਕ ਤਾਂ ਇਸ ਮੁੱਦੇ ਤੇ ਵੀ ਖਿਆਲ ਕੀਤਾ ਜਾਵੇ।

ਸਰ, ਮੈਂ ਤੁਹਾਡਾ ਧਿਆਨ ਤੀਸਰੀ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਸਰਕਾਰੀ ਅਦਾਰੇ ਹਨ, ਉਹ ਆਊਟ ਸੋਰਸ ਮੁਲਾਜ਼ਮ ਰੱਖਣ ਲਈ ਕਈ ਕੰਪਨੀਆਂ ਨੂੰ ਠੇਕੇ ਦੇ ਦਿੰਦੇ ਹਨ। ਸਰ, ਜਦੋਂ ਆਊਟ ਸੋਰਸ ਮੁਲਾਜ਼ਮ ਰੱਖੇ ਜਾਂਦੇ ਹਨ ਤਾਂ pick and choose ਦੀ ਪਾਲਿਸੀ ਅਪਣਾਈ ਜਾਂਦੀ ਹੈ। ਉਸ ਦੇ ਵਿੱਚ ਕਈ capable candidate ਰਹਿ ਜਾਂਦੇ ਹਨ, ਜਿਨ੍ਹਾਂ ਨੂੰ ਸੇਵਾ ਕਰਨ ਦਾ ਮੌਕਾ ਨਹੀਂ ਮਿਲਦਾ। ਜਿਹੜੇ ਆਊਟ ਸੋਰਸ ਮੁਲਾਜ਼ਮ ਹਨ, ਉਨ੍ਹਾਂ ਦਾ ਸ਼ੋਸ਼ਣ ਵੀ ਹੁੰਦਾ ਹੈ। ਕਈ ਵਾਰ ਕੰਪਨੀਆਂ ਉਨ੍ਹਾਂ ਦੀ ਪਹਿਲੀ ਤਨਖਾਹ ਰੱਖ ਲੈਂਦੀ ਹੈ। ਸੋ, ਮੈਂ ਸਰਕਾਰ ਅੱਗੇ ਇਹੀ ਬੇਨਤੀ

ਕਰਾਂਗਾ ਕਿ ਸਰਕਾਰ ਆਊਟ ਸੋਰਸ ਮੁਲਾਜ਼ਮ ਦੀ ਭਰਤੀ ਆਪਣੇ ਹੱਥ ਵਿੱਚ ਲੈ ਲਵੇ ਅਤੇ ਅਗਰ ਕਿਸੇ ਅਦਾਰੇ ਨੂੰ ਆਊਟ ਸੋਰਸ ਮੁਲਾਜ਼ਮ ਦੀ ਲੋੜ ਹੁੰਦੀ ਹੈ ਤਾਂ ਉਸ ਸਬੰਧੀ ਪਰਾਪਰਲੀ ਇਸ਼ਤਿਹਾਰ ਨਿਕਲੇ ਜਾਂ ਤੋਂ capable candidate ਨੂੰ ਰੁਜ਼ਗਾਰ ਮਿਲ ਸਕੇ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਹਾਂ ਜੀ, ਦੇਵ ਮਾਨ ਜੀ।

**ਸਰਦਾਰ ਗੁਰਦੇਵ ਸਿੰਘ ਦੇਵ ਮਾਨ (ਨਾਭਾ, ਐਸ.ਸੀ.)**: ਸਪੀਕਰ ਸਾਹਿਬ, ਸਮਾਂ ਦੇਣ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਆਪਣੇ ਹਲਕੇ ਵਿਧਾਨ ਸਭਾ ਨਾਭਾ ਦੀ ਗੱਲ ਕਰਾਂਗਾ, ਨਾਭਾ ਰਿਆਸਤੀ ਸ਼ਹਿਰ ਹੈ, ਇਹ ਮਹਾਰਾਜਾ ਹੀਰਾ ਸਿੰਘ ਜੀ ਦਾ ਵਸਾਇਆ ਸ਼ਹਿਰ ਹੈ। ਇਸ ਸ਼ਹਿਰ ਦੇ ਨਾਲ ਨਾਲ 6-7 outer colonies ਹਨ, ਜਿਹੜੀਆਂ ਲੋਕ ਸਭਾ ਵਿੱਚ ਵੀ ਵੋਟ ਪਾਉਂਦੀਆਂ ਹਨ, ਵਿਧਾਨ ਸਭਾ ਵਿੱਚ ਐਮ.ਐਲ.ਏਜ਼ ਨੂੰ ਵੋਟ ਪਾਉਂਦੀਆਂ ਹਨ ਪਰ ਨਾ ਉੱਥੇ ਪੰਚਾਇਤ ਹੈ ਅਤੇ ਨਾ ਹੀ ਨਗਰ ਕੌਂਸਲ ਜਾਂ ਨਗਰ ਪੰਚਾਇਤ ਹੈ। ਮੈਂ ਤੁਹਾਡੇ ਧਿਆਨ ਵਿੱਚ ਇਹ ਗੱਲ ਲੈ ਕੇ ਆਉਣਾ ਚਾਹੁੰਦਾ ਹਾਂ ਕਿ ਇੱਥੇ ਸਾਰੇ ਗਰੀਬ ਲੋਕ ਰਹਿੰਦੇ ਹਨ। ਨਾ ਤਾਂ ਇੱਥੇ ਸੀਵਰੇਜ ਹੈ, ਨਾ ਸਟਰੀਟ ਲਾਈਟ ਹੈ, ਨਾ ਹੀ ਪੀਣ ਵਾਲਾ ਪਾਣੀ ਹੈ, ਨਾ ਕੋਈ ਸੜਕ ਅਤੇ ਨਾ ਹੀ ਕੋਈ ਗਲੀ ਹੈ। ਕੁਝ ਵੀ ਨਹੀਂ ਹੈ। ਸੋ, ਮੈਂ ਲਿਖਤੀ ਰੂਪ ਵਿੱਚ ਵੀ ਇਹ ਗੱਲ ਡਿਪਾਰਟਮੈਂਟ ਦੇ ਧਿਆਨ ਵਿੱਚ ਲਿਆਂਦੀ ਸੀ ਕਿ ਇਹ ਜਿਹੜੀਆਂ 07 outer colonies ਹਨ, ਜਿਸ ਵਿੱਚ ਸੰਤ ਨਗਰ, ਆਸ਼ਾ ਕਲੋਨੀ, ਕੱਦ ਕਲੋਨੀ, ਡਿਫੈਂਸ ਕਲੋਨੀਆਂ ਆਦਿ ਸ਼ਾਮਿਲ ਹਨ, ਇਨ੍ਹਾਂ ਨੂੰ ਨਗਰ ਕੌਂਸਲ ਨਾਭਾ ਵਿੱਚ ਸ਼ਾਮਿਲ ਕੀਤਾ ਜਾਵੇ ਅਤੇ ਜੇਕਰ ਨਹੀਂ ਤਾਂ ਇਨ੍ਹਾਂ ਨੂੰ ਵਖਰੇ ਤੌਰ ਤੇ ਪੰਚਾਇਤਾਂ ਬਣਾ ਦਿੱਤੀਆਂ ਜਾਣ ਤਾਂ ਕਿ ਇਨ੍ਹਾਂ ਦੀ ਡਿਵੈਲਪਮੈਂਟ ਪਰਾਪਰ ਤਰੀਕੇ ਦੇ ਨਾਲ ਹੋ ਸਕੇ। ਸੋ, ਮੈਂ ਤੁਹਾਡੇ ਜ਼ਰੀਏ ਇਹ ਮੰਗ ਕਰਦਾ ਹਾਂ ਕਿ ਇਹ ਕੰਮ ਬਹੁਤ ਜਲਦ ਹੋਣਾ ਚਾਹੀਦਾ ਹੈ। ਇਹ ਗਰੀਬ ਲੋਕ ਹਨ ਅਤੇ ਸਾਡੇ ਕੋਲ ਆਉਂਦੇ ਹਨ। ਪਿਛਲੀਆਂ ਸਰਕਾਰਾਂ ਦੇ ਸਮੇਂ ਵੀ ਉਨ੍ਹਾਂ ਨੂੰ ਬਹੁਤ ਲਾਰੇ ਲਗਾਏ ਗਏ ਕਿ ਤੁਹਾਡੇ ਲਈ ਇਹ ਕਰ ਦਿਆਂਗੇ, ਉਹ ਕਰ ਦਿਆਂਗੇ ਪਰ ਅਸੀਂ ਕਿਹਾ ਹੈ ਕਿ ਅਸੀਂ ਜ਼ਰੂਰ ਤੁਹਾਡੇ ਲਈ ਕੁਝ ਨਾ ਕੁਝ ਕਰਾਂਗੇ। ਸੋ, ਮੈਂ ਉਮੀਦ ਕਰਦਾ ਹਾਂ ਕਿ ਬਹੁਤ ਜਲਦ ਇਹ unauthorized colonies ਹਨ ਜਿਹੜੀਆਂ ਸ਼ਹਿਰ ਦੇ ਨਾਲ ਲਗਦੀਆਂ ਹਨ, ਜਾਂ ਤਾਂ ਇਨ੍ਹਾਂ ਨੂੰ ਪੰਚਾਇਤ ਬਣਾਇਆ ਜਾਵੇ ਜਾਂ ਨਗਰ ਕੌਂਸਲ ਨਾਭਾ ਵਿੱਚ ਸ਼ਾਮਲ ਕੀਤਾ ਜਾਵੇ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ**: ਮਾਸਟਰ ਜਗਸੀਰ ਸਿੰਘ ਜੀ।

**ਸਰਦਾਰ ਜਗਸੀਰ ਸਿੰਘ (ਭੁੱਚੋ ਮੰਡੀ, ਐਸ.ਸੀ.)**: ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਸਦਨ ਵਿੱਚ ਬੋਲਣ ਦਾ ਸਮਾਂ ਦਿੱਤਾ। ਪਹਿਲੀ ਵਾਰੀ ਟਾਈਮ ਖਤਮ ਹੋ ਗਿਆ ਸੀ। ਇੱਕ ਗੋਨਿਆਣਾ ਮੰਡੀ ਤੋਂ ਵਾਇਆ ਅਬਲੂ ਮੁਕਤਸਰ ਸੜਕ ਜਾਂਦੀ ਹੈ, ਰਸਤੇ ਵਿੱਚ ਇੱਕ ਡਰੇਨ ਆਉਂਦੀ ਹੈ, ਉਸ ਤੇ ਪੁਲ ਨਹੀਂ ਬਣਿਆ ਹੋਇਆ ਹੈ। ਉਸ ਇਲਾਕੇ ਦੇ ਲੋਕਾਂ ਦੀਆਂ ਜ਼ਮੀਨਾਂ ਡਰੇਨ ਤੋਂ ਅਗਲੇ ਪਾਸੇ ਹੈ। ਉਨ੍ਹਾਂ ਨੂੰ ਖੇਤਾਂ ਵਿੱਚ ਪਹੁੰਚਣ ਲਈ 10-15

ਕਿਲੋਮੀਟਰ ਦਾ ਫਾਸਲਾ ਤੈਅ ਕਰਕੇ ਕਿਤੇ ਹੋਰੋਂ ਜਾਣਾ ਪੈਂਦਾ ਹੈ। ਸੋ, ਕਿਰਪਾ ਕਰਕੇ ਉਸ ਡਰੇਨ ਤੇ ਵੀ ਪੁਲ ਬਣਾਇਆ ਜਾਵੇ।

**1550/Pawan sharma/Monika sharma**
**1555/Jaspal Singh**

ਪਿਛਲੇ ਦੋ ਮਾਰਚ ਨੂੰ ਉਧਰ ਇਕ ਹੋਰ ਕੁਦਰਤੀ ਆਫਤ ਆ ਗਈ ਤੇ 10-12 ਪਿੰਡਾਂ ਵਿਚ ਗੜ੍ਹੇਮਾਰੀ ਹੋ ਗਈ ਤੇ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੋ ਗਿਆ, ਸਰਕਾਰ ਵੱਲੋਂ ਉਨ੍ਹਾਂ ਵੱਲ ਵੀ ਧਿਆਨ ਦਿੱਤਾ ਜਾਵੇ। ਧੰਨਵਾਦ ਕਹਾਂ ਜੀ ਜਾਂ ਨਹੀਂ?

**ਮਾਣਯੋਗ ਸਪੀਕਰ:** ਤੁਸੀਂ ਚਲੋ ਬੋਲ ਲਵੋ। (ਹਾਸਾ)

**ਸਰਦਾਰ ਜਗਸੀਰ ਸਿੰਘ:** ਸਪੀਕਰ ਸਾਹਿਬ, ਇੱਕ ਮੇਰੇ ਹਲਕੇ ਵਿੱਚ ਪਿੰਡ ਲਹਿਲਾ ਮੁਹੱਬਤ ਹੈ ਉਥੇ ਪਿਛਲੀ ਸਰਕਾਰ ਨੇ ਗਰਾਮ ਪੰਚਾਇਤ ਤੋੜ ਕੇ ਨਗਰ ਪੰਚਾਇਤ ਬਣਾ ਦਿੱਤੀ। ਸਾਲ 2022 ਦੀਆਂ ਵੋਟਾਂ ਵਿੱਚ ਲੋਕਾਂ ਨੇ ਇਹ ਕਿਹਾ ਸੀ ਕਿ ਤੁਸੀਂ ਉਥੇ ਨਗਰ ਪੰਚਾਇਤ ਨੂੰ ਤੁੜਵਾ ਕੇ ਗਰਾਮ ਪੰਚਾਇਤ ਬਣਾਈ ਜਾਵੇ ਤੇ ਅਸੀਂ ਤੁਹਾਨੂੰ ਵੋਟਾਂ ਪਾਵਾਂਗੇ ਤਾਂ ਉਸ ਪਿੰਡ ਨੇ ਲਗਭਗ 66 ਪ੍ਰਤੀਸ਼ਤ ਵੋਟਾਂ ਆਮ ਆਦਮੀ ਪਾਰਟੀ ਨੂੰ ਪਾ ਕੇ ਜਿੱਤ ਦਿਵਾਈ। ਉਨ੍ਹਾਂ ਲੋਕਾਂ ਦੀ ਪੁਰਜੋਰ ਅਪੀਲ ਹੈ ਕਿ ਗਰਾਮ ਪੰਚਾਇਤ ਬਣਾਈ ਜਾਵੇ, ਉਥੇ ਨਗਰ ਪੰਚਾਇਤ ਡੀ ਨੋਟੀਫਾਈ ਕੀਤੀ ਜਾਵੇ। ਇਸ ਦੇ ਸਬੰਧ ਵਿਚ ਪਿਛਲੇ ਡੇਢ ਸਾਲ ਤੋਂ ਜੋ ਫਾਈਲ ਹੈ, ਉਹ ਸਾਰੇ ਪਿੰਡ ਦੇ ਲੋਕਾਂ ਦੇ ਦਸਤਖਤਾਂ ਦੇ ਨਾਲ ਲੋਕਲ ਬਾਡੀ ਦੇ ਦਫਤਰ ਵਿਚ ਦਿੱਤੀ ਗਈ ਹੈ ਉਹ ਫਾਈਲ ਅਜੇ ਤੱਕ ਉਥੇ ਹੀ ਰੁਲਦੀ ਫਿਰਦੀ ਹੈ, ਉਸ ਦਾ ਕੋਈ ਨਿਪਟਾਰਾ ਨਹੀਂ ਹੋਇਆ। ਇੱਕ ਦੋ ਵਾਰੀ ਆਪਣੇ ਲੋਕਲ ਬਾਡੀ ਦੇ ਮੰਤਰੀ, ਸਰਦਾਰ ਬਲਕਾਰ ਸਿੰਘ ਨੂੰ ਮਿਲ ਕੇ ਗੱਲ ਕੀਤੀ ਹੈ, ਉਹ ਵੀ ਬਣਾਈ ਜਾਵੇ ਜੀ।

**ਮਾਣਯੋਗ ਸਪੀਕਰ:** ਚਲੋ, ਹੁਣ ਤੁਸੀਂ ਧੰਨਵਾਦ ਕਰ ਦਿਉ ਜੀ।

**ਸਰਦਾਰ ਜਗਸੀਰ ਸਿੰਘ:** ਧੰਨਵਾਦ ਜੀ।

**ਮਾਣਯੋਗ ਸਪੀਕਰ:** ਸਰਦਾਰ ਕੁਲਵੰਤ ਸਿੰਘ ਪੰਡੋਰੀ।

**ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲ ਕਲਾਂ, ਐਸ.ਸੀ.):** ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਣਯੋਗ ਮੰਤਰੀ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਭਾਵੇਂ ਪੰਜਾਬ ਸਰਕਾਰ ਵੱਲੋਂ ਜਿਹੜੇ ਸਾਡੇ ਨਹਿਰੀ ਵਿਸ਼ਰਾਮ ਘਰ ਹਨ, 10-12 ਉਤੇ ਸਰਕਾਰ ਵੱਲੋਂ ਕੰਮ ਚੱਲ ਰਿਹਾ ਹੈ ਪਰ ਜਿਹੜੇ ਕਾਫੀ ਨਹਿਰੀ ਵਿਸ਼ਰਾਮ ਘਰ ਹਨ, ਉਹ ਬਹੁਤ ਰਮਣੀਕ ਜਗ੍ਹਾ ਉਤੇ ਬਣੇ ਹੋਏ ਹਨ। ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਗਹਿਲ ਪਿੰਡ ਹੈ, ਇਤਿਹਾਸਕ ਨਗਰ ਹੈ ਜਿਥੇ ਅਤਿ ਵੱਡਾ ਘੱਲੂਘਾਰਾ ਸਮਾਪਤ ਹੋਇਆ ਸੀ, ਉਹ 12 ਕਿੱਲਿਆਂ ਵਿੱਚ ਬਣਿਆ ਹੋਇਆ ਹੈ। ਮੈਂ ਉਥੇ ਕੱਲ੍ਹ ਜਾ ਕੇ ਦੇਖਿਆ ਕਿ ਕਿਵੇਂ ਮੋਰ, ਪੰਛੀ, ਕਹਿਣ ਦਾ ਭਾਵ ਕਿ ਉਥੇ ਏਨੇ ਜਾਨਵਰ, ਪੰਛੀ ਸੀ, ਇਹੋ ਜਿਹੀ ਜਗ੍ਹਾ ਮੈਂ ਕਦੇ ਨਹੀਂ ਦੇਖੀ ਲੇਕਿਨ ਉਹ ਜਗ੍ਹਾ ਖੰਡਰ ਬਣੀ ਪਈ ਹੈ। ਸੋ, ਕਿਰਪਾ ਕਰਕੇ ਜਿਥੇ ਇਹ ਸਰਕਾਰ 10-12

ਡਿਵੈਲਪ ਕਰ ਰਹੀ ਹੈ, ਸਾਰੇ ਨਹਿਰੀ ਘਰਾਂ ਨੂੰ ਚੰਗੀ ਤਰ੍ਹਾਂ ਡਿਵੈਲਪ ਕਰਕੇ ਭਾਵੇਂ ਆਪਾਂ ਪ੍ਰਾਈਵੇਟ ਤੌਰ ਤੇ ਲੀਜ਼ ਉਤੇ ਦੇ ਸਕਦੇ ਹਾਂ, ਜਿਵੇਂ ਵੀ ਸਰਕਾਰ ਕਰ ਸਕਦੀ ਹੈ ਯਾਨੀ ਕਿ ਉਨ੍ਹਾਂ ਨੂੰ ਡਿਵੈਲਪ ਕਰਨ ਦੀ ਲੋੜ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ ।

**ਮਾਣਯੋਗ ਸਪੀਕਰ**: ਸਰਦਾਰ ਦਲਬੀਰ ਸਿੰਘ ਟੌਂਗ।

**ਸਰਦਾਰ ਦਲਬੀਰ ਸਿੰਘ ਟੌਂਗ (ਬਾਬਾ ਬਕਾਲਾ, ਐਸ.ਸੀ.)** : ਬਹੁਤ ਬਹੁਤ ਧੰਨਵਾਦ ਸਪੀਕਰ ਸਾਹਿਬ। ਮੈਂ ਸਰਕਾਰ ਦਾ ਧਿਆਨ ਤੁਹਾਡੇ ਮਾਧਿਅਮ ਰਾਹੀਂ ਪੰਜਾਬ ਦੇ ਲਗਭਗ ਦੋ ਤੋਂ ਢਾਈ ਲੱਖ ਲੋਕਾਂ ਦਾ ਰੋਟੀ ਦਾ ਮਸਲਾ ਆਰ.ਐਮ.ਪੀ. ਡਾਕਟਰਾਂ ਦਾ ਜੁੜਿਆ ਹੈ । ਸਰ, ਉਹ ਦੋ ਤਿੰਨ ਵਾਰੀ ਮੰਗ ਪੱਤਰ ਵੀ ਦੇ ਚੁੱਕੇ ਹਨ, ਉਹ ਚਾਹੁੰਦੇ ਹਨ ਕਿ ਸਾਨੂੰ ਕਿਸੇ ਨਾ ਕਿਸੇ ਕੈਟਾਗਰੀ ਵਿਚ ਲਿਆ ਕੇ ਸਾਡੀਆਂ ਸੇਵਾਵਾਂ ਲਈਆਂ ਜਾਣ।

ਮੇਰੀ ਦੂਜੀ ਬੇਨਤੀ ਇਹ ਹੈ ਕਿ ਹਲਕਾ ਬਾਬਾ ਬਕਾਲਾ ਸਾਹਿਬ ਦੇ ਅਧੀਨ ਆਉਦੀਆਂ ਦੋ ਸੜਕਾਂ ਹਨ ਜਿਹੜੀਆਂ ਸੜਕਾਂ ਲਗਭਗ 11 ਤੋਂ 12 ਸਾਲ ਪਹਿਲਾਂ ਬਣੀਆਂ ਹਨ। ਸੋ, ਉਨ੍ਹਾਂ ਸੜਕਾਂ ਦੇ ਵਿਚ ਟੋਏ ਏਡੇ ਵੱਡੇ ਪਏ ਹਨ ਕਿ ਲੰਘਣਾ ਬੜਾ ਮੁਸ਼ਕਲ ਹੋ ਰਿਹਾ ਹੈ । ਸੋ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਰਈਆ ਤੋਂ ਵਡਾਲਾ ਕਲਾਂ ਨੂੰ ਜਾਂਦੀ ਨਾਫਦੀ ਖੂਹੀ ਜਿਹੜੀ ਮਹਿਤਾ ਰੋਡ ਉਤੇ ਚੜ੍ਹਦੀ ਹੈ, ਇੱਕ ਉਸ ਸੜਕ ਵੱਲ ਧਿਆਨ ਦਿੱਤਾ ਜਾਵੇ। ਦੂਜੀ ਨਾਗੋਕੇ ਘਰਾਟ ਤੋਂ ਲੈ ਕੇ ਫਤਿਆਬਾਦ ਤੱਕ ਜਿਹੜੀ ਲਿੰਕ ਰੋਡ ਹੈ, ਉਸ ਨੂੰ ਚੌੜੀ ਕਰਕੇ, ਵੱਡੀ 18 ਫੁੱਟੀ ਕਰਕੇ ਲੋਕਾਂ ਦੇ ਆਉਣ ਜਾਣ ਦੇ ਰਸਤੇ ਨੂੰ ਸੁਧਾਰਿਆ ਜਾਵੇ। ਬਹੁਤ ਬਹੁਤ ਧੰਨਵਾਦ ।

**ਸਰਦਾਰ ਕੁਲਜੀਤ ਸਿੰਘ ਰੰਧਾਵਾ (ਡੇਰਾਬੱਸੀ)**: ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸਰਕਾਰ ਦਾ ਧਿਆਨ ਦਿਵਾਉਂਦਾ ਹਾਂ ਕਿ ਅੱਜ ਤੋਂ ਸਾਲ, ਡੇਢ ਸਾਲ ਪਹਿਲਾਂ ਪਿਛਲੇ ਸਾਲ ਜਦੋਂ ਹੜ੍ਹਾਂ ਦੀ ਸਥਿਤੀ ਬਣੀ ਸੀ ਤਾਂ ਸਾਡੇ ਸਾਰੇ ਘੱਗਰ ਦਰਿਆ ਵਿਚ ਘੱਟੋ ਘੱਟ ਅੱਜ ਵੀ ਦਸ ਦਸ ਫੁੱਟ ਰੇਤਾ ਤੇ ਮਿੱਟੀ ਚੜ੍ਹ ਗਈ ਤੇ ਜੰਗਲ ਬਣਿਆ ਪਿਆ ਹੈ। ਇਹ 10-12 ਕਿਲੋਮੀਟਰ ਦਾ ਏਰੀਆ ਜਿਹੜਾ ਜੀਰਕਪੁਰ ਤੋਂ ਲੈ ਕੇ ਡੇਰਾਬੱਸੀ, ਲਾਲੜੂ ਹੁੰਦੇ ਹੋਏ ਅੰਬਾਲੇ ਸ਼ਹਿਰ ਤੱਕ ਜਾ ਜੁੜਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਕੋਈ ਅਜਿਹੀ ਪਾਲਿਸੀ ਬਣਾਉਣੀ ਚਾਹੀਦੀ ਹੈ ਕਿ ਜਾਂ ਤਾਂ ਉਥੇ ਡੀਸਿਲਟਿੰਗ ਕਰਵਾ ਕੇ ਜਾਂ ਉਹ ਰੇਤਾ ਉਥੇ ਜਿਹੜੀਆਂ ਸਾਡੇ ਹਲਕੇ ਵਿਚ ਨਵੀਆਂ ਸੜਕਾਂ ਨੇੜੇ ਨੇੜੇ ਬਣ ਰਹੀਆਂ ਹਨ, ਇਸ ਨਾਲ ਸਰਕਾਰ ਨੂੰ ਉਥੋਂ ਰੈਵੇਨਿਊ ਵੀ ਇਕੱਠਾ ਹੋ ਸਕਦਾ ਹੈ ਤੇ ਦੂਜਾ ਘੱਗਰ ਦਾ ਲੈਵਲ ਥੋੜ੍ਹਾ ਡਾਊਨ ਹੋ ਜਾਵੇਗਾ ਕਿਉਂਕਿ ਆਉਣ ਵਾਲੇ ਸਮੇਂ ਵਿੱਚ ਦੋ ਚਾਰ ਮਹੀਨਿਆਂ ਵਿਚ ਫਿਰ ਬਰਸਾਤ ਪੈਣੀ ਹੈ ਤੇ ਕਿਤੇ ਫਿਰ ਹੜ੍ਹ ਦੀ ਸਥਿਤੀ ਪੈਦਾ ਨਾ ਹੋ ਜਾਵੇ। ਧੰਨਵਾਦ ਜੀ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ)**: ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਪੰਚਾਇਤੀ ਕਮੇਟੀ ਦਾ ਇੱਕ ਸਾਲ ਤੋਂ ਮੈਂਬਰ ਹਾਂ।

**1555/Jaspal Singh/Monika sharma**

**1600/Beant kaur**

ਮੈਂ ਕਮੇਟੀ ਦੇ ਧਿਆਨ ਵਿੱਚ ਲਿਆਂਦਾ ਸੀ ਕਿ ਐਸਈਪੀਓ, ਜੋ ਕਿ ਹੁਣ ਬੀਡੀਪੀਓ, ਗੁਰਦਾਸਪੁਰ ਵਿੱਚ ਰਮਦਾਸ ਜਾਂ ਕਿਤੇ ਹੋਰ ਲੱਗਿਆ ਹੋਇਆ ਹੈ। ਬਟਾਲੇ ਵਿੱਚ ਪਿੰਡ ਲੋਧੀਨੰਗਲ ਹੈ, ਕਮੇਟੀ ਨੇ ਬੜੀ ਸੰਜੀਦਗੀ ਨਾਲ ਦੱਸਿਆ ਕਿ ਇਨ੍ਹਾਂ ਨੇ ਉਥੇ ਬੜਾ ਵੱਡਾ ਗਬਨ ਕੀਤਾ ਹੈ, ਤੁਹਾਡੀ ਸਰਕਾਰ ਵਿੱਚ ਏਡੀਸੀ ਗੁਰਦਾਸਪੁਰ ਨੇ ਇਨਕੁਆਇਰੀ ਕਰਕੇ ਉਸ ਐਸਈਪੀਓ ਖਿਲਾਫ 9,12,464 ਲੱਖ ਦੇ ਗਬਨ ਤਹਿਤ ਮਿਤੀ 13.6.2023 ਨੂੰ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਹੈ। ਅੱਜ ਨੌ ਮਹੀਨੇ ਹੋ ਗਏ ਹਨ। ਸਪੀਕਰ ਸਾਹਿਬ, ਮੈਂ ਖਾਸ ਤੌਰ ਤੇ ਤੁਹਾਡੇ ਧਿਆਨ ਵਿੱਚ ਇਹ ਗੱਲ ਇਸ ਕਰਕੇ ਲਿਆਉਣਾ ਚਾਹੁੰਦਾ ਹਾਂ, ਤੁਸੀਂ ਕਿਹਾ ਸੀ ਕਿ ਵਿਧਾਨ ਸਭਾ ਕਮੇਟੀ ਜੋ ਕੰਮ ਕਰਦੀ ਹੈ, ਉਸ ਨੂੰ ਅਹਿਮ ਫੈਸਲਾ ਮੰਨਿਆ ਜਾਂਦਾ ਹੈ। ਸਾਡੀ ਕਮੇਟੀ ਦੇ ਮਾਣਯੋਗ ਚੇਅਰਮੈਨ ਡਾਕਟਰ ਚਰਨਜੀਤ ਸਿੰਘ ਅੱਜ ਆਏ ਨਹੀਂ ਹਨ। ਕੁੰਵਰ ਵਿਜੇ ਪ੍ਰਤਾਪ ਜੀ ਬੈਠੇ ਹਨ ਅਤੇ ਹੋਰ ਵੀ ਮੈਂਬਰ ਹਨ, ਇਨ੍ਹਾਂ ਨੂੰ ਵੀ ਪਤਾ ਹੈ ਕਿ ਲਾਸਟ ਮੀਟਿੰਗ ਵਿੱਚ ਇਸ ਰੂਰਲ ਡਿਵੈਲਪਮੈਂਟ ਡਿਪਾਰਟਮੈਂਟ ਨੇ ਇਥੋਂ ਤੱਕ ਕਹਿ ਦਿੱਤਾ ਕਿ Committee is not competent to ask any question against corruption. ਸਾਰੇ ਮੈਂਬਰ ਸਾਹਿਬਾਨਾਂ ਨੇ ਇਸ ਗੱਲ ਦਾ ਬੜੀ ਸੰਜੀਦਗੀ ਨਾਲ ਨੋਟਿਸ ਲਿਆ। ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਂ ਤੁਹਾਨੂੰ ਵੀ ਇਸ ਮਸਲੇ ਸਬੰਧੀ 2-3 ਵਾਰ ਮਿਲਿਆ ਹਾਂ। ਮੈਨੂੰ ਨਹੀਂ ਪਤਾ ਕਿ ਇਕ ਛੋਟਾ ਜਿਹਾ ਐਸਈਪੀਓ, ਜਿਸ ਤਹਿਤ ਸਰਕਾਰ ਨੇ ਗਬਨ ਦੇ ਇਲਜ਼ਾਮ ਵਿੱਚ ਇਨਕੁਆਇਰੀ ਕਰਨ ਦੀ ਸਿਫਾਰਸ਼ ਕੀਤੀ ਹੈ, ਜਦੋਂ ਉਸ ਨੂੰ ਕਮੇਟੀ ਵਲੋਂ ਬੁਲਾਇਆ ਗਿਆ। ਕਮੇਟੀ ਨੇ ਜਦੋਂ ਉਸ ਨੂੰ ਪੁੱਛਿਆ ਕਿ ਤੁਸੀਂ ਦੋ ਵਾਰ ਬਿਨਾ ਛੁੱਟੀ ਲਏ, ਬਿਨਾ ਪਰਮਿਸ਼ਨ ਲਏ ਅਬਰੋਡ ਗਏ ਹੋ ਤਾਂ ਉਸ ਨੇ ਕਮੇਟੀ ਦੇ ਪੂਰੇ ਮੈਂਬਰ ਸਾਹਿਬਾਨ ਅੱਗੇ ਕਿਹਾ ਕਿ ਮੈਂ ਬਿਲਕੁਲ ਬਾਹਰ ਨਹੀਂ ਗਿਆ। ਦੋਵੇਂ ਡੇਟਸ ਉਸ ਨੂੰ ਦਿੱਤੀਆਂ ਗਈਆਂ।

**ਮਾਣਯੋਗ ਸਪੀਕਰ** : ਨੈਕਸਟ, ਸ਼੍ਰੀ ਦਿਨੇਸ਼ ਕੁਮਾਰ ਚੱਢਾ ਜੀ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ** : ਸਪੀਕਰ ਸਾਹਿਬ, ਦੋ ਮਿੰਟ ਮੇਰੀ ਗੱਲ ਸੁਣ ਲਓ ਜੀ।

**ਮਾਣਯੋਗ ਸਪੀਕਰ** : ਤੁਸੀਂ ਆਪਣਾ ਸਮਾਂ ਲੈ ਲਿਆ ਹੈ। ਬੈਠੋ। (ਵਿਘਨ...) ਬਾਜਵਾ ਸਾਹਿਬ, ਤੁਹਾਨੂੰ ਵੀ ਵਿਦਇਨ ਟਾਈਮ ਸਮਾਂ ਮਿਲਿਆ ਹੈ, ਹਰੇਕ ਮੈਂਬਰ ਦੇ ਜਦੋਂ ਦੋ ਮਿੰਟ ਹੋ ਜਾਂਦੇ ਹਨ ਤਾਂ ਮੈਂ ਮਾਈਕ ਬੰਦ ਕਰ ਦਿੰਦਾ ਹਾਂ। ਆਪਾਂ ਕੋਈ ਤਾਂ ਕਾਇਦਾ ਰੱਖਾਂਗੇ। (ਵਿਘਨ....) ਜਿਹੜਾ ਬੰਦਾ ਆਪਣੀ ਗੱਲ ਦੋ ਮਿੰਟ ਵਿੱਚ ਪੂਰੀ ਨਹੀਂ ਕਰ ਸਕਦਾ, ਉਹ ਕੀ ਗੱਲ ਕਰੇਗਾ? ਸੋ, ਮੈਂ ਸਾਰਿਆਂ ਦਾ ਮਾਣ ਸਨਮਾਨ ਰੱਖਦੇ ਹੋਏ ਇਹ ਗੱਲ ਕਹਿੰਦਾ ਹਾਂ ਕਿ let the other Member continue.

**ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ)** : ਮਾਣਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜ਼ੀਰੋ ਆਵਰ ਬਹੁਤ ਵਧੀਆ ਕਨਵੈਂਸ਼ਨ ਹੈ ਜੋ ਕਿ 1962 ਤੋਂ ਸ਼ੁਰੂ ਹੋਈ ਹੈ। ਅੱਜ ਜਿੰਨੇ ਵੀ ਮਹੱਤਵਪੂਰਣ ਮਾਮਲੇ ਮਾਣਯੋਗ ਮੈਂਬਰਾਂ ਵਲੋਂ ਜ਼ੀਰੋ ਆਵਰ ਵਿੱਚ ਚੁੱਕੇ ਜਾਂਦੇ ਹਨ, ਲੋਕਾਂ ਵਿੱਚ ਇਹ ਗੱਲ ਮਹਿਸੂਸ ਕੀਤੀ ਜਾਂਦੀ ਹੈ ਕਿ ਜੇਕਰ

ਹੋ ਸਕੇ ਤਾਂ ਸੈਸ਼ਨ ਦੇ ਸਮੇਂ ਤੋਂ ਬਾਅਦ ਜ਼ੀਰੋ ਆਵਰ ਦੇ ਮਸਲਿਆਂ ਦਾ ਵੀ ਸਾਨੂੰ ਮਹਿਕਮਿਆਂ ਵਲੋਂ ਜਵਾਬ ਮਿਲ ਸਕੇ ਤਾਂ ਬੜੀ ਮਿਹਰਬਾਨੀ ਹੋਵੇਗੀ।

ਦੂਜੀ ਬੇਨਤੀ, ਮੈਂ ਮਾਣਯੋਗ ਲੋਕ ਨਿਰਮਾਣ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮਨਰੇਗਾ, ਜੋ ਕਿ ਕੇਂਦਰ ਸਰਕਾਰ ਦੀ ਸਕੀਮ ਹੀ ਨਹੀਂ ਸਗੋਂ ਸੈਂਟਰਲ ਐਕਟ ਹੈ ਪਰ ਪੀਡਬਲਿਊਡੀ ਦੇ ਜਿਹੜੇ ਅਫਸਰ ਸਾਹਿਬਾਨ ਹਨ, ਪਹਿਲਾਂ ਤਾਂ ਕਰਦੇ ਸੀ ਪਰ ਹੁਣ ਇਸ ਮਹਿਕਮੇ ਵਿੱਚ ਮਨਰੇਗਾ ਐਕਟ ਨੂੰ, ਮਨਰੇਗਾ ਸਕੀਮ ਨੂੰ ਲਾਗੂ ਨਹੀਂ ਕਰ ਰਹੇ। ਜਿਸ ਕਾਰਨ ਮਜ਼ਦੂਰਾਂ ਦੀ ਲੇਬਰ ਵੀ ਪ੍ਰਭਾਵਿਤ ਹੋ ਰਹੀ ਹੈ, ਬਹੁਤ ਸਾਰੇ ਕਾਮੇ ਵੀ ਪ੍ਰਭਾਵਿਤ ਹੋ ਰਹੇ ਹਨ। ਮਾਣਯੋਗ ਮੰਤਰੀ ਸਾਹਿਬ ਇਸ ਪਾਸੇ ਧਿਆਨ ਦੇਣ ਅਤੇ ਪੀਡਬਲਿਊਡੀ ਵਿੱਚ ਮਨਰੇਗਾ ਸਕੀਮ ਵਿੱਚ ਅੜਿੱਕਾ ਅੜਾਉਣ ਵਾਲੇ ਅਫਸਰ ਸਾਹਿਬਾਨ ਦੇ ਖਿਲਾਫ ਨੋਟਿਸ ਲੈ ਕੇ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਤੀਜੀ ਬੇਨਤੀ, ਪੰਜਾਬੀ ਭਾਸ਼ਾ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ, ਇਸ ਵਿਧਾਨ ਸਭਾ ਸਦਨ ਵਿੱਚ ਜਿਹੜੇ ਸ਼ਬਦ ਅੱਜ ਵੀ ਅੰਗਰੇਜ਼ੀ ਭਾਸ਼ਾ ਵਿੱਚ ਵਰਤੇ ਜਾਂਦੇ ਹਨ, ਉਨ੍ਹਾਂ ਦੇ ਬਦਲਵੇਂ ਸ਼ਬਦ ਪੰਜਾਬੀ ਭਾਸ਼ਾ ਵਿੱਚ ਮਿੱਥੇ ਜਾਣ। ਭਾਵੇਂ ਉਹ ਜ਼ੀਰੋ ਆਵਰ ਦੀ ਗੱਲ ਹੋਵੇ ਜਾਂ ਸਪੀਕਰ-ਡਿਪਟੀ ਸਪੀਕਰ ਸ਼ਬਦਾਂ ਦੀ ਗੱਲ ਹੋਵੇ, ਉਨ੍ਹਾਂ ਲਈ ਬਦਲਵੇਂ ਪੰਜਾਬੀ ਦੇ ਸ਼ਬਦ ਵਰਤਣੇ ਸ਼ੁਰੂ ਕਰੀਏ ਤਾਂ ਇਹ ਪੰਜਾਬੀ ਭਾਸ਼ਾ ਦੇ ਮਾਣ ਵਿੱਚ ਵੱਡਾ ਕਦਮ ਹੋ ਸਕਦਾ ਹੈ।

ਅਖੀਰ ਵਿੱਚ ਮੇਰੇ 20 ਸਕਿੰਟ ਬਚਦੇ ਹਨ, ਮੈਂ ਕਹਿਣਾ ਚਾਹੁੰਦਾ ਹਾਂ ਕਿ ਰੋਪੜ ਵਿੱਚ ਸੀਨੀਅਰ ਸਿਟੀਜ਼ਨ ਹੋਮ ਦੀ ਮੰਗ ਹੈ, ਰੋਪੜ ਦੀ ਸੀਨੀਅਰ ਸਿਟੀਜ਼ਨਜ਼ ਟੀਮ ਬਹੁਤ ਐਕਟਿਵ ਹੈ ਪਰ ਉਥੇ ਸੀਨੀਅਰ ਸਿਟੀਜ਼ਨ ਹੋਮ ਨਹੀਂ ਹੈ। ਮਾਣਯੋਗ ਸਮਾਜਿਕ ਸੁਰੱਖਿਆ ਮੰਤਰੀ ਜੀ ਕਿਰਪਾ ਕਰਨ ਅਤੇ ਰੋਪੜ ਵਿੱਚ ਸੀਨੀਅਰ ਸਿਟੀਜ਼ਨ ਹੋਮ ਬਣਾਇਆ ਜਾਵੇ। ਧੰਨਵਾਦ।

**ਮਾਣਯੋਗ ਸਪੀਕਰ** : ਸਭਾਪਤੀ ਅਤੇ ਉਪ ਸਭਾਪਤੀ, ਸਪੀਕਰ ਅਤੇ ਡਿਪਟੀ ਸਪੀਕਰ ਦੇ ਪੰਜਾਬੀ ਸ਼ਬਦ ਹਨ। ਨੈਕਸਟ, ਸਰਦਾਰ ਬਲਵਿੰਦਰ ਸਿੰਘ ਧਾਲੀਵਾਲ ਜੀ।

**ਸਰਦਾਰ ਬਲਵਿੰਦਰ ਸਿੰਘ ਧਾਲੀਵਾਲ (ਫਗਵਾੜਾ, ਐਸ.ਸੀ)** : ਸਪੀਕਰ ਸਾਹਿਬ, ਫਗਵਾੜਾ ਇੰਡਸਟਰੀ ਦਾ ਹੱਬ ਹੈ। ਫਗਵਾੜਾ ਵਿੱਚ ਕਾਫੀ ਮਾਈਗ੍ਰੇਟਰੀ ਪਾਪੂਲੇਸ਼ਨ ਹੈ, ਜਿਸ ਕਾਰਨ ਸਿਟੀ ਦੀ ਲਗਭਗ ਦੋ ਲੱਖ ਤੋਂ ਵੱਧ ਅਬਾਦੀ ਹੈ। ਫਗਵਾੜਾ ਵਿਚਲੇ ਸਿਵਲ ਹਸਪਤਾਲ ਵਿੱਚ ਬਲੱਡ ਬੈਂਕ ਪਿਛਲੇ 6-7 ਮਹੀਨਿਆਂ ਤੋਂ ਬੰਦ ਹੈ, ਸੀਲ ਕੀਤਾ ਹੋਇਆ ਹੈ। ਇੱਕ ਸੈਂਟਰਲ ਟੀਮ ਆਈ ਸੀ, ਜਿਸ ਨੇ ਕੁਝ ਡਿਸਕ੍ਰੀਪੈਂਸੀਜ਼ ਨੂੰ ਦੇਖਦੇ ਹੋਏ ਇਸ ਨੂੰ ਸੀਲ ਕਰ ਦਿੱਤਾ ਸੀ।

**1600/Beant kaur/Shubham jain**
**1605/Karamjit kaur**

ਜਿਸ ਕਾਰਨ ਕਾਫ਼ੀ ਲੋਕਾਂ ਨੂੰ ਬਲੱਡ ਲੈਣ ਵਿੱਚ ਮੁਸ਼ਕਿਲ ਆਉਂਦੀ ਹੈ। ਸਪੀਕਰ ਸਾਹਿਬ, ਮੈਂ ਆਪ ਰਾਹੀਂ ਹੈਲਥ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਇਸ ਬਲੱਡ ਬੈਂਕ ਨੂੰ ਜਲਦੀ ਤੋਂ ਜਲਦੀ ਚਾਲੂ ਕੀਤਾ ਜਾਵੇ। ਜਦੋਂ ਤੱਕ

ਇਹ ਚਾਲੂ ਨਹੀਂ ਹੁੰਦਾ, ਉਦੋਂ ਤੱਕ ਬਲੱਡ ਸਟੋਰੇਜ ਯੂਨਿਟ ਚਲਾ ਦਿੱਤਾ ਜਾਵੇ ਤਾਂ ਜੋ ਲੋਕ ਉਥੇ ਬੇਸ਼ੱਕ ਬਲੱਡ ਨਾ ਦੇਣ ਪਰ ਕਿਤੇ ਬਾਹਰੋਂ ਲੈ ਕੇ, ਇੰਪੋਰਟ ਕਰਕੇ ਉਥੋਂ ਗਰੀਬ ਲੋਕ ਉਸ ਯੂਨਿਟ ਤੋਂ ਖਰੀਦ ਸਕਣ। ਧੰਨਵਾਦ ਜੀ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਸਪੀਕਰ ਸਾਹਿਬ, ਧੰਨਵਾਦ ਜੀ। ਪੰਜਾਬ ਦੇ ਵਿੱਚ ਵੱਖ-ਵੱਖ ਸਮਿਆਂ ਤੇ ਬਹੁਤ ਮਹਾਨ ਸਖਸ਼ੀਅਤਾਂ ਨੇ ਜਨਮ ਲਿਆ। ਜਿਨ੍ਹਾਂ ਵਿਚੋਂ ਮੈਂ ਅੱਜ ਹਾਊਸ ਅੰਦਰ ਤਿੰਨ ਮਹਾਨ ਸ਼ਖ਼ਸ਼ੀਅਤਾਂ ਦਾ ਜ਼ਿਕਰ ਕਰਨਾ ਚਾਹਾਂਗਾ। ਸਾਹਿਬ ਸ੍ਰੀ ਕਾਂਸੀ ਰਾਮ ਜੀ ਦਾ ਜਨਮ 15 ਮਾਰਚ, 1934 ਨੂੰ ਉਨ੍ਹਾਂ ਦੇ ਨਾਨਕੇ ਪਿੰਡ ਬੁੰਗਾ ਸਾਹਿਬ ਵਿਖੇ ਹੋਇਆ। ਉਨ੍ਹਾਂ ਨੇ ਡੀ.ਆਰ.ਡੀ.ਓ. ਵਿੱਚ ਵਿਗਿਆਨੀ ਦੀ ਨੌਕਰੀ ਛੱਡ ਕੇ BAMCEF DS4 ਅਤੇ ਪਿਛਲੇ 27 ਸਾਲਾਂ ਤੋਂ ਬਹੁਜਨ ਸਮਾਜ ਪਾਰਟੀ ਬਣਾਈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬ ਨੇ ਲਿਖਿਆ ਹੈ ਕਿ:

ਇਨ ਗਰੀਬ ਸਿਖਨੁ ਕੋ ਦੇਯੂੰ ਪਾਤਸ਼ਾਹੀ।।

ਬਾਬਾ ਸਾਹਿਬ ਨੇ ਲਿਖਿਆ ਹੈ ਕਿ ਗਰੀਬਾਂ ਦੇ ਘਰ ਰਾਜੇ ਪੈਦਾ ਹੋਣੇ ਚਾਹੀਦੇ ਹਨ। ਉਸ ਕਰਕੇ ਭੈਣ ਕੁਮਾਰੀ ਮਾਇਆਵਤੀ ਇਸ ਦੇਸ਼ ਦੇ ਸਭ ਤੋਂ ਵੱਡੇ ਸੂਬੇ ਦੇ ਚਾਰ ਵਾਰ ਮੁੱਖ ਮੰਤਰੀ ਬਣੇ ਅਤੇ 14 ਰਾਜਾਂ ਵਿੱਚ ਇਸ ਪਾਰਟੀ ਦੇ ਐਮ.ਐਲ.ਏ. ਅਤੇ ਐਮ.ਪੀ. ਬਣੇ। ਉਨ੍ਹਾਂ ਨੇ ਸਾਹਿਬ ਡਾਕਟਰ ਅੰਬੇਦਕਰ ਜੀ ਦੀ ਵਿਚਾਰਧਾਰਾ ਨੂੰ ਦੇਸ਼ ਵਿੱਚ ਦੁਬਾਰਾ ਸੁਰਜੀਤ ਕੀਤਾ ਅਤੇ ਲੋਕਾਂ ਨੇ ਕਿਹਾ, ''ਬਾਬਾ ਸਾਹਿਬ ਦਾ ਦੂਸਰਾ ਨਾਮ, ਕਾਂਸੀ ਰਾਮ-ਕਾਂਸੀ ਰਾਮ''

ਕਾਮਰੇਡ ਸ੍ਰੀ ਹਰਿਕ੍ਰਿਸ਼ਨ ਸਿੰਘ ਜੀ ਸੁਰਜੀਤ , ਜਿਨ੍ਹਾਂ ਦਾ ਜਨਮ 23 ਮਾਰਚ, 1916 ਨੂੰ ਪਿੰਡ ਬੰਡਾਲਾ, ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਨ੍ਹਾਂ ਨੂੰ ਭਾਰਤੀ ਰਾਜਨੀਤੀ ਦਾ ਚਾਣਕਿਆ ਕਿਹਾ ਜਾਂਦਾ ਸੀ। ਦੇਸ਼ ਵਿੱਚ ਸੀ.ਪੀ.ਐਮ. ਦੇ 44 ਸਾਲ political bureau member ਅਤੇ 1992 ਤੋਂ 2005 ਤੱਕ ਜਨਰਲ ਸਕੱਤਰ ਰਹੇ। ਦੇਸ਼ ਦੇ ਚਾਰ ਪ੍ਰਧਾਨ ਮੰਤਰੀ ਸ੍ਰੀ ਵੀ.ਪੀ. ਸਿੰਘ, ਸ੍ਰੀ ਦੇਵਗੌੜਾ ਜੀ, ਸ੍ਰੀ ਆਈ.ਕੇ.ਗੁਜਰਾਲ ਅਤੇ ਸਰਦਾਰ ਮਨਮੋਹਨ ਸਿੰਘ ਜੀ ਨੂੰ ਪ੍ਰਧਾਨ ਮੰਤਰੀ ਬਣਾਉਣ ਵਿੱਚ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਸੀ।

ਮਾਣਯੋਗ ਸਤਿਕਾਰਯੋਗ ਮਹਾਨ ਸ਼ਖ਼ਸ਼ੀਅਤ ਗਿਆਨੀ ਜ਼ੈਲ ਸਿੰਘ ਜੀ, ਜਿਨ੍ਹਾਂ ਦਾ ਜਨਮ 5 ਮਈ, 1916 ਨੂੰ ਪਿੰਡ ਸੰਧਵਾਂ, ਜ਼ਿਲ੍ਹਾ ਫਰੀਦਕੋਟ ਵਿਖੇ ਹੋਇਆ। ਉਨ੍ਹਾਂ ਨੇ ਅਜ਼ਾਦੀ ਤੋਂ ਪਹਿਲਾਂ ਫਰੀਦਕੋਟ ਰਿਆਸਤ ਦੀਆਂ ਵਧੀਕੀਆਂ ਤੇ ਰਜਵਾੜਾਸ਼ਾਹੀ ਦੇ ਖਿਲਾਫ ਬਹੁਤ ਵੱਡਾ ਅੰਦੋਲਨ ਪਰਜਾ ਮੰਡਲ ਲਹਿਰ /ਸੰਗਠਨ ਰਾਹੀਂ ਖੜ੍ਹਾ ਕੀਤਾ। ਉਨ੍ਹਾਂ ਨੂੰ ਲੰਬਾ ਸਮਾਂ ਜ਼ੇਲ੍ਹਾਂ ਵਿੱਚ ਰਹਿਣਾ ਪਿਆ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਉਹ ਪੈਪਸੂ ਦੇ ਰੈਵੇਨਿਊ ਐਗਰੀਕਲਚਰ ਮਨਿਸਟਰ ਬਣੇ। ਉਹ ਬਹੁਤ ਚੰਗੇ ਰਿਫਾਰਮ ਲੈ ਕੇ ਆਏ। ਉਹ ਸਾਲ 1956 ਤੋਂ ਬਾਅਦ ਤੱਕ ਰਾਜ ਸਭਾ ਦੇ ਮੈਂਬਰ ਰਹੇ। ਸਾਲ 1972 ਤੋਂ 1977 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। ਸਾਲ 1980 ਤੋਂ 1982 ਦੇ ਭਾਰਤ ਦੇ ਗ੍ਰਹਿ ਮੰਤਰੀ ਰਹੇ ਔਰ 1982 ਤੋਂ 1987 ਤੱਕ ਦੇਸ਼ ਦੀ ਸਭ ਤੋਂ ਵੱਡੀ ਉੱਚ ਪਦਵੀ ਪਹਿਲੇ ਸਿੱਖ ਰਾਸ਼ਟਰਪਤੀ ਰਹੇ।

ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਇਹ ਬੇਨਤੀ ਕਰਨਾ ਚਾਹਾਂਗਾ ਕਿ ਇਹ ਉਹ ਮਹਾਨ ਸ਼ਖ਼ਸ਼ੀਅਤਾਂ ਹਨ, ਜਿਨ੍ਹਾਂ ਨੇ ਸਾਡੇ ਪੰਜਾਬ ਦਾ ਨਾਮ ਦੇਸ਼ ਔਰ ਵਿਸ਼ਵ ਵਿੱਚ ਰੌਸ਼ਨ ਕੀਤਾ। ਸਾਨੂੰ ਇਨ੍ਹਾਂ ਦੀਆਂ ਯਾਦਗਾਰਾਂ

ਬਣਾਉਣੀਆਂ ਚਾਹੀਦੀਆਂ ਹਨ ਅਤੇ ਪੰਜਾਬ ਵਿਚੋਂ ਜਿਹੜੀ ਸਾਡੀ ਵਿਧਾਨ ਸਭਾ ਹੈ, ਉਸ ਵਲੋਂ ਸਰਬ-ਸੰਮਤੀ ਨਾਲ ਮਤਾ ਪਾ ਕੇ ਇਨ੍ਹਾਂ ਨੂੰ ਭਾਰਤ ਰਤਨ ਅਵਾਰਡ ਦੇਣ ਦੀ ਸਿਫਾਰਸ਼ ਕਰਨੀ ਚਾਹੀਦੀ ਹੈ, ਬੇਨਤੀ ਕਰਨੀ ਚਾਹੀਦੀ ਹੈ। ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹਤ ਧੰਨਵਾਦ।

**ਸਰਦਾਰ ਬਲਕਾਰ ਸਿੰਘ ਸਿੱਧੂ (ਰਾਮਪੁਰਾ ਫੂਲ):** ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਮੇਰੇ ਹਲਕੇ ਦੇ ਪਿੰਡ ਭਾਈ ਰੂਪਾ ਵਿੱਚ ਪੁਰਾਣਾ ਹਸਪਤਾਲ ਹੈ, ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਹੁਣ ਉਥੇ ਬਹੁਤ ਸੋਹਣਾ ਮੁਹੱਲਾ ਕਲੀਨਿਕ ਬਣਿਆ ਹੈ ਪਰ ਉਥੇ ਸਫੈਦੇ ਵਗੈਰਾ ਦੇ ਬਹੁਤ ਹੀ ਸੁੱਕੇ ਹੋਏ ਦਰਖੱਤ ਹਨ। ਇਨ੍ਹਾਂ ਬਾਰੇ ਕਾਫ਼ੀ ਵਾਰੀ ਜੰਗਲਾਤ ਮਹਿਕਮੇ ਨੂੰ ਅਤੇ ਹੈਲਥ ਡਿਪਾਰਟਮੈਂਟ ਨੂੰ ਬੇਨਤੀ ਕੀਤੀ ਹੈ ਪਰ ਦੋਵੇਂ ਵਿਭਾਗ ਇੱਕ ਦੂਜੇ ਤੇ ਦੋਸ਼ ਮੜ੍ਹ ਦਿੰਦੇ ਹਨ ਤੇ ਕਹਿੰਦੇ ਹਨ ਕਿ ਅੱਜ ਦਰਖੱਤ ਵੱਢ ਦੇਵਾਂਗੇ, ਕੱਲ੍ਹ ਵੱਢ ਦੇਵਾਂਗੇ। ਇਸ ਦੇ ਕਾਰਨ ਘਰਾਂ ਦਾ ਨੁਕਸਾਨ ਵੀ ਹੋਇਆ ਹੈ।

ਸਪੀਕਰ ਸਾਹਿਬ, ਮੈਂ ਇੱਕ ਹੋਰ ਬੇਨਤੀ ਵੀ ਕਰਦਾ ਹਾਂ ਜੀ। ਮੇਰੇ ਹਲਕੇ ਵਿੱਚ ਟਾਰਨੈਡੋ ਆ ਗਿਆ ਸੀ, ਜਿਸ ਨਾਲ ਇੱਕ ਸ਼ੈਲਰ ਬਿਲਕੁਲ ਹੀ 100% ਉੱਡ ਗਿਆ। ਵਰਕਸ਼ਾਪਾਂ ਅਤੇ ਕੋਠਾ ਗੁਰੂ ਦੇ 30-35 ਘਰ ਜਿਨ੍ਹਾਂ ਦੀਆਂ ਛੱਤਾਂ ਵੀ ਉੱਡ ਗਈਆਂ ਸੀ। ਸਪੀਕਰ ਸਾਹਿਬ, ਪਲੀਜ਼ ਮੈਂ ਤੁਹਾਡੇ ਮਾਧਿਅਮ ਰਾਹੀਂ ਬੇਨਤੀ ਕਰਦਾ ਹਾਂ ਕਿ ਇਸ ਮਾਮਲੇ ਵੱਲ ਧਿਆਨ ਦਿੱਤਾ ਜਾਵੇ। ਮੇਰੀ ਬੇਨਤੀ ਹੈ ਕਿ ਬਾਈਪਾਸ ਉਤੇ ਵੀ ਦਰੱਖਤ ਸੁੱਕੇ ਪਏ ਹਨ, ਜਿਸ ਕਾਰਨ ਨੁਕਸਾਨ ਹੋ ਸਕਦਾ ਹੈ। ਇੱਕ ਦੋ ਵਾਰੀ ਘਰਾਂ ਦਾ ਨੁਕਸਾਨ ਹੋਇਆ ਵੀ ਹੈ, ਘਰ ਡਿੱਗ ਗਏ ਸੀ। ਮੇਰੀ ਬੇਨਤੀ ਤੇ ਜ਼ਰੂਰ ਗੌਰ ਕੀਤਾ ਜਾਵੇ। ਧੰਨਵਾਦ ਜੀ।

**ਸ਼੍ਰੀ ਨਰੇਸ਼ ਕਟਾਰੀਆ (ਜ਼ੀਰਾ):** ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਆਪ ਜੀ ਦੇ ਮਾਧਿਅਮ ਰਾਹੀਂ ਸਰਦਾਰ ਪ੍ਰਗਟ ਸਿੰਘ ਜੀ ਨੇ ਜਿਹੜੀ ਕਮੇਟੀ ਬਾਰੇ ਕਿਹਾ ਹੈ ਕਿ ਰੇਤਾ ਦੀਆਂ ਖੱਡਾਂ ਬਾਰੇ ਇੱਕ ਕਮੇਟੀ ਬਣਾਈ ਜਾਵੇ। ਸਾਡੀ ਵੀ ਇਹ ਰਾਇ ਹੈ ਜੀ, ਰਿਕੁਐਸਟ ਹੈ ਜੀ ਕਿ ਇੱਕ ਕਮੇਟੀ ਜ਼ਰੂਰ ਬਣਾਈ ਜਾਵੇ। ਕਿਉਂਕਿ ਬਹੁਤ ਸਾਰੀਆਂ ਖੱਡਾਂ, 50-50 ਫੁੱਟ ਡੂੰਘੀਆਂ ਖੱਡਾਂ ਪਾ ਦਿੱਤੀਆਂ ਗਈਆਂ ਹਨ। ਇਨ੍ਹਾਂ ਖੱਡਾਂ ਦੀ ਚੈਕਿੰਗ ਵੀ ਕਰਵਾਈ ਜਾਵੇ।

ਦੂਸਰੀ ਗੱਲ, ਸਾਡੇ ਮੈਂਬਰ ਸਰਦਾਰ ਦਲਬੀਰ ਸਿੰਘ ਟੌਂਗ ਸਾਹਿਬ ਜੀ ਨੇ ਤੁਹਾਨੂੰ ਇੱਕ ਸੜਕ ਬਾਰੇ ਬੇਨਤੀ ਕੀਤੀ ਹੈ, ਸਾਲ ਦੇ 20 ਭੰਡਾਰੇ ਡੇਰਾ ਬਿਆਸ ਵਿਖੇ ਲਗਦੇ ਹਨ, ਉਹ ਸੜਕ ਜਿਹੜੀ ਹੈ, ਉਸ ਸੜਕ ਦੇ ਉਤੋਂ ਲੱਖਾਂ ਦੁਨੀਆਂ ਲੰਘਦੀ ਹੈ ਜੀ। ਉਥੇ ਬਹੁਤ ਜ਼ਿਆਦਾ ਰਸ਼ ਹੁੰਦਾ ਹੈ। ਉਹ ਸੜਕ ਬਹੁਤ ਛੋਟੀ ਹੈ ਅਤੇ ਟੁੱਟੀ ਪਈ ਹੈ। ਉਸ ਸੜਕ ਨੂੰ ਵੀ ਬਣਾਉਣ ਦੀ ਖੇਚਲ ਕੀਤੀ ਜਾਵੇ, ਮੰਤਰੀ ਸਾਹਿਬ ਨੂੰ ਕਿਹਾ ਜਾਵੇ ਕਿ ਇਸ ਨੂੰ ਜ਼ਰੂਰ ਬਣਾਇਆ ਜਾਵੇ।

ਤੀਸਰੀ ਮੇਰੀ ਬੇਨਤੀ ਜ਼ੀਰਾ ਖੰਡ ਮਿੱਲ ਵਾਸਤੇ ਹੈ। ਇਸ ਦਾ ਵੀ ਜ਼ਰੂਰ ਕੁਝ ਨਾ ਕੁਝ ਹੱਲ ਸੋਚਿਆ ਜਾਵੇ। ਸਰ, ਨਮਸਕਾਰ ਜੀ।

**1605/Karamjit kaur/Shubham jain**
**1610/harpreet singh**

**ਸਰਦਾਰ ਰੁਪਿੰਦਰ ਸਿੰਘ (ਬੱਸੀ ਪਠਾਣਾ, ਐਸ.ਸੀ.):** ਧੰਨਵਾਦ ਸਪੀਕਰ ਸਾਹਿਬ, ਮੈਂ ਹਾਊਸ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਦਾ ਸਹਿਕਾਰਤਾ ਵਿਭਾਗ ਬਹੁਤ ਤਰੱਕੀ ਤੇ ਜਾਣਾ ਚਾਹੀਦਾ ਸੀ ਪਰ ਹੌਲੀ ਹੌਲੀ ਉਹ ਪਿੱਛੇ ਨੂੰ ਚਲਿਆ ਗਿਆ ਹੈ ਕਿਉਂਕਿ ਪਿਛਲੇ ਸਮਿਆਂ ਦੌਰਾਨ ਇਸ ਵਿਭਾਗ ਵਿਚ ਬਹੁਤ ਘਪਲੇ ਹੋਏ ਹਨ। ਜਿਵੇਂ ਹੋਰ ਵੀ ਕਈ ਮਾਣਯੋਗ ਮੈਂਬਰ ਸਾਹਿਬਾਨਾਂ ਨੇ ਦੱਸਿਆ ਹੈ ਕਿ ਜਦੋਂ ਸਹਿਕਾਰਤਾ ਵਿਭਾਗ ਦੇ ਅਫ਼ਸਰਾਂ ਵੱਲੋਂ ਦੋਸ਼ੀਆਂ ਵਿਰੁੱਧ ਕਾਰਵਾਈ ਬਾਰੇ ਲਿਖਿਆ ਜਾਂਦਾ ਹੈ ਤਾਂ ਐਫ.ਆਈ.ਆਰ. ਦਰਜ ਹੋਣ ਵਿਚ ਵੀ ਸਾਲ-ਸਾਲ ਦਾ ਸਮਾਂ ਲਗ ਜਾਂਦਾ ਹੈ ਅਤੇ ਉਸ ਸਮੇਂ ਤੱਕ ਮੁਲਾਜ਼ਮ ਆਪਣੀ ਪ੍ਰੀਮੈਚਿਓਰ ਰਿਟਾਇਰਮੈਂਟ ਲੈ ਕੇ ਦੇਸ਼ ਛੱਡ ਜਾਂਦਾ ਹੈ। ਇਸ ਤਰ੍ਹਾਂ ਦੇ ਬਹੁਤ ਸਾਰੇ ਕੇਸ ਸਾਹਮਣੇ ਆਏ ਹਨ। ਸੋ, ਮੇਰੀ ਬੇਨਤੀ ਹੈ ਕਿ ਇਸ ਤੇ ਜ਼ਰੂਰ ਧਿਆਨ ਦਿੱਤਾ ਜਾਵੇ ਕਿਉਂਕਿ ਸਹਿਕਾਰਤਾ ਆਮ ਲੋਕਾਂ ਦੇ ਪੈਸੇ ਨਾਲ ਚੱਲਦੀ ਹੈ।

ਇਸ ਤੋਂ ਇਲਾਵਾ ਮੇਰੀ ਇਕ ਹੋਰ ਬੇਨਤੀ ਹੈ ਕਿ ਜਦੋਂ ਆਪਾਂ ਚੰਡੀਗੜ੍ਹ ਤੋਂ ਲੁਧਿਆਣੇ ਨੂੰ ਜਾਂਦੇ ਹਾਂ ਤਾਂ ਰਸਤੇ ਵਿਚ ਮੇਰੇ ਹਲਕੇ ਬੱਸੀ ਪਠਾਣਾ ਦਾ ਇਕ ਪਿੰਡ ਸੰਘੋਲ ਆਉਂਦਾ ਹੈ, ਜਿਸ ਨੂੰ ਉੱਚਾ ਪਿੰਡ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਉੱਥੇ ਸਿੰਧੂ ਘਾਟੀ ਦੀ ਸੱਭਿਅਤਾ ਦੇ ਅਵਸ਼ੇਸ਼ ਮਿਲੇ ਹਨ। 60ਵਿਆਂ ਅਤੇ 70ਵਿਆਂ ਦੇ ਦਹਾਕੇ ਵਿਚ ਉਥੇ ਖੁਦਾਈ ਹੋਣੀ ਸ਼ੁਰੂ ਹੋਈ ਸੀ, ਜੋ ਬਾਅਦ ਵਿਚ ਬੰਦ ਹੋ ਗਈ ਪਰ ਅੱਜ ਵੀ ਜੇਕਰ ਕਿਸੇ ਨੇ ਉੱਥੇ ਰਜਿਸਟਰੀ ਕਰਵਾਉਣੀ ਹੈ ਤਾਂ ਐਨ.ਓ.ਸੀ. ਲੈਣੀ ਪੈਂਦੀ ਹੈ। ਸੋ, ਮੇਰੀ ਬੇਨਤੀ ਹੈ ਕਿ ਸੰਘੋਲ ਨੂੰ ਟੂਰਿਜ਼ਮ ਹੱਬ ਦੇ ਤੌਰ ਤੇ ਡਿਵੈਲਪ ਕੀਤਾ ਜਾਵੇ ਜੀ। ਬਹੁਤ ਧੰਨਵਾਦ।

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ (ਧਰਮਕੋਟ):**ਧੰਨਵਾਦ ਸਪੀਕਰ ਸਾਹਿਬ,ਅੱਜ ਇੱਥੇ ਕਿਸਾਨੀ ਮੁੱਦਿਆਂ ਦੀ ਗੱਲ ਚੱਲੀ ਹੈ। ਜਿੱਥੇ ਕਿਸਾਨ ਕੇਂਦਰ ਸਰਕਾਰ ਨਾਲ ਐਮ.ਐਸ.ਪੀ. ਲਈ ਲੜ ਰਿਹਾ ਹੈ, ਉੱਥੇ ਕਿਸਾਨਾਂ ਦੀ ਚੋਰੀ ਵੀ ਬਹੁਤ ਵੱਡੀ ਤਾਦਾਤ ਵਿਚ ਹੋ ਰਹੀ ਹੈ। ਚਾਹੇ ਉਹ ਬਿਜਲੀ ਦੀਆਂ ਤਾਰਾਂ ਹੋਣ ਜਾਂ ਟਰਾਂਸਫਾਰਮਰ ਹੋਣ। ਮੈਂ ਤੁਹਾਡੇ ਮਾਧਿਅਮ ਰਾਹੀਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਕ ਅਜਿਹਾ ਸਖਤ ਕਾਨੂੰਨ ਬਣਾਇਆ ਜਾਵੇ ਜਿਸ ਨਾਲ ਇਹ ਚੋਰੀ ਰੁਕ ਸਕੇ। ਇਹ ਚੋਰੀ ਦਾ ਸਮਾਨ ਕੌਡੀਆਂ ਦੇ ਭਾਅ ਵਿਕਦਾ ਹੈ। ਉਦਾਹਰਣ ਦੇ ਤੌਰ ਤੇ ਜਿਵੇਂ ਰੇਲਵੇ ਦਾ ਸਮਾਨ ਕੋਈ ਵੀ ਕਬਾੜੀਆ ਖਰੀਦ ਨਹੀਂ ਸਕਦਾ। ਜੇਕਰ ਇਸੇ ਤਰ੍ਹਾਂ ਦਾ ਕਾਨੂੰਨ ਕਿਸਾਨੀ ਵਾਸਤੇ ਵੀ ਬਣ ਜਾਵੇ ਤਾਂ ਬਿਹਤਰ ਹੋਵੇਗਾ। ਧੰਨਵਾਦ ਜੀ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ (ਫਿਲੌਰ, ਐਸ.ਸੀ.):** ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਅੱਜ ਵਿਰੋਧੀ ਧਿਰ ਦੇ ਨੇਤਾ ਬਾਜਵਾ ਜੀ ਨੇ, ਸਾਡੇ ਪ੍ਰਧਾਨ ਰਾਜਾ ਜੀ ਨੇ ਅਤੇ ਟਰੈਜ਼ਰੀ ਬੈਂਚਿਜ਼ ਤੋਂ ਵੀ ਕਈ ਸਾਥੀਆਂ ਨੇ ਕਿਸਾਨਾਂ ਦੇ ਮੁੱਦਿਆਂ ਬਾਰੇ ਬਹਿਸ ਕੀਤੀ। ਖਜ਼ਾਨਾ ਮੰਤਰੀ ਜੀ ਇੱਥੇ ਬੈਠੇ ਹਨ, ਇਨ੍ਹਾਂ ਦੇ ਉਪਰਾਲਿਆਂ ਸਦਕਾ ਪੰਜਾਬ ਦੇ ਖਜ਼ਾਨੇ

ਵਿਚੋਂ ਪੈਸੇ ਰਿਲੀਜ਼ ਕਰਕੇ ਸਾਨੂੰ ਮੈਂਬਰਾਂ ਨੂੰ ਇਹ ਗੈਜ਼ਟਸ ਦਿੱਤੇ ਗਏ ਹਨ। (ਹੱਥ ਵਿਚ ਟੈਬ ਫੜ੍ਹ ਕੇ ਦਿਖਾਉਂਦੇ ਹੋਏ) ਮੇਰੇ ਇਲਾਕੇ ਦੇ ਕੁੱਝ ਕਿਸਾਨਾਂ ਨੇ ਮੈਨੂੰ ਇਕ ਵੀਡੀਓ ਭੇਜਿਆ ਹੈ, ਜੇਕਰ ਤੁਹਾਡੀ ਇਜਾਜ਼ਤ ਹੋਵੇ ਤਾਂ ਮੈਂ ਇਕ ਮਿੰਟ ਲਈ ਦਿਖਾਉਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ**: ਇਸ ਤਰ੍ਹਾਂ ਦੀ ਕੋਈ ਪ੍ਰੋਵੀਜ਼ਨ ਨਹੀਂ ਹੈ ਜੀ, ਤੁਸੀਂ ਆਪਣੀ ਗੱਲ ਰੱਖੋ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ** : ਸਪੀਕਰ ਸਾਹਿਬ, ਗੱਲ ਇਹ ਹੈ ਕਿ ਮੈਂ ਤੁਹਾਡੇ ਮਾਧਿਅਮ ਰਾਹੀਂ ਮੁੱਖ ਮੰਤਰੀ ਪੰਜਾਬ ਜੀ ਨੂੰ ਬੇਨਤੀ ਕਰਨੀ ਚਾਹਾਂਗਾ। ਇੱਥੇ ਸਾਡੇ ਮੰਤਰੀ ਮੀਤ ਹੇਅਰ ਜੀ ਵੀ ਬੈਠੇ ਹਨ, ਉਹ ਵੀ ਇਸ ਵੀਡੀਓ ਵਿਚ ਦਿਖ ਰਹੇ ਹਨ। ਇਕ ਮਿੰਟ ਦਾ ਵੀਡੀਓ ਤੁਸੀਂ ਦੇਖ ਲਓ ਜੀ। (ਇਸ ਸਮੇਂ ਉਨ੍ਹਾਂ ਨੇ ਆਪਣੇ ਟੈਬ ਵਿਚ ਇਕ ਵੀਡੀਓ ਪਲੇਅ ਕੀਤੀ)

**ਮਾਣਯੋਗ ਸਪੀਕਰ**: ਤੁਸੀਂ ਆਪਣੀ ਗੱਲ ਰੱਖੋ ਜੀ, ਇਸ ਤਰ੍ਹਾਂ ਦੀ ਕੋਈ ਪ੍ਰੋਵੀਜ਼ਨ ਨਹੀਂ ਹੈ ਜੀ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ** : ਸਪੀਕਰ ਸਾਹਿਬ, ਮੈਂ ਆਪਣੀ ਗੱਲ ਨਹੀਂ ਕਰ ਰਿਹਾ, ਮੈਂ ਪੰਜਾਬ ਦੇ ਕਿਸਾਨਾਂ ਦੀ ਗੱਲ ਕਰ ਰਿਹਾ ਹਾਂ ਜੀ। ਪੰਜਾਬ ਦੇ ਕਿਸਾਨ ਕਹਿ ਰਹੇ ਹਨ ਕਿ ਸਰਕਾਰ ਬਣਾਉਣ ਤੋਂ ਪਹਿਲਾਂ ਸਰਦਾਰ ਭਗਵੰਤ ਮਾਨ ਜੀ ਜਿਹੜੇ ਵੱਡੇ ਵੱਡੇ ਵਾਅਦੇ, ਐਲਾਨ ਕਰਦੇ ਸੀ, ਹੁਣ ਸਰਕਾਰ ਬਣੀ ਨੂੰ ਦੋ ਸਾਲ ਹੋ ਗਏ ਹਨ। ਮੈਂ ਮੀਤ ਹੇਅਰ ਜੀ ਨੂੰ ਵੀ ਬੇਨਤੀ ਕਰਾਂਗਾ ਕਿਉਂਕਿ ਇਸ ਵੀਡਿਓ ਵਿਚ ਉਹ ਵੀ ਉਨ੍ਹਾਂ ਦੇ ਨਾਲ ਖੜ੍ਹੇ ਹਨ। ਤੁਸੀਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰੋ ਕਿ ਪੰਜਾਬ ਦੇ ਕਿਸਾਨ ਚਾਹੁੰਦੇ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਇਹ ਬਿਲ ਲਿਆਵੇ। ਜੇਕਰ ਕੇਂਦਰ ਸਰਕਾਰ ਐਮ.ਐਸ.ਪੀ. ਦੇਣ ਵਿਚ ਸਮਾਂ ਲਗਾ ਰਹੀ ਹੈ ਤਾਂ ਪੰਜਾਬ ਸਰਕਾਰ ਇਹ ਬਿਲ ਲਿਆਵੇ, ਜੋ ਮੁੱਖ ਮੰਤਰੀ ਸਾਹਿਬ ਖੁਦ ਪਹਿਲਾਂ ਬੋਲਦੇ ਹੁੰਦੇ ਸੀ।

**1610/harpreet singh/Abhishek gautam**
**1615/amandeep kaur**

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)**: ਬਹੁਤ ਹੀ ਸਤਿਕਾਰਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਪੰਜਾਬ ਦੇ ਵਿੱਚ ਜੇਕਰ ਲੋਕ ਸਭ ਤੋਂ ਵੱਧ ਡਰਦੇ ਹਨ ਤਾਂ ਉਹ ਗੈਂਗਸਟਰਾਂ ਤੋਂ ਡਰਦੇ ਹਨ ਕਿ ਕਿਸੇ ਨੂੰ ਗੈਂਗਸਟਰ ਦੀ ਕੋਈ ਕਾਲ ਨਾ ਆ ਜਾਏ, ਕੋਈ ਫਿਰੌਤੀ ਨਾ ਮੰਗ ਲਏ । ਅੱਜ ਪੰਜਾਬ ਦੇ ਵਿੱਚ ਇੱਕ ਬਹੁਤ ਵੱਡਾ ਮਸਲਾ ਹੈ, ਜਿੱਥੇ ਕੁੱਤਿਆਂ ਦੀਆ ਗੈਂਗਾਂ ਚੱਲਦੀਆਂ ਹਨ। ਮੇਰੇ ਇਲਾਕੇ ਵਿੱਚ 40 ਕੁੱਤਿਆਂ ਦੀਆਂ 5 ਗੈਂਗਜ਼ ਹਨ। ਪਿਛਲਿਆਂ ਦੋਹਾਂ ਮਹੀਨਿਆਂ ਵਿੱਚ ਇਹ ਕੁੱਤਿਆਂ ਦੀਆਂ ਗੈਂਗਾਂ ਛੇ ਜੀਆਂ ਨੂੰ ਅਟੈਕ ਕਰ ਚੁੱਕੇ ਹਨ। ਦੋ ਬੱਚੇ ਅਤੇ ਇੱਕ ਲੇਡੀ ਦੀ ਮੌਤ ਚੁੱਕੀ ਹੈ। ਕੱਲ੍ਹ ਹੀ ਕਿਸੇ ਹੋਰ ਲੇਡੀ ਤੇ ਅਟੈਕ ਹੋਇਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਇੱਕ ਵੀ ਡਾੱਗ ਕੈਨਲ ਨਹੀਂ ਹੈ। ਜਿਹੜੇ ਕੁੱਤੇ ਜੀਆਂ ਨੂੰ ਅਟੈਕ ਕਰਦੇ ਹਨ ਅਤੇ ਮਾਰਦੇ ਹਨ, ਉਨ੍ਹਾਂ ਦਾ ਸਾਲਿਊਸ਼ਨ ਚਾਹੀਦਾ

ਹੈ। ਪੰਜਾਬ ਵਿੱਚ ਇਹੋ ਜਿਹੀ ਫੈਸਿਲਟੀ ਚਾਹੀਦੀ ਹੈ, ਜਿੱਥੇ ਕੁੱਤਿਆਂ ਨੂੰ ਚੁੱਕ ਕੇ ਲਿਜਾਇਆ ਜਾ ਸਕੇ। ਅਸੀਂ ਅਫੋਰਡ ਨਹੀਂ ਕਰ ਸਕਦੇ ਕਿ ਪੰਜਾਬ ਵਿੱਚ ਕਿਸੇ ਦੀ ਵੀ ਮੌਤ ਕੁੱਤਿਆਂ ਦੇ ਵੱਡਣ ਕਾਰਣ ਹੋਵੇ। ਇਹ ਕੁੱਤੇ ਜ਼ਿੰਮੀਂਦਾਰਾਂ ਨੂੰ ਖਾ ਜਾਂਦੇ ਹਨ। ਅੱਜ ਹਾਲ ਇਹ ਹੋਇਆ ਹੈ ਕਿ ਕੋਈ ਜ਼ਿੰਮੀਦਾਰ ਆਪਣੇ ਖੇਤ ਵੱਲ ਨੂੰ ਇੱਕਲਾ ਨਹੀਂ ਜਾ ਸਕਦਾ। ਪੰਜ ਪੰਜ ਕੁੱਤੇ ਇੱਕ ਬੰਦੇ ਨੂੰ ਪੈ ਜਾਂਦੇ ਹਨ। ਇਹ ਰਿਆਲਿਟੀ ਹੈ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਦਾ ਕੋਈ ਸਾਲਿਊਸ਼ਨ ਕੱਢਿਆ ਜਾਵੇ। ਜਿੰਨੇ ਵੀ ਅਫੈਕਟਿਡ ਕੁੱਤੇ ਹਨ, ਇਹ ਹੱਡਾ ਰੋੜੀ ਤੋਂ ਖਾਂਦੇ ਹਨ ਅਤੇ ਫਿਰ ਇਨਫੈਕਸ਼ਨ ਫੈਲਦਾ ਹੈ। ਇਨ੍ਹਾਂ 40-50 ਕੁੱਤਿਆਂ ਨੂੰ ਚੁੱਕ ਕੇ ਲਿਜਾਇਆ ਜਾਵੇ ਅਤੇ ਕੈਨਲ ਬਣਾਇਆ ਜਾਵੇ ਅਤੇ ਉਥੇ ਟਰਾਂਸਫਰ ਕੀਤਾ ਜਾਵੇ ਤਾਂ ਕਿ ਪੰਜਾਬ ਦੇ ਕਿਸੇ ਵੀ ਜੀਅ ਦੀ ਮੌਤ ਇਸ ਵਜ੍ਹਾ ਕਰਕੇ ਨਾ ਹੋਵੇ। ਧੰਨਵਾਦ, ਸਪੀਕਰ ਸਾਹਿਬ।

**ਸ੍ਰੀ ਅਸ਼ੋਕ ਪਰਾਸ਼ਰ (ਪੱਪੀ) (ਲੁਧਿਆਣਾ ਕੇਂਦਰੀ)**: ਧੰਨਵਾਦ, ਸਪੀਕਰ ਸਾਹਿਬ। ਮੰਤਰੀ ਸਾਹਿਬ, ਮੀਤ ਹੇਅਰ ਜੀ ਬੈਠੇ ਹਨ। ਮੇਰੇ ਹਲਕੇ ਵਿੱਚ ਸਪੋਟਸ ਲਈ ਬੱਚਿਆਂ ਨੂੰ ਬਹੁਤ ਪ੍ਰਾਬਲਮ ਹੈ। ਪੁਰਾਣਾ ਸ਼ਹਿਰ ਹੋਣ ਦੇ ਕਾਰਨ ਉਥੇ ਕੋਈ ਵੀ ਗਰਾਉਂਡ ਨਹੀਂ ਹੈ। ਬੱਚੇ ਸੜਕਾਂ ਤੇ ਖੇਲਦੇ ਹਨ। ਉਥੇ ਜਗ੍ਹਾ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹੈ ਕਿ ਉਥੇ ਜਲਦੀ ਗਰਾਉਂਡ ਬਣਾ ਕੇ ਦਿੱਤਾ ਜਾਵੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ੍ਰੀ ਸੁਖਵਿੰਦਰ ਸਿੰਘ ਕੋਟਲੀ, ਆਪਣੀ ਸੀਟ ਤੇ ਖੜੇ ਹੋ ਕੇ ਬਿਨਾ ਇਜਾਜ਼ਤ ਉੱਚੀ ਉੱਚੀ ਬੋਲ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

-------

## CALLING ATTENTION NOTICES UNDER RULE 66

***(Sr. No. 30 )***

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ**: ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਪੰਜਾਬ ਵਿੱਚ ਪਿਛਲੇ ਕਾਫੀ ਸਮੇਂ ਤੋਂ ਖੁਰਾਕੀ ਵਸਤਾਂ ਵਿੱਚ ਮਿਲਾਵਟਖੋਰੀ ਦਾ ਜ਼ੋਰ ਬਹੁਤ ਜ਼ਿਆਦਾ ਚਲ ਰਿਹਾ ਹੈ। ਇਸ ਮਿਲਾਵਟਖੋਰੀ ਕਾਰਨ ਲੋਕਾਂ ਦੀ ਸਿਹਤ ਨਾਲ ਸਿੱਧਾ ਖਿਲਵਾੜ ਕੀਤਾ ਜਾ ਰਿਹਾ ਹੈ। ਮਿਲਾਵਟਖੋਰੀ ਲਗਭਗ ਖਾਣ ਵਾਲੀ ਹਰ ਵਸਤੂ ਵਿੱਚ ਪਾਈ ਜਾ ਰਹੀ ਹੈ। ਜਿਵੇਂ ਦਾਲਾਂ (ਪਾਲਿਸ਼ਡ) ਫਲ/ਸਬਜ਼ੀਆਂ ਟੀ.ਕੇ ਲਗਾ ਕੇ ਇੱਕ ਦੋ ਦਿਨਾਂ ਵਿੱਚ ਤਿਆਰ ਕੀਤੇ ਜਾਂਦੇ ਹਨ, ਇਸੇ ਤਰ੍ਹਾਂ ਦੁੱਧ ਨਾਲ ਬਣੀਆਂ ਸਾਰੀਆਂ ਵਸਤੂਆਂ ਭਾਵ ਪਨੀਰ, ਘਿਓ ਅਤੇ ਤਿਉਹਾਰਾਂ ਦੇ ਖਾਣ ਵਾਲੀਆਂ ਮਿਠਈਆਂ, ਇੱਥੋਂ ਤੱਕ ਕਿ ਨਾਨਵੈਜ ਖਾਣ ਵਾਲੇ ਵੀ ਟੀ.ਕੇ ਨਾਲ ਬਣੇ ਨਾਨਵੈੱਜ ਦਾ ਸੇਵਨ ਕਰ ਰਹੇ ਹਨ। ਹਰ ਇੱਕ ਬੰਦਾ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਢਿੱਠ ਭਰਨ ਲਈ ਮਿਹਨਤ ਕਰਦਾ ਹੈ ਅਤੇ ਬਦਲੇ ਵਿੱਚ ਉਹ ਆਪਣੇ ਪਰਿਵਾਰ ਨੂੰ ਆਪਣੀ ਹੱਥੀਂ ਜ਼ਹਿਰ ਦੇਣ ਲਈ ਮਜਬੂਰ ਹੈ। ਇਨ੍ਹਾਂ ਮਿਲਾਵਟਾਂ ਸਦਕਾ ਕੈਂਸਰ, ਹਾਰਟ ਅਟੈਕ ਅਤੇ ਕਈ ਹੋਰ ਤਰ੍ਹਾਂ ਦੀਆ ਬਿਮਾਰੀਆਂ ਵੱਧ ਰਹੀਆਂ ਹਨ। ਪੰਜਾਬ ਦਿਨ-ਬ-ਦਿਨ ਗ੍ਰਸਤ ਹੋ ਰਿਹਾ ਹੈ ਅਤੇ ਇਸ ਸਬੰਧੀ ਕੋਈ ਸਖਤ ਕਾਨੂੰਨ ਹੋਣ ਕਾਰਨ ਪੈਸੇ ਦੇ

ਲਾਲਚੀ ਲੋਕ ਸਮਾਜ ਵਿੱਚ ਜ਼ਹਿਰ ਫੈਲਾ ਰਹੇ ਹਨ। ਮੈਂ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਇਸ ਮਿਲਾਵਟ ਤੇ ਸਖਤ ਕਾਨੂੰਨ ਬਣਾਏ ਜਾਣ ਤਾਂ ਜੋ ਸਾਰਾ ਪੰਜਾਬ ਅਤੇ ਪੰਜਾਬੀ ਮੁੜ ਸਿਹਤਮੰਦ ਜੀਵਨ ਜੀ ਸਕਣ।

ਮਾਮਲੇ ਦੀ ਪ੍ਰਤੱਖ ਮਹੱਤਤਾ ਦੇ ਮੱਦੇ ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**1615/Abhishek gautam/amandeep kaur**
**1620/Tarlochan Singh**

(ਇਸ ਸਮੇਂ ਸ੍ਰੀ ਸੁਖਵਿੰਦਰ ਸਿੰਘ ਕੋਟਲੀ, ਮੈਂਬਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਆਪਣੀ ਸੀਟ ਤੇ ਖੜ੍ਹੇ ਬਿਨਾਂ ਆਗਿਆ ਉਚੀ ਉਚੀ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ।)

ਅੱਜ ਫਲ ਅਤੇ ਸਬਜ਼ੀਆਂ ਕੈਮੀਕਲ ਲਗਾ ਕੇ ਤਿਆਰ ਕੀਤੇ ਜਾਂਦੇ ਹਨ। ਅੱਜ ਚਾਹੇ ਪਨੀਰ ਹੋਵੇ, ਫਲ ਜਾਂ ਸਬਜ਼ੀਆਂ ਹੋਣ, ਸਾਰਿਆਂ ਵਿੱਚ ਮਿਲਾਵਟ ਕੀਤੀ ਜਾਂਦੀ ਹੈ। (ਸ਼ੋਰ) ਸੋ, ਮੈਂ ਤੁਹਾਡੇ ਮਾਧਿਅਮ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਜਿੰਨੀ ਮਿਲਾਵਟ ਵਧ ਜਾਂਦੀ ਹੈ ਉਨੀ ਹੀ ਸਾਡੀ ਸਿਹਤ ਖਰਾਬ ਹੁੰਦੀ ਹੈ। ਜਿਵੇਂ ਕਿ ਕੈਂਸਰ, ਹਾਰਟ ਅਟੈਕ ਆਦਿ ਬਿਮਾਰੀਆਂ ਹੋ ਰਹੀਆਂ ਹਨ।(ਸ਼ੋਰ)

**ਮਾਣਯੋਗ ਸਪੀਕਰ** : ਜੋ ਵੀ ਚੇਅਰ ਦੀ ਇਜਾਜ਼ਤ ਬਿਨਾਂ ਕਿਹਾ ਗਿਆ ਹੈ, ਰਿਕਾਰਡ ਨਾ ਕੀਤਾ ਜਾਵੇ।(ਸ਼ੋਰ)

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ** : ਮਿਲਾਵਟ ਕਾਰਨ ਅਸੀਂ ਇਨ੍ਹਾਂ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਾਂ। ਸੋ, ਮੈਂ ਤੁਹਾਡੇ ਮਾਧਿਅਮ ਰਾਹੀਂ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਕੋਈ ਇਹੋ ਜਿਹਾ ਸਖਤ ਕਾਨੂੰਨ ਬਣਾਇਆ ਜਾਵੇ, ਜਿਸ ਵਿੱਚ ਮੌਤ ਦੀ ਸਜ਼ਾ ਵਰਗੀ ਸਖਤ ਸਜ਼ਾ ਦਾ ਉਪਬੰਧ ਕੀਤਾ ਜਾਵੇ। (ਸ਼ੋਰ) ਜੋ ਵੀ ਮਿਲਾਵਟਖੋਰ ਹੋਵੇ, ਉਸ ਤੇ ਇਹ ਕਾਨੂੰਨ ਲਾਗੂ ਹੋਵੇ। ਸਪੀਕਰ ਸਾਹਿਬ, ਜੋ ਵੀ ਮਿਲਾਵਟਖੋਰ ਸਾਡੀਆਂ ਆਉਣ ਵਾਲੀਆਂ ਪੁਸ਼ਤਾਂ ਨੂੰ ਖਤਮ ਕਰਨ ਤੇ ਤੁਲੇ ਹੋਏ ਹਨ, ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਵੀ ਕਾਨੂੰਨ ਅਨੁਸਾਰ ਮੌਤ ਦੀ ਸਜ਼ਾ ਦਿੱਤੀ ਜਾਵੇ। (ਸ਼ੋਰ)

**ਮਾਣਯੋਗ ਸਪੀਕਰ** : ਜੋ ਵੀ ਚੇਅਰ ਦੀ ਇਜਾਜ਼ਤ ਬਿਨਾ ਕਿਹਾ ਗਿਆ ਹੈ, ਰਿਕਾਰਡ ਨਾ ਕੀਤਾ ਜਾਵੇ।(ਸ਼ੋਰ)

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ** : ਧੰਨਵਾਦ ਸਪੀਕਰ ਸਾਹਿਬ। (ਸ਼ੋਰ)

(ਇਸ ਸਮੇਂ ਸ੍ਰੀ ਸੁਖਵਿੰਦਰ ਸਿੰਘ ਕੋਟਲੀ, ਮੈਂਬਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਣਯੋਗ ਸਪੀਕਰ** : ਕੀ ਤੁਹਾਡੀ ਕਾਲ ਅਟੈਂਸ਼ਨ ਪੂਰੀ ਹੋ ਗਈ ਹੈ?

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ** : ਹਾਂ ਜੀ।

**ਮਾਣਯੋਗ ਸਪੀਕਰ** : ਮੰਤਰੀ ਜੀ ਜਵਾਬ ਦੇਣ। (ਸ਼ੋਰ)

(ਇਸ ਸਮੇਂ ਸਰਦਾਰ ਵਿਕਰਮਜੀਤ ਸਿੰਘ ਚੌਧਰੀ ਅਤੇ ਸਰਦਾਰ ਬਲਵਿੰਦਰ ਸਿੰਘ ਧਾਲੀਵਾਲ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੀ ਆਪਣੀ ਸੀਟ ਤੋਂ ਉਠ ਕੇ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ (ਯੁਵਕ ਸੇਵਾਵਾਂ ਮਾਮਲੇ ਮੰਤਰੀ)** : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬੜਾ ਇੰਪਾਰਟੈਂਟ ਧਿਆਨ ਦਿਵਾਊ ਨੋਟਿਸ ਲਿਆਂਦਾ ਹੈ। (ਸ਼ੋਰ)

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਦੇ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਬਿਨਾ ਆਗਿਆ ਬੋਲ ਰਹੇ ਸਨ।)

**ਮੰਤਰੀ :** ਇਸ ਲਈ ਸਰਕਾਰ ਨੇ ਫੂਡ ਸੇਫਟੀ ਐਂਡ ਸਟੈਂਡਰਡ ਐਕਟ, 2006 ਬਣਾਇਆ ਹੋਇਆ ਹੈ।) (ਸ਼ੋਰ)

(ਇਸ ਸਮੇਂ ਸਰਦਾਰ ਪਰਗਟ ਸਿੰਘ ਪੋਆਰ ਅਤੇ ਸਰਦਾਰ ਬਰਿੰਦਰਮੀਤ ਸਿੰਘ ਪਾਹੜਾ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੀ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਣਯੋਗ ਸਪੀਕਰ** : ਮੀਤ ਜੀ ਤੁਸੀਂ ਜਵਾਬ ਦਿਉ।

**ਮੰਤਰੀ** : ਸਰ, ਫੂਡ ਸੇਫਟੀ ਐਂਡ ਸਟੈਂਡਰਡ ਐਕਟ, 2006 ਪੰਜਾਬ ਵਿੱਚ ਲਾਗੂ ਹੈ ਅਤੇ ਜਿਸ ਰਾਹੀਂ ਜੇ ਕੋਈ ਵੀ ਫਲ ਫਰੂਟ ਨੂੰ ਕਿਸੇ ਕੈਮੀਕਲ ਨਾਲ ਪਕਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਐਕਟ ਵਿੱਚ ਪ੍ਰੋਵਿਜ਼ਨ ਹੈ ਕਿ ਤਿੰਨ ਮਹੀਨੇ ਦੀ ਸਜ਼ਾ ਵੀ ਹੋ ਸਕਦੀ ਹੈ ਅਤੇ 10 ਲੱਖ ਰੁਪਏ ਦਾ ਜੁਰਮਾਨਾ ਵੀ ਹੋ ਸਕਦਾ ਹੈ।

(ਇਸ ਸਮੇਂ ਸ਼੍ਰੀ ਨਰੇਸ਼ ਪੁਰੀ ਅਤੇ ਸਰਦਾਰ ਹਰਦੇਵ ਸਿੰਘ ਲਾਡੀ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੀ ਆਪਣੀ ਸੀਟ ਤੋਂ ਉਠ ਕੇ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮੰਤਰੀ** : ਸਰ, ਇਸ ਤੋਂ ਇਲਾਵਾ ਇਹ ਬਿਲਕੁਲ ਠੀਕ ਹੈ ਕਿ ਖਾਸ ਤੌਰ ਤੇ ਤਿਉਹਾਰਾਂ ਦੇ ਮੌਕੇ ਬਹੁਤ ਜਗ੍ਹਾ ਮਿਲਾਵਟੀ ਦੁੱਧ, ਮਿਲਾਵਟੀ ਖੋਆ, ਮਿਲਾਵਟੀ ਪਨੀਰ ਦੀ ਵਰਤੋਂ ਕੀਤੀ ਜਾਂਦੀ ਹੈ, ਪਰ ਇਸ ਲਈ ਪੂਰੇ ਸਾਲ ਵਿਭਾਗ ਵੱਲੋਂ ਚੈਕਿੰਗ ਕੀਤੀ ਜਾਦੀ ਹੈ।

(ਇਸ ਸਮੇਂ ਸ਼੍ਰੀ ਨਰੇਸ਼ ਪੁਰੀ ਅਤੇ ਸਰਦਾਰ ਹਰਦੇਵ ਸਿੰਘ ਲਾਡੀ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵਾਪਸ ਆਪਣੀਆਂ ਸੀਟਾਂ ਤੇ ਚਲੇ ਗਏ।)

**ਮੰਤਰੀ** : ਸਰ, ਮੇਰੇ ਕੋਲ ਕੁਝ ਵੇਰਵੇ ਹਨ ਜਿਸ ਅਨੁਸਾਰ 2022 ਵਿੱਚ 8211 ਸੈਂਪਲ ਭਰੇ ਗਏ ਜਿਸ ਵਿੱਚੋਂ 1690 ਸੈਂਪਲ ਗਲਤ ਪਾਏ ਗਏ ਹਨ। ਇਸ ਲਈ ਕੋਰਟ ਵਿੱਚ ਕੇਸ ਚੱਲੇ ਅਤੇ 1,81,73,300/- ਰੁਪਏ ਜੁਰਮਾਨਾ ਲਗਾਇਆ ਗਿਆ ਹੈ। 2023 ਵਿੱਚ 6665 ਸੈਂਪਲ ਭਰੇ ਗਏ ਅਤੇ ਇਨ੍ਹਾਂ ਵਿੱਚੋਂ 955 ਸੈਂਪਲ ਸਹੀ ਨਹੀਂ ਪਾਏ ਗਏ ਅਤੇ ਇਨ੍ਹਾਂ ਦੇ ਵੀ ਕੇਸ ਚੱਲੇ ਅਤੇ ਤਕਰੀਬਨ 2 ਕਰੋੜ 34 ਲੱਖ ਜੁਰਮਾਨਾ ਕੀਤਾ ਗਿਆ। ਇਸੇ ਤਰ੍ਹਾਂ ਹੀ ਤਿਉਹਾਰਾਂ ਵੇਲੇ, ਦਿਵਾਲੀ ਵੇਲੇ ਵਧੇਰੇ ਸੈਂਪਲ ਲਏ ਜਾਂਦੇ ਹਨ ਅਤੇ ਜਿਹੜੇ ਵੀ ਲੋਕ ਫੜੇ ਜਾਂਦੇ ਹਨ, ਉਨ੍ਹਾਂ ਤੇ ਕਾਰਵਾਈ ਹੁੰਦੀ ਹੈ। ਇਹ ਬਿਲਕੁਲ ਠੀਕ ਹੈ ਅਤੇ ਹੁਣ ਆਪਾਂ ਹੀ ਚੈੱਕ ਕਰ ਲਈਏ ਕਿ ਆਪਾਂ ਇੱਥੇ ਜਿੰਨੇ ਹਾਊਸ ਵਿੱਚ ਬੈਠੇ ਹਾਂ, ਅੱਜ ਤੋਂ 20-25 ਸਾਲ ਪਹਿਲਾਂ ਹਰੇਕ ਦੇ ਘਰ ਮੱਝਾਂ ਵੀ ਸਨ, ਉਦੋਂ ਲੋਕ ਹਲਵਾਈਆਂ ਦੀਆਂ ਦੁਕਾਨਾਂ ਤੋਂ ਮਠਿਆਈਆਂ ਵੀ ਘੱਟ ਲਿਆਉਂਦੇ ਸਨ। ਹੁਣ ਮੈਨੂੰ ਨਹੀਂ ਲੱਗਦਾ ਹੈ ਕਿ ਸਾਡੇ ਵਿੱਚੋਂ 5-10 ਦੇ ਘਰੇ ਵੀ ਮੱਝਾਂ ਹੋਣਗੀਆਂ। ਡਿਮਾਂਡ ਵਧ ਰਹੀ ਹੈ ਅਤੇ ਮੱਝਾਂ ਘੱਟ ਰਹੀਆਂ ਹਨ, ਇਸ

ਦਾ ਮਤਲਬ ਹੈ ਕਿ ਕਿਤੇ ਨਾ ਕਿਤੇ ਜਾਅਲੀ ਦੁੱਧ, ਘਿਉ ਆ ਰਿਹਾ ਹੈ। ਇਸ ਲਈ ਸਰਕਾਰ ਸਖਤਾਈ ਕਰ ਰਹੀ ਹੈ ਅਤੇ ਜਿਹੜੇ ਵੀ ਲੋੜ ਫੜੇ ਜਾਂਦੇ ਹਨ, ਉਨ੍ਹਾਂ ਤੇ ਕਾਰਵਾਈ ਹੋ ਰਹੀ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰ ਉੱਚੀ ਉੱਚੀ ਬੋਲਣ ਲੱਗੇ। ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ**: ਕਾਲ ਅਟੈਂਸ਼ਨ ਤਾਂ ਪੂਰੀ ਹੋ ਲੈਣ ਦਿਉ। (ਸ਼ੋਰ) ਨਕਲੀ ਦੁੱਧ ਦਾ ਇਸ਼ੂ ਹੈ, ਪੰਜਾਬ ਦੇ ਲੋਕਾਂ ਦੀਆਂ ਜਾਨਾਂ ਦਾ ਇਸ਼ੂ ਹੈ। (ਸ਼ੋਰ) ਤੁਸੀਂ ਸੰਜੀਦਗੀ ਨਹੀਂ ਦਿਖਾਉਂਦੇ ਹੋ। ਤੁਸੀਂ ਸੰਜੀਦਗੀ ਦਿਖਾਉ, ਪੰਜਾਬ ਦੇ ਲੋਕਾਂ ਦੀਆਂ ਜਾਨਾਂ ਦਾ ਇਸ਼ੂ ਹੈ। ਲਾਡੀ ਜੀ ਬੋਲੋ। (ਸ਼ੋਰ)

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ** : ਸਰ, ਮੈਂ ਸਰਕਾਰ ਤੋਂ ਮੰਗ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਵੀ ਮਿਲਾਵਟਖੋਰ ਹਨ, ਇਨ੍ਹਾਂ ਨੂੰ 2000, 4000, 5000 ਜੁਰਮਾਨਾ ਲਗਾਉਣ ਨਾਲ ਇਸ ਚੀਜ਼ ਦਾ ਖਾਤਮਾ ਨਹੀਂ ਹੋਣਾ ਹੈ।

**1620/Tarlochan Singh/ Harjinder singh**
**1625/mehak**

ਇਸ ਲਈ ਘੱਟੋ ਘੱਟ 302 ਧਾਰਾ ਤਹਿਤ ਐਫ.ਆਈ.ਆਰ. ਜਾਂ ਇਨ੍ਹਾਂ ਨੂੰ ਮੌਤ ਦੀ ਸਜ਼ਾ ਦੇਈਏ ਕਿਉਂਕਿ ਇਹ ਇੱਕ ਤਰ੍ਹਾਂ ਦਾ ਜ਼ਹਿਰ ਸਾਨੂੰ ਅਤੇ ਸਾਡੇ ਬੱਚਿਆਂ ਨੂੰ ਪਰੋਸਦੇ ਹਨ ਤੇ ਇਹ ਵੀ ਇੱਕ ਹਿਸਾਬ ਦੀ ਸਾਡੀ ਨਸਲਕੁਸ਼ੀ ਕਰ ਰਹੇ ਹਨ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਸਬੰਧੀ ਕਾਨੂੰਨਾਂ ਵਿੱਚ ਸਖਤੀ ਲਿਆਂਦੀ ਜਾਵੇ ਤੇ ਇਨ੍ਹਾਂ ਤੇ ਕੋਈ ਹੋਰ ਬਣਦੀ ਕਾਰਵਾਈ ਦੇ ਨਾਲ ਦੇ ਨਾਲ ਐਫ.ਆਈ.ਆਰ. ਦਰਜ ਕੀਤੀ ਜਾਵੇ ਅਤੇ ਕੋਰਟ ਕੇਸ ਨਾ ਹੋਣ। (ਵਿਘਨ)

(ਇਸ ਸਮੇਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਮਾਣਯੋਗ ਮੁੱਖ ਮੰਤਰੀ ਵੱਲੋਂ ਸ੍ਰੀ ਸੁਖਵਿੰਦਰ ਕੋਟਲੀ, ਐਮ.ਐਲ.ਏ. ਖਿਲਾਫ ਵਰਤੇ ਗਏ ਗੈਰ-ਸੰਸਦੀ ਸ਼ਬਦਾਂ ਦੀ ਵਰਤੋਂ ਸਬੰਧੀ ਦਿੱਤੇ ਗਏ ਵਿਸ਼ੇਸ਼ ਅਧਿਕਾਰ ਦੇ ਮਾਮਲੇ ਤੇ ਫੈਸਲੇ ਦੀ ਮੰਗ ਕਰ ਰਹੇ ਸਨ। )

**ਮਾਣਯੋਗ ਸਪੀਕਰ**: ਤੁਸੀਂ ਆਪਣੀਆਂ ਸੀਟਾਂ ਤੇ ਜਾਓ। ਮੈਂ ਤੁਹਾਨੂੰ (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਸੁਖਵਿੰਦਰ ਕੋਟਲੀ, ਨੂੰ ਸੰਬੋਧਨ ਕਰਦੇ ਹੋਏ) ਬਾਹਰ ਜਾਣ ਵਾਸਤੇ ਨਹੀਂ ਕਹਿ ਸਕਦਾ ਹਾਂ, ਤੁਸੀਂ ਆਪਣੀ ਸੀਟ ਤੇ ਜਾਓ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਅੰਡਰ ਰੂਲ 28(2), ਮੇਰੀ ਗੁਜ਼ਾਰਿਸ਼ ਹੈ ਕਿ ਪ੍ਰੀਵਿਲੇਜ ਮੋਸ਼ਨ ਕਈ ਦਿਨਾਂ ਤੋਂ ਮੂਵ ਕੀਤਾ ਹੋਇਆ ਹੈ। ਇੱਕ ਆਨਰੇਬਲ ਮੈਂਬਰ ਬਾਰੇ ਚੀਫ ਮਨਿਸਟਰ ਸਾਹਿਬ ਨੇ ਜਿਹੜੀ ਗੱਲ ਕਹੀ ਹੈ ਉਹ ਬਹੁਤ ਹੀ ਨਿੰਦਣਯੋਗ ਹੈ। ਸਾਡੀ ਗੁਜ਼ਾਰਿਸ਼ ਹੈ ਕਿ ਕਿਰਪਾ ਕਰਕੇ ਤੁਸੀਂ ਆਪਣੀ ਰੂਲਿੰਗ ਤਾਂ ਦਿਓ even if you agree with what the Chief Minister has said. ਤੁਸੀਂ ਇਹ ਗੱਲ ਕਹੋ ਕਿ ਚੀਫ ਮਨਿਸਟਰ ਨੇ ਜਿਹੜੀ ਸ਼ਬਦਾਵਲੀ ਵਰਤੀ ਹੈ ਤੁਸੀਂ ਉਸ ਨਾਲ ਸਹਿਮਤ ਹੋ ਤਾਂ ਗੱਲ ਮੁੱਕੇ ਜੀ ਕਿਉਂਕਿ ਕਈ ਹਜ਼ਾਰਾਂ ਸਾਲਾਂ ਤੋਂ ਇਸ ਵਰਗ ਨਾਲ ਸ਼ੋਸ਼ਣ ਹੋ ਰਿਹਾ ਹੈ।

**ਮਾਣਯੋਗ ਸਪੀਕਰ**: ਤੁਹਾਡੀ ਰਿਪ੍ਰੈਜ਼ੇਂਟੇਸ਼ਨ ਮੇਰੇ ਕੋਲ ਪਹੁੰਚ ਗਈ ਹੈ। ਮੈਂ ਇਸ ਤੇ ਵਿਚਾਰ ਕਰ ਰਿਹਾ ਹਾਂ। I will let you know.

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਾਨੂੰ ਕਿਰਪਾ ਕਰਕੇ ਜਵਾਬ ਤਾਂ ਦਿਓ।

**ਮਾਣਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ, ਬੈਠੋ ਤੁਸੀਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਆਪਣੀਆਂ ਸੀਟਾਂ ਤੇ ਖੜ੍ਹੇ ਮੈਂਬਰ ਵੀ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਅਤੇ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਣਯੋਗ ਸਪੀਕਰ**: **ਨਾਅਰੇ ਰਿਕਾਰਡ ਨਾ ਕੀਤੇ ਜਾਣ।

-------

**(ਕ੍ਰਮ ਨੰ: 31)**

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਮਹੱਤਵਪੂਰਣ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਪਿੰਡਾਂ ਵਿੱਚ ਅਤਿ ਗਰੀਬ ਲੋਕ ਜਿਨ੍ਹਾਂ ਦੇ ਮਕਾਨ ਕੱਚੇ ਹਨ, ਉਨ੍ਹਾਂ ਨੂੰ ਪੱਕਾ ਕਰਨ ਲਈ ਪੀ.ਐਮ.ਏ.ਵਾਈ. ਤਹਿਤ 1.5 ਲੱਖ ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ। ਇਹ ਰਾਸ਼ੀ ਲੈਣ ਲਈ ਗਰੀਬ ਲੋਕਾਂ ਨੂੰ ਬੀ.ਡੀ.ਪੀ.ਓ. ਦਫਤਰ ਜਾ ਕੇ ਪੀ.ਐਮ.ਏ.ਵਾਈ ਦੀ ਸਾਈਟ ਤੇ ਆਪਣੇ ਵੇਰਵੇ ਦਰਜ ਕਰਨੇ ਪੈਂਦੇ ਹਨ। ਪਰ ਅਫਸੋਸ ਦੀ ਗੱਲ ਹੈ ਕਿ ਇਹ ਸਾਈਟ ਪਿਛਲੇ ਢਾਈ ਸਾਲਾਂ ਤੋਂ ਬੰਦ ਹੈ। ਜਦੋਂ ਸਾਈਟ ਹੀ ਬੰਦ ਹੈ ਫਿਰ ਕੱਚੇ ਮਕਾਨਾਂ ਵਾਲੇ ਗਰੀਬ ਕਿੱਥੋਂ ਆਸ ਰੱਖਦੇ ਹਨ ਕਿ ਉਨ੍ਹਾਂ ਦੀਆਂ ਚੌਂਦੀਆਂ ਛੱਤਾਂ ਪੱਕੀਆਂ ਹੋ ਸਕਣਗੀਆਂ। ਇਹ ਸਾਈਟ ਕੇਂਦਰ ਵੱਲੋਂ ਪੱਕੇ ਤੌਰ ਤੇ ਬੰਦ ਕਰਕੇ ਗਰੀਬ ਲੋਕਾਂ ਨਾਲ ਕੇਂਦਰ ਨੇ ਬਹੁਤ ਵੱਡਾ ਧੱਕਾ ਕੀਤਾ ਹੋਇਆ ਹੈ। ਮੇਰੀ ਆਪ ਜੀ ਨੂੰ ਗੁਜ਼ਾਰਿਸ਼ ਹੈ ਕਿ ਗਰੀਬ ਲੋਕਾਂ ਦੇ ਅੱਖਾਂ ਵਿੱਚੋਂ ਡਿੱਗਦੇ ਹੰਝੂਆਂ ਨੂੰ ਪੂੰਝਣ ਲਈ ਕੇਂਦਰ ਸਰਕਾਰ ਨਾਲ ਗੱਲ ਕਰਕੇ ਸਾਈਟ ਖੁਲਵਾਈ ਜਾਵੇ ਤੇ ਗਰੀਬਾਂ ਦੀਆਂ ਛੱਤਾਂ ਬਦਲਵਾਈਆਂ ਜਾਣ।

ਮਾਮਲੇ ਦੀ ਪ੍ਰਤੱਖ ਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**WALKOUT**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰ ਮਾਣਯੋਗ ਮੁੱਖ ਮੰਤਰੀ ਵੱਲੋਂ ਸ਼੍ਰੀ ਸੁਖਵਿੰਦਰ ਕੋਟਲੀ, ਐਮ.ਐਲ.ਏ. ਖਿਲਾਫ ਵਰਤੇ ਗਏ ਸ਼ਬਦਾਂ ਦੀ ਵਰਤੋਂ ਸਬੰਧੀ ਦਿੱਤੇ ਗਏ ਵਿਸ਼ੇਸ਼ ਅਧਿਕਾਰ ਦੇ ਮਾਮਲੇ ਤੇ ਕੋਈ ਫੈਸਲਾ ਨਾ ਲਏ ਜਾਣ ਦੇ ਰੋਸ ਵਜੋਂ ** ** ਨਾਅਰੇ ਲਗਾਉਂਦੇ ਹੋਏ ਸਦਨ ਵਿੱਚੋਂ ਵਾਕਆਊਟ ਕਰ ਗਏ।

**-------**

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ੍ਰੀ ਅਮਨ ਅਰੋੜਾ):** ਸਰ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਤੇ ਇਹ ਸਾਰੇ ਮੈਂਬਰਾਂ ਦੇ ਫਾਇਦੇ ਦੀ ਗੱਲ ਹੈ ਕਿ ਵੈਸੇ ਤਾਂ ਨੇਵਾ ਐਪਲੀਕੇਸ਼ਨ ਨਾਲ ਬਹੁਤ ਵਧੀਆ ਹੋ ਗਿਆ ਹੈ ਤੇ ਸਾਰੇ ਮੈਂਬਰ ਸੌਖੇ ਵੀ ਹੋ ਗਏ ਹਨ ਪਰ ਇੱਕ ਗੱਲ ਮੇਰੇ ਧਿਆਨ ਵਿੱਚ ਆਈ ਹੈ ਜੋ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਜਿਸ ਸਬੰਧੀ ਤੁਸੀਂ ਕੁਰੈਕਸ਼ਨ ਕਰਵਾ ਲਓ। ਮੈਂ ਅੱਜ ਇਸ ਐਪ ਦੇ ਫੀਚਰਜ਼ ਚੈੱਕ ਕਰ ਰਿਹਾ ਸੀ ਤਾਂ ਮੈਂ ਇਸ ਵਿੱਚ ਹਾਜ਼ਰੀ ਦੇਖੀ ਤਾਂ ਇੱਕ ਤਰੀਕ ਦੀ ਦੂਜੀ ਸਿਟਿੰਗ ਵਿੱਚ ਮੇਰੀ ਗੈਰ ਹਾਜ਼ਰੀ ਸ਼ੋਅ ਹੋ ਰਹੀ ਸੀ ਜਦਕਿ ਮੈਂ ਇੱਥੇ ਹਾਜ਼ਰ ਸੀ। ਮੈਂ ਭੈਣ ਬਲਜੀਤ ਕੌਰ ਜੀ ਨੂੰ ਪੁੱਛਿਆ ਤਾਂ ਇਨ੍ਹਾਂ ਦੀ ਵੀ ਗੈਰ ਹਾਜ਼ਰੀ ਸ਼ੋਅ ਹੋ ਰਹੀ ਹੈ, ਹਰਪਾਲ ਚੀਮਾ ਜੀ ਦੀ ਵੀ ਗੈਰ ਹਾਜ਼ਰੀ ਸ਼ੋਅ ਹੋ ਰਹੀ ਹੈ ਐਂਰ ਈ.ਟੀ.ਓ. ਸਾਹਿਬ ਦੀ ਵੀ ਗੈਰ ਹਾਜ਼ਰੀ ਸ਼ੋਅ ਹੋ ਰਹੀ ਹੈ। ਇਸ ਤੋਂ ਇਲਾਵਾ ਹਰਪਾਲ ਚੀਮਾ ਜੀ ਦੀ 05 ਮਾਰਚ ਦੀ ਜਿਸ ਦਿਨ ਇਨ੍ਹਾਂ ਨੇ ਬਜਟ ਪੇਸ਼ ਕੀਤਾ ਸੀ, ਉਸ ਦਿਨ ਦੀ ਵੀ ਗੈਰ ਹਾਜ਼ਰੀ ਸ਼ੋਅ ਹੋ ਰਹੀ ਹੈ। ਮੈਂ ਜਦੋਂ ਸਟਾਫ ਵਾਲੇ ਮੁੰਡਿਆਂ ਨੂੰ ਪੁੱਛਿਆ ਤਾਂ ਉਹ ਕਹਿੰਦੇ ਕਿ ਜੇ ਲਾਗਇਨ ਕਰਾਂਗੇ ਤਾਂ ਹੀ ਹਾਜ਼ਰੀ ਲੱਗਦੀ ਹੈ। ਸੋ, ਮੇਰੇ ਕਹਿਣ ਦੀ ਹੋਰ ਕੋਈ ਕੰਸੀਡਰੇਸ਼ਨ ਜਾਂ ਮਕਸਦ ਨਹੀਂ ਹੈ, ਸਿਰਫ ਇਹੀ ਦੋ ਮਕਸਦ ਹਨ ਕਿ ਚੀਮਾ ਸਾਹਿਬ ਦੀ ਗੈਰ ਹਾਜ਼ਰੀ ਲੱਗ ਰਹੀ ਹੈ ਤੇ ਅੱਗੇ ਆਉਣ ਵਾਲੇ ਸਮੇਂ ਵਿੱਚ ਇਸ ਦੀ ਫੰਕਸ਼ਨਿੰਗ ਤੇ ਇਹ ਸਵਾਲ ਨਾ ਹੋਵੇ ਕਿ ਇਹ ਕਿਵੇਂ ਸੰਭਵ ਹੈ ਕਿ ਗੈਰ ਹਾਜ਼ਰੀ ਵਿੱਚ ਬਜਟ ਪੇਸ਼ ਹੋ ਰਿਹਾ ਹੈ। ਇਸ ਤੋਂ ਇਲਾਵਾ ਜਦੋਂ ਕੋਈ ਆਰ.ਟੀ.ਆਈ. ਵਿੱਚ ਜਾਂ ਕੋਈ ਪੱਤਰਕਾਰ ਵੀਰ ਕੱਲ੍ਹ ਨੂੰ ਸਾਰੇ ਮੈਂਬਰ ਸਾਹਿਬਾਨਾਂ ਦੀ ਹਾਜ਼ਰੀ ਪੁੱਛਦਾ ਹੈ ਤਾਂ ਅਟੈਂਨਡੈਂਸ ਰੇਸ਼ੋ ਘੱਟ ਜਾਂਦੀ ਹੈ ਤਾਂ ਮੇਰੇ ਖਿਆਲ ਵਿੱਚ ਤੁਸੀਂ ਇਸ ਵਿੱਚ ਕੁਰੈਕਸ਼ਨ ਕਰਵਾਓ ਕਿਉਂਕਿ ਇਸ ਸਬੰਧੀ ਕਿਸੇ ਨੂੰ ਦੱਸਿਆ ਨਹੀਂ ਗਿਆ ਸੀ ਕਿ ਇਸ ਨੂੰ ਰੋਜ਼ ਲਾਗਇਨ ਕਰਨਾ ਹੁੰਦਾ ਹੈ।

**ਮਾਣਯੋਗ ਸਪੀਕਰ**: ਮਾਣਯੋਗ ਮੰਤਰੀ ਜੀ, ਤੁਹਾਡਾ ਧੰਨਵਾਦ, ਹਾਜ਼ਰੀ ਅਜੇ ਤੱਕ ਮੈਨੂਅਲ ਹੀ ਲੱਗ ਰਹੀ ਹੈ ਤੇ ਹਾਜ਼ਰੀ ਦਾ ਕੋਈ ਇਸ਼ੂ ਨਹੀਂ ਹੈ। ਬਾਕੀ ਇਹ ਜਿਹੜਾ ਨਵਾਂ ਪ੍ਰੋਸੈੱਸ ਸ਼ੁਰੂ ਕੀਤਾ ਹੈ ਇਸ ਵਿੱਚ ਕਈ ਤਰ੍ਹਾਂ ਦੀਆਂ ਊਣਤਾਈਆਂ ਹੋਣਗੀਆਂ, ਉਹ ਆਪਾਂ ਸਾਰਿਆਂ ਨਾਲ ਮਿਲ ਕੇ ਦੂਰ ਕਰ ਲਵਾਂਗੇ, ਕੋਈ ਇਸ਼ੂ ਨਹੀਂ ਹੈ।

**1630/Sukhpiar Singh**

## CALLING ATTENTION NOTICES UNDER RULE 66 (Resumption)

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਲਾਲਜੀਤ ਸਿੰਘ ਭੁੱਲਰ):** ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਮੈਂਬਰ ਜੀ ਦੇ ਇਸ ਵਿਸ਼ੇ ਤੇ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾ ਰਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਕੱਚੇ ਮਕਾਨਾਂ ਦੀਆਂ ਅਰਜ਼ੀਆਂ ਲਈ ਸਾਲ 2018 ਵਿੱਚ ਕੇਂਦਰ ਸਰਕਾਰ ਦੀ ਸਾਈਟ ਤੇ ਮੋਬਾਈਲ ਐਪਲੀਕੇਸ਼ਨ ਰਾਹੀਂ ਰਜਿਸਟ੍ਰੇਸ਼ਨਾਂ ਕੀਤੀਆਂ ਗਈਆਂ ਸਨ, ਜਿਸ ਦੇ ਆਧਾਰ ਤੇ ਸਥਾਈ ਉਡੀਕ ਵਿੱਚ ਸੂਚੀ ਵਿੱਚ ਕੁੱਲ 87,505 ਲਾਭਪਾਤਰੀਆਂ ਦੇ ਨਾਮ ਸ਼ਾਮਿਲ ਹੋਣ ਤੋਂ ਬਾਅਦ ਸਾਈਟ ਪੂਰੇ ਭਾਰਤ ਵਿੱਚ ਹੀ 2019 ਤੋਂ ਬੰਦ ਕਰ ਦਿੱਤੀ ਗਈ ਸੀ। ਪੰਜਾਬ ਸਰਕਾਰ ਨੂੰ ਸਾਲ

2021 ਵਿੱਚ ਕੁੱਲ 17,117 ਘਰ ਬਣਾਉਣ ਦਾ ਟੀਚਾ ਦਿੱਤਾ ਗਿਆ ਸੀ ਜਿਸ ਵਿੱਚੋਂ ਹੁਣ ਤੱਕ ਤਕਰੀਬਨ 80% ਘਰ ਮੁਕੰਮਲ ਹੋ ਚੁੱਕੇ ਹਨ ਅਤੇ ਬਾਕੀ ਉਸਾਰੀ ਅਧੀਨ ਹਨ। ਸਾਈਟ ਨੂੰ ਦੁਬਾਰਾ ਤੋਂ ਖੁਲ੍ਹਵਾਉਣ ਲਈ ਸਮੂਹ ਰਾਜਾਂ ਸਮੇਤ ਪੰਜਾਬ ਵੱਲੋਂ ਕੇਂਦਰ ਸਰਕਾਰ ਨੂੰ ਉੱਚ ਪੱਧਰੀ ਮੀਟਿੰਗਾਂ ਵਿੱਚ ਸਮੇਂ ਸਮੇਂ ਤੇ ਬੇਨਤੀ ਕੀਤੀ ਗਈ ਹੈ। ਹੁਣ ਕੇਂਦਰ ਸਰਕਾਰ ਵੱਲੋਂ ਅਗਲੇ ਪੰਜ ਸਾਲਾਂ ਲਈ PMAY-G ਸਕੀਮ ਨਵੇਂ ਸਿਰੇ ਤੋਂ ਲਾਗੂ ਕੀਤੀ ਜਾ ਰਹੀ ਹੈ ਜਿਸ ਤਹਿਤ ਕੇਂਦਰ ਸਰਕਾਰ ਵੱਲੋਂ ਪੂਰੇ ਭਾਰਤ ਵਿੱਚ ਕੁੱਲ 2 ਕਰੋੜ ਨਵੇਂ ਮਕਾਨ ਬਣਾਉਣ ਦਾ ਟੀਚਾ ਮਿੱਥਿਆ ਗਿਆ ਹੈ।

ਇਸ ਤੋਂ ਇਲਾਵਾ ਸਕੀਮ ਦੀ ਗ੍ਰਾਂਟ ਨੂੰ ਵਧਾਉਣ ਅਤੇ ਲਾਭਪਾਤਰਾਂ ਦੀ ਚੋਣ ਲਈ ਮਿੱਥੇ ਗਏ ਮਾਪਦੰਡਾਂ ਵਿੱਚ ਛੋਟ ਦੇਣ ਲਈ ਸਕੱਤਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਕੇਂਦਰ ਸਰਕਾਰ ਤੋਂ ਮਿਤੀ 13 ਅਤੇ 14 ਫਰਵਰੀ, 2024 ਨੂੰ ਸਮੂਹ ਰਾਜਾਂ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਸੀ ਜਿਸ ਦੀ ਕਾਰਵਾਈ ਅਨੁਲੱਗ ੳ ਤੇ ਨੱਥੀ ਕੀਤੀ ਗਈ ਹੈ। ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਨੂੰ ਭੇਜੇ ਗਏ ਸਾਲ 2024-25 ਦੇ ਸਾਲਾਨਾ ਐਕਸ਼ਨ ਪਲਾਨ ਵਿੱਚ ਕੁੱਲ 20 ਹਜ਼ਾਰ ਨਵੇਂ ਮਕਾਨਾਂ ਦੇ ਟੀਚੇ ਦੀ ਮੰਗ ਕੀਤੀ ਗਈ ਹੈ ਜਿਸ ਦੀ ਅਜੇ ਪ੍ਰਵਾਨਗੀ ਆਉਣੀ ਬਾਕੀ ਹੈ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ):** ਸਪੀਕਰ ਸਾਹਿਬ, ਜਿਵੇਂ ਮੰਤਰੀ ਸਾਹਿਬ ਜੀ ਨੇ ਆਪਣੇ ਮੂੰਹੋਂ ਹੀ ਦੱਸਿਆ ਹੈ ਕਿ ਪਿਛਲੇ 6 ਸਾਲਾਂ ਤੋਂ ਭਾਵ 2018 ਤੋਂ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੀ ਸਾਈਟ ਹੀ ਬੰਦ ਹੈ। ਸੋਚ ਕੇ ਦੇਖੋ ਕਿ ਉਹ ਲੱਖਾਂ ਗਰੀਬ ਪਰਿਵਾਰ ਜੋ ਅਪਲਾਈ ਹੀ ਨਹੀਂ ਕਰ ਸਕੇ। ਉਨ੍ਹਾਂ ਦਾ ਮਕਾਨ ਬਣਨਾ, ਪਾਸ ਹੋਣਾ ਤਾਂ ਬਹੁਤ ਦੂਰ ਦੀ ਗੱਲ ਹੈ। ਲੱਖਾਂ ਐਪਲੀਕੇਸ਼ਨਾਂ ਸਾਡੇ ਦਫਤਰਾਂ ਵਿੱਚ ਆਉਂਦੀਆਂ ਹਨ। ਸੋ, ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਜ਼ਰੀਏ ਪੁੱਛਣਾ ਚਾਹੁੰਦਾ ਹਾਂ ਕਿ ਉਹ ਗਰੀਬ ਲੋਕ ਹਨ, ਅਸੀਂ ਇਸ ਗੱਲ ਨੂੰ ਤਾਂ ਮੰਨਦੇ ਹਾਂ ਕਿ ਸੈਂਟਰ ਪੰਜਾਬ ਦੇ ਨਾਲ ਹਮੇਸ਼ਾ ਮਤਰੇਈ ਮਾਂ ਵਾਲਾ ਸਲੂਕ ਕਰਦੀ ਹੈ। ਸਾਡੇ ਗਰੀਬ ਪਰਿਵਾਰਾਂ ਨਾਲ ਹਮੇਸ਼ਾਂ ਧੱਕਾ ਹੁੰਦਾ ਰਿਹਾ ਹੈ। ਜਿਹੜੇ ਉਹ ਗਰੀਬ ਪਰਿਵਾਰਾਂ ਦੀਆਂ ਛੱਤਾਂ ਚੋਂਦੀਆਂ ਹਨ, ਕੀ ਰੋਟੀ, ਕਪੜਾ, ਮਕਾਨ ਸਾਡੀਆਂ ਸਰਕਾਰਾਂ ਨੇ ਦੇਣਾ ਹੈ, ਸਾਡਾ ਫਰਜ਼ ਹੈ। ਕੀ ਅਸੀਂ ਇਨ੍ਹਾਂ ਗਰੀਬ ਪਰਿਵਾਰਾਂ ਲਈ ਕੋਈ ਪਾਲਿਸੀ ਲਿਆ ਰਹੇ ਹਾਂ ਜਿਸ ਤਹਿਤ ਉਨ੍ਹਾਂ ਦੇ ਘਰਾਂ ਦੀਆਂ ਛੱਤਾਂ ਬਦਲਵਾ ਸਕੀਏ ਅਤੇ ਟਪਕਦੇ ਪਾਣੀ ਨੂੰ ਰੋਕ ਸਕੀਏ। ਇਸ ਲਈ ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਆਪਣੇ ਤੌਰ ਤੇ ਉਨ੍ਹਾਂ ਗਰੀਬ ਪਰਿਵਾਰਾਂ ਦੀ ਬਾਂਹ ਫੜਨ ਲਈ ਕੋਈ ਸਕੀਮ ਲਿਆ ਰਹੀ ਹੈ?

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਇਹ ਸਕੀਮ ਸੈਂਟਰ ਦੇ ਅੰਡਰ ਹੀ ਆਉਂਦੀ ਹੈ। ਇਸ ਵਿੱਚ ਇਕੱਲਾ ਪੰਜਾਬ ਨਹੀਂ ਬਲਕਿ ਸਾਰੀਆਂ ਸਟੇਟਾਂ ਹੀ ਆਉਂਦੀਆਂ ਹਨ। ਇਹ ਵੈੱਬਸਾਈਟ ਸਾਲ 2019 ਦੀ ਬੰਦ ਹੈ। ਸਾਡੇ ਅਧਿਕਾਰੀਆਂ ਵੱਲੋਂ ਸੈਂਟਰ ਸਰਕਾਰ ਨਾਲ ਮੀਟਿੰਗਾਂ ਕੀਤੀਆਂ ਗਈਆਂ ਹਨ। ਹੋ ਸਕਦਾ ਹੈ ਕਿ ਇਹ ਸਾਈਟ ਜਲਦੀ ਹੀ ਖੁੱਲ੍ਹੇ ਤੇ ਜਿਹੜੇ ਸਾਡੇ ਭੈਣ ਭਰਾ ਲੋੜਵੰਦ ਹਨ ਜਿਨ੍ਹਾਂ ਦੇ ਘਰ ਦੀਆਂ ਛੱਤਾਂ ਖਰਾਬ ਹਨ ਉਨ੍ਹਾਂ ਦੀਆਂ ਛੱਤਾਂ ਸੈਂਟਰ ਵੱਲੋਂ ਜਲਦੀ ਹੀ ਪੁਆਈਆਂ ਜਾਣਗੀਆਂ। ਬਾਕੀ ਮੈਂ ਆਪਣੇ ਅਧਿਕਾਰੀ ਸਾਹਿਬਾਨਾਂ ਨਾਲ ਸਲਾਹ ਮਸ਼ਵਰਾ ਕਰਾਂਗਾ ਕਿ ਕੀ ਕੋਈ ਇਸ

ਤਰ੍ਹਾਂ ਦੀ ਪ੍ਰੋਵੀਜ਼ਨ ਹੋ ਸਕਦੀ ਹੈ ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਗਰੀਬ ਲੋੜਵੰਦ ਪਰਿਵਾਰਾਂ ਦੀ ਮਦਦ ਕਰ ਸਕੀਏ।

**ਮਾਣਯੋਗ ਸਪੀਕਰ**: ਉਹ ਤਾਂ ਨਾਅਰਾ ਲਗਾਉਂਦੇ ਹਨ ਕਿ ਮੰਤਰੀ ਜੀ ਸਭ ਕਾ ਸਾਥ। ਇਸ ਦਾ ਮਤਲਬ ਜਿਹੜੇ ਗਰੀਬ ਹਨ ਜਿਨ੍ਹਾਂ ਦੇ ਮਕਾਨ ਖਰਾਬ ਹੋ ਗਏ ਹਨ, ਉਨ੍ਹਾਂ ਦਾ ਕੇਂਦਰ ਸਰਕਾਰ ਵਾਲੇ ਸਾਥ ਨਹੀਂ ਦਿੰਦੇ।

**ਮੰਤਰੀ:** ਕੇਂਦਰ ਵਾਲਿਆਂ ਨੇ ਤਾਂ ਸਾਰੇ ਭਾਰਤ ਨਾਲ ਹੀ ਧੱਕਾ ਕੀਤਾ ਹੈ। ਸਾਰੀਆਂ ਸਟੇਟਾਂ ਦੀ 2019 ਦੀ ਵੈੱਬਸਾਈਟ ਬੰਦ ਕੀਤੀ ਹੋਈ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ।

**ਮੰਤਰੀ:** ਪੰਜਾਬ ਨਾਲ ਤਾਂ ਹੱਦ ਤੋਂ ਵੀ ਵੱਧ ਕਰੀ ਜਾਂਦੇ ਹਨ। ਦੂਜੀਆਂ ਸਟੇਟਾਂ ਲਈ ਵੀ ਵੈੱਬਸਾਈਟ ਬੰਦ ਹੈ।

**ਮਾਣਯੋਗ ਸਪੀਕਰ**: ਧੰਨਵਾਦ ਜੀ।

---

***(Sr. No. 32)***

**ਸਰਦਾਰ ਕੁਲਜੀਤ ਸਿੰਘ ਰੰਧਾਵਾ**: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਮਹੱਤਵਪੂਰਨ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਹਲਕਾ ਡੇਰਾਬੱਸੀ ਵਿਖੇ ਪੈਂਦੀ ਬਰਵਾਲਾ ਰੋਡ ਦੀ ਹਾਲਤ ਪਿਛਲੇ ਬਹੁਤ ਲੰਬੇ ਸਮੇਂ ਤੋਂ ਬਹੁਤ ਜ਼ਿਆਦਾ ਖਸਤਾ ਹੋਣ ਕਾਰਨ ਲੋਕਾਂ ਨੂੰ ਬਹੁਤ ਜ਼ਿਆਦਾ ਦਿੱਕਤਾਂ ਤੇ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸੜਕ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਰਾਜਾਂ ਨਾਲ ਜੁੜਦੀ ਹੋਣ ਕਾਰਨ ਬਹੁਤ ਜ਼ਿਆਦਾ ਮਹੱਤਵਪੂਰਨ ਸੜਕ ਹੈ ਅਤੇ ਇਸ ਸੜਕ ਉੱਤੇ ਬਹੁਤ ਜ਼ਿਆਦਾ ਆਵਾਜਾਈ ਰਹਿੰਦੀ ਹੈ।ਇਸ ਸੜਕ ਉੱਤੇ ਪੈਂਦੀਆਂ ਬਹੁਤ ਸਨਅਤੀ ਇਕਾਈਆਂ ਕਾਰਨ ਸਰਕਾਰ ਨੂੰ ਬਹੁਤ ਮਾਲੀਆ ਇਕੱਤਰ ਵੀ ਹੁੰਦਾ ਹੈ ਪਰੰਤੂ ਇਸ ਸੜਕ ਦੀ ਪਿਛਲੇ ਬਹੁਤ ਲੰਬੇ ਸਮੇਂ ਤੋਂ ਰਿਪੇਅਰ ਨਾ ਹੋਣ ਕਾਰਨ ਜਾਂ ਨਾ ਬਣਾਉਣ ਕਾਰਨ ਸੜਕ ਵਿੱਚ ਬਹੁਤ ਵੱਡੇ ਵੱਡੇ ਤੇ ਡੂੰਘੇ ਟੋਏ ਪਏ ਹਨ ਜਿਸ ਕਾਰਨ ਸੜਕ ਉੱਤੇ ਹਰ ਰੋਜ਼ ਐਕਸੀਡੈਂਟ ਵਾਪਰ ਰਹੇ ਹਨ, ਜਿਨ੍ਹਾਂ ਵਿਚ ਬਹੁਤ ਲੋਕਾਂ ਦੀਆਂ ਕੀਮਤੀ ਜਾਨਾਂ ਅਜਾਈਂ ਜਾ ਰਹੀਆਂ ਹਨ। ਸਮੁੱਚੇ ਇਲਾਕੇ ਦੇ ਲੋਕਾਂ ਵਿੱਚ ਇਸ ਸੜਕ ਦੀ ਪਿਛਲੇ ਬਹੁਤ ਲੰਬੇ ਸਮੇਂ ਤੋਂ ਇਸ ਸੜਕ ਨੂੰ ਨਾ ਬਣਾਏ ਜਾਣ ਕਾਰਨ ਬਹੁਤ ਜ਼ਿਆਦਾ ਨਿਰਾਸ਼ਤਾ, ਬੇਚੈਨੀ ਤੇ ਘਬਰਾਹਟ ਪਾਈ ਜਾ ਰਹੀ ਹੈ। ਇਲਾਕੇ ਦੇ ਸਮੁੱਚੇ ਲੋਕਾਂ ਦੀ ਮੰਗ ਹੈ ਕਿ ਇਸ ਸੜਕ ਨੂੰ ਪਹਿਲ ਦੇ ਆਧਾਰ ਉੱਤੇ ਜਲਦੀ ਤੋਂ ਜਲਦੀ ਬਣਾਇਆ ਜਾਵੇ ਤਾਂ ਜੋ ਲੋਕਾਂ ਨੂੰ ਆ ਰਹੀਆਂ ਪ੍ਰੇਸ਼ਾਨੀਆਂ ਤੋਂ ਨਿਜਾਤ ਮਿਲ ਸਕੇ।

ਮਾਮਲੇ ਦੀ ਪ੍ਰਤੱਖ ਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਇਸ ਤੋਂ ਇਲਾਵਾ ਸੜਕ ਦੀ ਰਿਪੇਅਰ ਨਾ ਹੋਣ ਕਰਕੇ ਵੱਡੇ-ਵੱਡੇ ਟੋਏ ਪਏ ਹਨ ਜਿਸ ਕਰਕੇ ਡੇਢ ਸਾਲ ਵਿੱਚ ਲਗਭਗ 20 ਦੇ ਕਰੀਬ ਮੌਤਾਂ ਹੋਈਆਂ ਹਨ। ਮਾਲੀਆ ਲੈਣ ਦੇ ਬਾਵਜੂਦ ਵੀ ਪਿਛਲੀਆਂ ਸਰਕਾਰਾਂ ਦੇ 10-12 ਸਾਲ ਹੋ ਗਏ ਹਨ, ਇਸ ਸੜਕ ਤੇ ਕੋਈ ਮਿੱਟੀ ਦੀ ਟੋਕਰੀ ਜਾਂ ਕਿਤੇ ਵੀ ਕੰਕਰੀਟ ਪਾ ਕੇ ਸੜਕ ਨਹੀਂ ਬਣਾਈ ਸੀ ਲੇਕਿਨ ਮੈਂ ਮੁੱਖ ਮੰਤਰੀ, ਮਾਨ ਸਾਹਿਬ ਦਾ ਧੰਨਵਾਦ ਕਰਦਾ ਹਾਂ।

**1630/Sukhpiar Singh/BS khokhar**
**1635/Manika Rani**

ਮੈਂ ਪਿਛਲੀ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਵੀ ਮੁੱਖ ਮੰਤਰੀ ਸਾਹਿਬ ਨੂੰ ਬਰਵਾਲਾ ਰੋਡ ਦੇ ਹਾਲਤਾਂ ਬਾਰੇ ਜਾਣੂੰ ਕਰਵਾਇਆ ਸੀ। ਪਰ ਅੱਜ ਉਥੇ ਕੰਮ ਸ਼ੁਰੂ ਹੋ ਚੁੱਕਿਆ ਹੈ। ਮੈਂ ਮੁੱਖ ਮੰਤਰੀ ਸਾਹਿਬ ਧੰਨਵਾਦ ਕਰਦਾ ਹਾਂ ਅਤੇ ਦੱਸਣਾ ਵੀ ਚਾਹੁੰਦਾ ਹਾਂ ਕਿ ਤਿੰਨ ਕਿਲੋਮੀਟਰ ਸੜਕ ਦਸ ਕਿਲੋਮੀਟਰ ਵਿੱਚੋਂ ਬਣ ਚੁੱਕੀ ਹੈ। ਔਰ ਮੈਂ ਮੰਤਰੀ ਜੀ ਦਾ ਵੀ ਧੰਨਵਾਦ

ਕਰਦਾ ਹਾਂ ਕਿ ਤੁਸੀਂ ਮੈਨੂੰ ਡੇਢ ਸਾਲ ਵਿੱਚ ਐਸ.ਡੀ.ਓ. ਤਾਂ ਨਹੀਂ ਦਿੱਤੇ ਪਰ ਤੁਸੀਂ ਸੜਕ ਜ਼ਰੂਰ ਬਣਾ ਦਿੱਤੀ ਅਤੇ ਜਿਹੜੀਆਂ ਕੀਮਤੀ ਜਾਨਾਂ ਹਨ, ਉਹ ਬਚਾ ਲਈਆਂ। ਇਸ ਲਈ ਪੰਜਾਬ ਸਰਕਾਰ ਅਤੇ ਖਾਸ ਕਰ ਈ.ਟੀ.ਓ. ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਸੜਕ ਉੱਤੇ ਬੜਾ ਜ਼ੋਰ ਲਗਾਇਆ ਪਿਆ ਸੀ। ਤੁਹਾਨੂੰ ਯਾਦ ਹੋਣਾ ਕਿ ਮੈਨੂੰ ਡੇਢ ਸਾਲ ਦਾ ਸਮਾਂ ਹੋ ਗਿਆ ਹੈ, ਕ੍ਰਿਪਾ ਕਰਕੇ ਜਿਹੜਾ ਦੋ ਐਸ.ਡੀ.ਓ. ਰਹਿੰਦੇ ਹਨ, ਉਹ ਵੀ ਕੰਡਾ ਕੱਢ ਦਿਓ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਹੁਣ ਧੰਨਵਾਦ ਹੋ ਗਿਆ ਹੈ। ਕੀ ਮੰਤਰੀ ਜੀ ਜਵਾਬ ਦੇਣਾ ਹੈ? ਹਾਂ ਜੀ, ਸਰਦਾਰ ਹਰਭਜਨ ਸਿੰਘ ਜੀ। ਮੰਤਰੀ ਜੀ, ਮੈਂਬਰ ਸਾਹਿਬ ਕੋਈ ਕੰਡਾ ਕੱਢਣ ਨੂੰ ਕਹਿੰਦੇ ਹਨ ਜੀ। (ਹਾਸਾ)

**ਲੋਕ ਨਿਰਮਾਣ ਮੰਤਰੀ (ਸਰਦਾਰ ਹਰਭਜਨ ਸਿੰਘ)**: ਮਾਣਯੋਗ ਸਪੀਕਰ ਸਾਹਿਬ, ਜਿਹੜੀ ਰੋਡ ਦੀ ਗੱਲ ਮਾਣਯੋਗ ਮੈਂਬਰ ਸਾਹਿਬ ਨੇ ਕੀਤੀ ਹੈ, ਇਹ ਡੇਰਾਬੱਸੀ ਤੋਂ ਹਰਿਆਣਾ ਵਿੱਚ ਬਰਵਾਲਾ ਤੱਕ ਜਾਂਦੀ ਹੈ। ਇਸ ਉੱਤੇ 19 ਕਰੋੜ ਰੁਪਿਆ ਮਨਜ਼ੂਰ ਕੀਤਾ ਜਾ ਚੁੱਕਿਆ ਹੈ ਅਤੇ ਕੰਮ ਪ੍ਰਗਤੀ ਅਧੀਨ ਹੈ। ਪਰੰਤੂ ਹੁਣ ਨੈਸ਼ਨਲ ਹਾਈਵੇਅ ਉੱਤੇ ਕਿਸਾਨੀ ਅੰਦੋਲਨ ਕਰਕੇ ਬਰਵਾਲਾ ਰੋਡ ਜ਼ਿਆਦਾ ਚੱਲ ਰਹੀ ਹੈ। ਕਿਉਂਕਿ ਜ਼ਿਆਦਾ ਟਰੈਫਿਕ ਉੱਧਰ ਨੂੰ ਸ਼ਿਫਟ ਹੋ ਚੁੱਕੀ ਹੈ। ਸੋ, ਪੂਰਾ ਕੰਮ ਸਹੀ ਤਰੀਕੇ ਨਾਲ ਨਹੀਂ ਚੱਲ ਰਿਹਾ ਹੈ। ਪਰ ਫਿਰ ਵੀ ਇਸ ਕੰਮ ਨੂੰ ਅਸੀਂ 12 ਮਹੀਨਿਆਂ ਵਾਸਤੇ ਅਲਾਟ ਕੀਤਾ ਸੀ ਔਰ ਕੰਮ ਕਾਫੀ ਕੰਪਲੀਟ ਵੀ ਹੋ ਚੁੱਕਿਆ ਹੈ। ਅਸੀਂ ਇਸ ਕੰਮ ਨੂੰ ਦਸੰਬਰ, 2024 ਤੱਕ ਹਰ ਹਾਲਤ ਵਿੱਚ ਕੰਪਲੀਟ ਕਰਵਾ ਦੇਵਾਂਗੇ।

**ਸਰਦਾਰ ਕੁਲਜੀਤ ਸਿੰਘ ਰੰਧਾਵਾ**: ਮੰਤਰੀ ਜੀ, ਇਸ ਲਈ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਲੋਕਾਂ ਦਾ ਵਧੀਆ ਦਿਲ ਟਿਕਾ ਦਿੱਤਾ ਹੈ, ਮਨ ਟਿਕ ਗਿਆ ਹੈ। ਪੱਥਰ ਸ਼ੁਰੂ ਹੋ ਗਿਆ ਹੈ, ਕਾਰਪੇਟਿੰਗ ਸ਼ੁਰੂ ਹੋ ਗਈ ਹੈ। ਬਸ ਇੰਨਾ ਕੁ ਖਿਆਲ ਰੱਖਿਓ ਕਿ ਡੇਢ ਸਾਲ ਮੈਨੂੰ ਚੱਕਰ ਮਾਰਦਿਆਂ ਨੂੰ ਹੋ ਗਏ ਹਨ, ਜਿਹੜੇ ਦੋ ਐਸ.ਡੀ.ਓ. ਰਹਿੰਦੇ ਹਨ, ਉਹ ਜ਼ਰੂਰ ਲਗਵਾ ਦਿਓ।

------

## PRESENTATION OF REPORTS OF THE COMMITTEES

**ਮਾਣਯੋਗ ਸਪੀਕਰ :** ਸ੍ਰੀ ਗੁਰਪ੍ਰੀਤ ਬੱਸੀ ਗੋਗੀ, ਚੇਅਰਮੈਨ, ਸਥਾਨਕ ਸੰਸਥਾਵਾਂ ਸਬੰਧੀ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਸਥਾਨਕ ਸੰਸਥਾਵਾਂ ਸੰਬੰਧੀ ਕਮੇਟੀ (ਸ੍ਰੀ ਗੁਰਪ੍ਰੀਤ ਬੱਸੀ ਗੋਗੀ)**: ਮਾਣਯੋਗ ਸਪੀਕਰ ਸਾਹਿਬ, ਮੈਂ ਸਥਾਨਕ ਸੰਸਥਾਵਾਂ ਸਬੰਧੀ ਕਮੇਟੀ ਦੀ ਸਾਲ 2023-24 ਵਿੱਚ ਕੀਤੇ ਗਏ ਆਮ ਕੰਮਕਾਰ ਦੀ ਸਮੀਖਿਆ ਤੇ ਕਮੇਟੀ ਦੀ ਦੂਸਰੀ ਰਿਪੋਰਟ ਸਦਨ ਵਿੱਚ ਪੇਸ਼ ਕਰਦਾ ਹਾਂ।

**ਮਾਣਯੋਗ ਸਪੀਕਰ:** ਸਰਦਾਰ ਗੁਰਪ੍ਰੀਤ ਸਿੰਘ ਬਨਾਂਵਲੀ, ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਦੀ ਰਿਪੋਰਟ ਪੇਸ਼ ਕਰਨ। ਗੋਗੀ ਜੀ, ਤੁਹਾਡੀ ਰਿਪੋਰਟ ਤਾਂ ਹੋ ਗਈ।

**ਸ੍ਰੀ ਗੁਰਪ੍ਰੀਤ ਬੱਸੀ ਗੋਗੀ:** ਸਪੀਕਰ ਸਾਹਿਬ, ਜੇਕਰ ਆਗਿਆ ਹੋਵੇ, ਮੈਂ ਕੁਝ ਤੱਥਾਂ ਬਾਰੇ ਦੱਸ ਦੇਵਾਂ ਕਿਉਂਕਿ ਮੈਂ ਇੱਕ ਸਾਲ ਮਿਹਨਤ ਕੀਤੀ ਹੈ। ਮੈਂ 15 ਕੁ ਮਿੰਟ ਬੋਲ ਲਵਾਂ ਜੀ।

**ਮਾਣਯੋਗ ਸਪੀਕਰ:** ਹਾਂ ਜੀ, ਬੋਲੋ।

**ਸ੍ਰੀ ਗੁਰਪ੍ਰੀਤ ਬੱਸੀ ਗੋਗੀ:** ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਸਦਨ ਦੇ ਸਾਰੇ ਮੈਂਬਰਾਂ ਨੂੰ ਸਥਾਨਕ ਸੰਸਥਾਵਾਂ ਸਬੰਧੀ ਕਮੇਟੀ ਵੱਲੋਂ ਇੱਕ ਸਾਲ ਦੌਰਾਨ ਕੀਤੇ ਗਏ ਕੰਮਕਾਜ ਬਾਰੇ ਦੱਸਣਾ ਚਾਹੁੰਦਾ ਹਾਂ। ਕਮੇਟੀ ਦੀ ਰਿਪੋਰਟ ਜਿਹੜੀ ਕਿ ਹੁਣੇ ਹੀ ਸਦਨ ਸਾਹਮਣੇ ਪੇਸ਼ ਕੀਤੀ ਹੈ, ਇਸ ਵਿੱਚ ਲਗਭਗ ਹਰ ਮੀਟਿੰਗ ਦੀ ਕਾਰਵਾਈ ਦੀ ਡਿਟੇਲ ਵਿੱਚ ਜ਼ਿਕਰ ਕੀਤਾ ਗਿਆ ਹੈ ਪਰ ਮੈਂ ਕੁਝ ਅਤਿ ਮਹੱਤਵਪੂਰਨ ਨੁਕਤਿਆਂ ਬਾਰੇ ਹੀ ਚਾਣਨਾ ਪਾਉਣਾ ਚਾਹੁੰਦਾ ਹਾਂ। ਮੇਰੀ ਸਾਰੇ ਹੀ ਮਾਣਯੋਗ ਮੈਂਬਰਾਂ ਨੂੰ ਚਾਹੇ ਰੂਲਿੰਗ ਵਾਲੇ ਹੋਣ ਜਾਂ ਆਪੋਜ਼ੀਸਨ ਵਾਲੇ ਵੀਰ ਹੋਣ, ਸਭ ਨੂੰ ਗੁਜ਼ਾਰਿਸ਼ ਹੈ ਕਿ ਸਾਰੇ ਕਮੇਟੀ ਦੀ ਰਿਪੋਰਟ ਨੂੰ ਜ਼ਰੂਰ ਪੜ੍ਹਨ। ਇਸ ਸਦਨ ਦੀ ਮਾਰਫਤ ਮੈ ਆਮ ਜਨਤਾ ਨੂੰ ਵੀ ਕਹਾਂਗਾ ਕਿ ਉਹ ਆਨਲਾਈਨ ਨੇਵਾ ਐਪ ਜਾਂ ਵੈਬਸਾਈਟ ਤੇ ਜਾ ਕੇ ਰਿਪੋਰਟ ਪੜ੍ਹ ਸਕਦੇ ਹਨ ਅਤੇ ਆਪਣੀ ਕੀਮਤੀ ਸੁਝਾਅ ਕਮੇਟੀ ਨੂੰ ਵੀ ਦੇ ਸਕਦੇ ਹਨ ਤਾਂ ਕਿ ਅਸੀਂ ਸਾਰੇ ਹੀ ਪੰਜਾਬ ਦੀ ਬਿਹਤਰੀ ਵਾਸਤੇ ਕੰਮ ਕਰ ਸਕੀਏ। ਮੈਂ ਇਸ ਕਮੇਟੀ ਦੇ ਸਾਰੇ ਹੀ ਮੈਂਬਰਾਂ ਵੱਲੋਂ ਦਿੱਤੇ ਗਏ ਯੋਗਦਾਨ ਵਾਸਤੇ ਵੀ ਧੰਨਵਾਦੀ ਹਾਂ।

ਸਪੀਕਰ ਸਾਹਿਬ, ਆਪ ਜੀ ਵੱਲੋਂ ਸਾਲ 2023-24 ਲਈ ਇਹ ਕਮੇਟੀ ਮਿਤੀ 06.06.2023 ਨੂੰ ਨਾਮਜ਼ਦ ਕੀਤੀ ਗਈ ਸੀ। ਕਮੇਟੀ ਨੇ ਰਿਪੋਰਟ ਤਿਆਰ ਕਰਨ ਤੱਕ ਕੁੱਲ 19 ਮੀਟਿੰਗਾਂ ਕੀਤੀਆਂ। ਕਮੇਟੀ ਵੱਲੋਂ ਆਪਣੀਆਂ ਮੀਟਿੰਗਾਂ ਦੌਰਾਨ ਵੱਖ ਵੱਖ ਨਗਰ ਨਿਗਮਾਂ, ਨਗਰ ਸੁਧਾਰ ਟਰੱਸਟਾਂ ਅਤੇ ਨਗਰ ਕੌਂਸਲਾਂ ਦੇ ਬਜਟ, ਉਨ੍ਹਾਂ ਦੇ ਵੱਖ ਵੱਖ ਵਿਕਾਸ ਦੇ ਕੰਮਾਂ, ਉਨ੍ਹਾਂ ਤੋਂ ਪ੍ਰਾਪਤ ਹੋਈਆਂ ਉੱਤਰਮਾਲਾਵਾਂ, ਸਾਲਾਨਾ ਆਡਿਟ ਰਿਪੋਰਟਾਂ, ਅਕਾਊਂਟ ਆਡਿਟਾਂ, 74ਵੀਂ ਸੋਧ ਵਿੱਚ ਦਰਜ ਨੁਕਤਿਆਂ ਨੂੰ ਲਾਗੂ ਕਰਨਾ, ਐਨੂਅਲ ਟੈਕਨੀਕਲ ਇੰਸਪੈਕਸ਼ਨ ਰਿਪੋਰਟ ਆਦਿ ਦੇ ਵਿਭਾਗ ਵੱਲੋਂ ਪ੍ਰਾਪਤ ਹੋਏ ਉੱਤਰਾਂ ਤੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਸਪੀਕਰ ਸਾਹਿਬ, ਐਗਜ਼ਾਮੀਨੇਸ਼ਨ ਦੌਰਾਨ ਕਮੇਟੀ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਨਗਰ ਨਿਗਮ, ਬਠਿੰਡਾ ਵਿੱਚ ਸਾਲ 1953 ਤੋਂ ਕਈ ਆਡਿਟ ਪੈਰ੍ਹੇ ਪੈਂਡਿੰਗ ਚਲੇ ਆ ਰਹੇ ਸਨ। ਪੁੱਛਣ ਤੇ ਜਵਾਬ ਦਿੱਤਾ ਗਿਆ ਕਿ ਸਿਰਫ ਦੋ ਪੈਰਿਆਂ ਸਬੰਧੀ ਰਿਕਵਰੀ ਕਰ ਲਈ ਗਈ ਹੈ ਪਰ ਬਾਕੀ ਪੈਰਿਆਂ ਦਾ ਰਿਕਾਰਡ ਪੁਰਾਣਾ ਹੋਣ ਕਰਕੇ ਅਵੇਲੇਬਲ ਨਹੀਂ ਹੈ, ਜਿਸ ਕਾਰਨ ਇਹੀ ਪਤਾ ਨਹੀਂ ਲੱਗ ਸਕਿਆ ਕਿ ਇਹ ਪੈਰ੍ਹੇ ਕਿੰਨੀ ਰਕਮ ਦੇ ਹਨ। ਵਿਭਾਗ ਨੂੰ ਇਹੋ ਜਿਹੇ ਪੈਂਡਿੰਗ ਪੈਰਿਆਂ ਨੂੰ ਸੈਟਲ ਕਰਨ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਚੰਡੀਗੜ੍ਹ ਦੇ ਨਜ਼ਦੀਕ ਜ਼ੀਰਕਪੁਰ ਅਤੇ ਡੇਰਾਬੱਸੀ ਬਹੁਤ ਤੇਜ਼ੀ ਨਾਲ ਡਿਵੈਲਪ ਹੋ ਰਹੇ ਹਨ। ਇਥੇ ਆਬਾਦੀ ਬਹੁਤ ਵੱਧ ਗਈ ਹੈ। ਪਰ ਇੱਥੋਂ ਦੀਆਂ ਨਗਰ ਕੌਂਸਲਾਂ ਆਮ ਲੋਕਾਂ ਨੂੰ ਪੂਰੀ ਤਰ੍ਹਾਂ ਸਹੂਲਤਾਂ ਦੇਣ

ਵਿੱਚ ਅਸਮਰੱਥ ਲਗਦੀਆਂ ਹਨ। ਇਸ ਕਾਰਨ ਕਮੇਟੀ ਨੇ ਵਿਭਾਗ ਨੂੰ ਸਿਫਾਰਸ਼ ਕੀਤੀ ਕਿ ਨਗਰ ਕੌਂਸਲ, ਜ਼ੀਰਕਪੁਰ ਅਤੇ ਡੇਰਾਬੱਸੀ ਨੂੰ ਮਿਊਂਸਪਲ ਕਾਰਪੋਰੇਸ਼ਨ ਵਿੱਚ ਤਬਦੀਲ ਕਰਨ ਦੇ ਉਪਰਾਲੇ ਕੀਤੇ ਜਾਣ।

**1635/Manika Rani/BS khokhar**
**1640/Gurpreet kaur**

ਮਾਣਯੋਗ ਸਪੀਕਰ ਸਾਹਿਬ, ਕਮੇਟੀ ਦੇ ਧਿਆਨ ਵਿੱਚ ਇਹ ਵੀ ਆਇਆ ਹੈ ਕਿ ਬਿਜਲੀ ਵਿਭਾਗ ਵੱਲੋਂ ਪਬਲਿਕ ਤੋਂ ਬਿਜਲੀ ਚੁੰਗੀ ਅਤੇ ਕਾਓ ਸੈੱਸ ਤਾਂ ਲੈ ਲਿਆ ਜਾਂਦਾ ਹੈ ਪਰ ਅੱਗੇ ਨਗਰ ਕੌਂਸਲਾਂ ਨੂੰ ਪੇਮੈਂਟ ਨਹੀਂ ਕੀਤੀ ਜਾਂਦੀ। ਇਸ ਬਾਰੇ ਵੀ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਬਿਜਲੀ ਚੁੰਗੀ ਅਤੇ ਕਾਊ ਸੈੱਸ ਸਬੰਧੀ ਪ੍ਰਮੁੱਖ ਸਕੱਤਰ, ਲੋਕਲ ਬਾਡੀਜ਼ ਆਪਣੇ ਪੱਧਰ ਤੇ ਬਿਜਲੀ ਵਿਭਾਗ ਨਾਲ ਤਾਲਮੇਲ ਕਰਕੇ ਰੀਕੰਸਾਇਲ ਕਰ ਲੈਣ ਤਾਂ ਕਿ ਪਤਾ ਲੱਗ ਸਕੇ ਕਿ ਸਬੰਧਤ ਨਗਰ ਕੌਂਸਲਾਂ ਨੂੰ ਕਿੰਨੀ ਪੇਮੈਂਟ ਕਰਨੀ ਬਣਦੀ ਹੈ ਤਾਂ ਕਿ ਸਾਡੀਆਂ ਨਗਰ ਕੌਂਸਲਾਂ ਵੀ ਮਜ਼ਬੂਤ ਹੋ ਸਕਣ।

ਮਾਣਯੋਗ ਸਪੀਕਰ ਸਾਹਿਬ, ਕਮੇਟੀ ਵੱਲੋਂ ਪੰਜਾਬ ਦੇ ਪੈਸਿਆਂ ਨੂੰ ਬਚਾਉਣ ਲਈ ਪੈਨੀ ਨਜ਼ਰ ਵੀ ਰੱਖੀ ਗਈ ਹੈ। ਨਗਰ ਕੌਂਸਲ ਨਵਾਂ ਗਾਉਂ ਜਿਹੜੀ ਕਿ ਆਪਣੇ ਤੋਂ ਇੱਕ-ਡੇਢ ਕਿਲੋਮੀਟਰ ਦੀ ਦੂਰੀ ਤੇ ਹੈ, ਉੱਥੇ ਦਾ ਰਿਕਾਰਡ ਹੀ ਗੁੰਮਿਆ ਹੋਇਆ ਹੈ। ਕਾਂਸਲ ਇਨਕਲੇਵ ਜੋ ਕਿ ਬੀ-ਬਲਾਕ ਹੈ, ਉੱਥੇ ਰੀਵਾਈਜ਼ਡ ਤਖਮੀਨੇ ਦਾ ਮਾਮਲਾ ਸੀ। ਸਾਲ 2011 ਵਿੱਚ ਅਸਲ ਐਸਟੀਮੇਟ ਤਿਆਰ ਕੀਤਾ ਗਿਆ ਜਿਵੇਂ ਕਿ ਕਮੇਟੀ ਨੂੰ ਦੱਸਿਆ ਗਿਆ। ਇਸ ਕੇਸ ਦੀਆਂ ਦੋ ਫਾਈਲਾਂ ਤਾਂ ਨਗਰ ਕੌਸਲ ਦੇ ਰਿਕਾਰਡ ਵਿੱਚ ਮੌਜੂਦ ਹਨ ਪਰ ਅਸਲ ਫਾਈਲ ਟਰੇਸ ਹੀ ਨਹੀਂ ਹੋ ਰਹੀ। ਸਬੰਧਤ ਅਧਿਕਾਰੀ ਰਿਟਾਇਰ ਹੋ ਚੁੱਕੇ ਹਨ ਜਾਂ ਦੂਜੇ ਅਧਿਕਾਰੀ ਦੀ ਟਰਾਂਸਫਰ ਹੋ ਚੁੱਕੀ ਹੈ। ਸਪੀਕਰ ਸਾਹਿਬ, ਕਮੇਟੀ ਨੇ ਮਹਿਸੂਸ ਕੀਤਾ ਕਿ ਰਿਵਾਈਜ਼ਡ ਐਸਟੀਮੇਟਾਂ ਰਾਹੀਂ ਜ਼ਿਆਦਾਤਰ ਘਪਲੇ ਹੁੰਦੇ ਹਨ। ਕਾਰਪੋਰੇਸ਼ਨ ਐਕਟ 1976 ਮੁਤਾਬਿਕ ਕਿਸੇ ਵੀ ਨਗਰ ਕੌਂਸਲ ਨੂੰ ਰਿਵਾਈਜ਼ਡ ਐਸਟੀਮੇਟ ਵਿੱਚ ਵੱਧ ਤੋਂ ਵੱਧ 15% ਤੋਂ 25% ਤੱਕ ਦਾ ਵਾਧਾ ਕਰਨ ਦਾ ਹੀ ਅਧਿਕਾਰ ਹੁੰਦਾ ਹੈ ਪਰ ਨਗਰ ਕੌਂਸਲ ਨਵਾਂ ਗਾਉਂ ਵੱਲੋਂ ਸਿੱਧਾ ਹੀ 313% ਦਾ ਵਾਧਾ ਕਰ ਦਿੱਤਾ ਗਿਆ ਅਤੇ ਉਸ ਤੋਂ ਬਾਅਦ ਫਾਈਲ ਗਾਇਬ ਕਰ ਦਿੱਤੀ ਜਦੋਂ ਕਿ ਕੌਂਸਲ ਨੂੰ ਨਵਾਂ ਟੈਂਡਰ ਫਲੋਟ ਕਰਨਾ ਚਾਹੀਦਾ ਸੀ। ਜਿਨ੍ਹਾਂ ਵੀ ਅਧਿਕਾਰੀਆਂ ਦੀ ਇਸ ਕੇਸ ਵਿੱਚ ਮਿਲੀਭੁਗਤ ਹੈ ਚਾਹੇ ਉਹ ਰਿਟਾਇਰ ਜਾਂ ਟਰਾਂਸਫਰ ਹੋ ਗਏ ਹੋਣ ਉਨ੍ਹਾਂ ਤੇ ਵਿਭਾਗ ਵੱਲੋਂ ਨਿਯਮਾਂ ਅਨੁਸਾਰ ਕਾਰਵਾਈ ਕਰਨੀ ਬਣਦੀ ਹੈ ਤਾਂ ਜੋ ਅਜਿਹੀਆਂ ਬੇਨਿਯਮੀਆਂ ਜਾਂ ਸਰਕਾਰ ਨੂੰ ਚੂਨਾ ਲਾਉਣ ਵਾਲੀਆਂ ਹਰਕਤਾਂ ਨਾ ਹੋਵੇ।

ਕਮੇਟੀ ਵੱਲੋਂ ਇਸ ਬਾਰੇ ਸਿਫਾਰਸ਼ ਕੀਤੀ ਗਈ ਕਿ ਗੁੰਮ ਹੋਈ ਫਾਈਲ ਬਾਰੇ ਨਿਯਮਾਂ ਅਨੁਸਾਰ ਐਫ.ਆਈ.ਆਰ. ਦਰਜ ਕਰਵਾਈ ਜਾਵੇ ਅਤੇ ਜਿਸ ਵੀ ਅਧਿਕਾਰੀ ਦੇ ਕੰਟਰੋਲ ਵਿੱਚ ਰਿਕਾਰਡ ਸੀ ਉਸ ਖਿਲਾਫ ਨਿਯਮਾਂ ਅਨੁਸਾਰ ਕਾਰਵਾਈ ਕਰਕੇ 30 ਦਿਨਾਂ ਦੇ ਅੰਦਰ ਅੰਦਰ ਰਿਪੋਰਟ ਕਮੇਟੀ ਨੂੰ ਭੇਜਣ ਬਾਰੇ ਕਿਹਾ ਸੀ। ਕਮੇਟੀ ਨੇ ਮਹਿਸੂਸ ਕੀਤਾ ਕਿ ਇਸ ਵਿੱਚ ਸਰਾਸਰ ਘਪਲੇਬਾਜ਼ੀ ਕੀਤੀ ਗਈ ਹੈ। ਇਸ ਵਾਸਤੇ ਵੀ ਕਮੇਟੀ ਨੇ ਵਿਭਾਗ ਨੂੰ ਸਹੀ

ਤੱਥਾਂ ਉੱਪਰ ਅਧਾਰਤ ਇੱਕ ਡਿਟੇਲਡ ਰਿਪੋਰਟ ਕਮੇਟੀ ਦੇ ਜਾਣਕਾਰੀ ਹਿੱਤ ਭੇਜਣ ਲਈ ਲਿਖਿਆ ਗਿਆ ਸੀ ਪਰੰਤੂ ਬੜੇ ਹੀ ਖੇਦ ਨਾਲ ਸਦਨ ਨੂੰ ਦੱਸਣਾ ਪੈ ਰਿਹਾ ਹੈ ਕਿ ਵਿਭਾਗ ਵੱਲੋਂ ਇਸ ਸਬੰਧੀ ਕੀਤੀ ਗਈ ਕਾਰਵਾਈ ਬਾਰੇ ਕਮੇਟੀ ਨੂੰ ਅੱਜ ਤੱਕ ਜਾਣੂ ਕਰਵਾਉਣ ਦੀ ਖੇਚਲ ਨਹੀਂ ਕੀਤੀ ਗਈ।

ਸਪੀਕਰ ਸਾਹਿਬ, ਪਿਛਲੇ ਸਾਲ ਕਮੇਟੀ ਨੇ ਵਿਭਾਗ ਨੂੰ ਹਦਾਇਤ ਕੀਤੀ ਸੀ ਕਿ ਮਾਰਚ, 2017 ਤੱਕ ਜਿੰਨੇ ਵੀ ਪੈਰ੍ਹੇ ਹਨ ਉਨ੍ਹਾਂ ਨੂੰ ਸੈਟਲ ਕਰਨ ਲਈ ਇੱਕ ਵਿਭਾਗੀ ਕਮੇਟੀ ਬਣਾਈ ਜਾਵੇ। ਵਿਭਾਗ ਵੱਲੋਂ ਪੰਜਾਬ ਪੱਧਰੀ 3 ਮੈਂਬਰੀ ਕਮੇਟੀ ਦੁਆਰਾ ਕੀਤੀ ਗਈ ਕਾਰਗੁਜ਼ਾਰੀ ਦੀ ਰਿਪੋਰਟ ਕਮੇਟੀ ਮੈਂਬਰਾਂ ਸਾਹਮਣੇ ਪੇਸ਼ ਕੀਤੀ। ਵਿਭਾਗੀ ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਪੈਰਿਆਂ ਵਿੱਚੋਂ ਜ਼ਿਆਦਾਤਰ ਪੈਰ੍ਹੇ ਬਹੁਤ ਪੁਰਾਣੇ ਅਤੇ ਪ੍ਰੋਸੀਜ਼ਰਲ ਨੇਚਰ ਦੇ ਹਨ ਜਦੋਂ ਕਿ ਰਿਕਵਰੀ ਨਾਲ ਸਬੰਧਤ ਪੈਰ੍ਹੇ ਬਹੁਤ ਘੱਟ ਹਨ। ਲਗਭਗ 40% ਪੈਰ੍ਹੇ ਹੀ ਰਿਕਵਰੀ ਨਾਲ ਸਬੰਧਤ ਹਨ ਅਤੇ ਇਹ ਵੀ ਬਹੁਤ ਘੱਟ ਅਮਾਊਂਟ ਜਿਵੇਂ ਕਿ 40 ਰੁਪਏ, 60 ਰੁਪਏ ਦੀ ਰਿਕਵਰੀ ਵਾਲੇ ਹਨ। ਇਨ੍ਹਾਂ ਪੈਰਿਆਂ ਵਿੱਚੋਂ ਕੁਝ ਪੈਰ੍ਹੇ 1960 ਤੋਂ ਪਹਿਲਾਂ ਵਾਲੇ ਵੀ ਹਨ।

ਕਮੇਟੀ ਨੇ ਮਹਿਸੂਸ ਕੀਤਾ ਕਿ 1960 ਤੋਂ ਪਹਿਲਾਂ ਵਾਲੇ ਪੈਰ੍ਹੇ ਬਹੁਤ ਹੀ ਘੱਟ ਅਮਾਊਂਟ ਦੀ ਰਿਕਵਰੀ ਵਾਲੇ ਹਨ। ਸਰਕਾਰ ਇਨ੍ਹਾਂ ਪੈਂਡਿੰਗ ਪੈਰਿਆਂ ਨੂੰ ਸੈਟਲ ਕਰਨ ਵਾਸਤੇ ਕੋਈ ਮੈਕੇਨਿਜ਼ਮ ਅਪਣਾਏ ਅਤੇ ਕੋਈ ਟਾਈਮ ਲਿਮਟ ਫਰੇਮ ਕੀਤੀ ਜਾਣੀ ਚਾਹੀਦੀ ਹੈ। ਇਸੇ ਕਰਕੇ ਕਮੇਟੀ ਨੇ ਆਡਿਟ ਵਿਭਾਗ ਨੂੰ ਸਿਫਾਰਸ਼ ਕੀਤੀ ਕਿ ਕਿਸੇ ਵੀ ਆਡਿਟ ਪੈਰ੍ਹੇ ਨੂੰ ਬਣਨ ਤੋਂ ਬਾਅਦ 5 ਸਾਲ ਦੇ ਅੰਦਰ ਅੰਦਰ ਇਨ੍ਹਾਂ ਪੈਰਿਆਂ ਨੂੰ ਸੈਟਲ ਕਰਨ ਸਬੰਧੀ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ। ਜੇਕਰ 5 ਸਾਲਾਂ ਦੇ ਅੰਦਰ ਅੰਦਰ ਆਡਿਟ ਪੈਰ੍ਹੇ ਸੈਟਲ ਨਹੀਂ ਕੀਤੇ ਜਾਂਦੇ ਤਾਂ ਇਸ ਸਬੰਧੀ ਆਡਿਟ ਵਿਭਾਗ ਦੇ ਅਧਿਕਾਰੀਆਂ ਦੀ ਜ਼ਿੰਮੇਵਾਰੀ ਫਿਕਸ ਕੀਤੀ ਜਾਣੀ ਚਾਹੀਦੀ ਹੈ। ਇਸ ਦੇ ਨਾਲ ਹੀ ਜੇਕਰ ਸਥਾਨਕ ਸਰਕਾਰ ਵਿਭਾਗ ਦੇ ਪੱਧਰ ਤੇ ਇਨ੍ਹਾਂ ਪੈਰਿਆਂ ਨੂੰ ਸੈਟਲ ਕਰਨ ਸਬੰਧੀ ਢਿੱਲੀ ਕਾਰਗੁਜ਼ਾਰੀ ਕੀਤੀ ਜਾਵੇਗੀ ਤਾਂ ਸਥਾਨਕ ਸੰਸਥਾਵਾਂ ਦੇ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੀ ਜ਼ਿੰਮੇਵਾਰੀ ਫਿਕਸ ਕੀਤੀ ਜਾਣੀ ਚਾਹੀਦੀ ਹੈ।

ਸਪੀਕਰ ਸਾਹਿਬ, ਕਮੇਟੀ ਨੇ ਆਮ ਜਨਤਾ ਦੀਆ ਮੰਗਾਂ ਉੱਪਰ ਵੀ ਗੌਰ ਕੀਤਾ। ਪੰਜਾਬ ਵਿੱਚ ਕੋਈ ਲੋਕ 15-20 ਸਾਲ ਤੋਂ ਵੱਧ ਟਾਈਮ ਤੋਂ ਕਾਰਪੋਰੇਸ਼ਨ ਜਾਂ ਟਰੱਸਟਾਂ ਦੀਆਂ ਜ਼ਮੀਨਾਂ ਉੱਪਰ ਮਕਾਨ ਪਾ ਕੇ ਬੈਠੇ ਹਨ। ਕਮੇਟੀ ਨੇ ਸੁਝਾਅ ਦਿੱਤਾ ਕਿ ਜਿਹੜੇ ਬੰਦੇ ਇੰਪਰੂਵਮੈਂਟ ਟਰੱਸਟਾਂ/ਨਗਰ ਨਿਗਮਾਂ ਦੀਆ ਜ਼ਮੀਨਾਂ ਤੇ 15/20 ਸਾਲਾਂ ਤੋਂ ਕਬਜ਼ਾ ਕਰਕੇ ਮਕਾਨ ਬਣਾਈ ਬੈਠੇ ਹਨ ਉਨ੍ਹਾਂ ਨਾਲ ਵਨ ਟਾਈਮ ਸੈਟਲਮੈਂਟ ਕਰਦੇ ਹੋਏ ਜਗ੍ਹਾ ਦਾ ਮੁੱਲ ਲੈ ਲਿਆ ਜਾਵੇ। ਇਸ ਨਾਲ ਇੰਪਰੂਵਮੈਂਟ ਟਰੱਸਟਾਂ ਦੀ ਆਮਦਨ ਵੀ ਵਧੇਗੀ ਅਤੇ ਲੋਕ ਬੇਘਰ ਵੀ ਨਹੀਂ ਹੋਣਗੇ।

ਸਪੀਕਰ ਸਾਹਿਬ, ਪੰਜਾਬ ਵਿੱਚ ਜਿੰਨੀਆਂ ਨਗਰ ਨਿਗਮਾਂ ਜਾਂ ਟਰੱਸਟ ਆਦਿ ਹਨ, ਉਨ੍ਹਾਂ ਵੱਲੋਂ ਸ਼ੋਅਰੂਮ ਬਣਾ ਕੇ ਵੇਚ ਦਿੱਤੇ ਜਾਂਦੇ ਹਨ। ਸ਼ੋਅਰੂਮ ਬਣਾਉਣ ਤੋਂ ਬਾਅਦ ਰੂਫ ਰਾਈਟਜ਼ ਸਰਕਾਰ ਕੋਲ ਹੁੰਦੇ ਹਨ ਪਰ ਲੋਕਾਂ ਦੀ ਡਿਮਾਂਡ ਹੈ ਕਿ ਜੇਕਰ ਉਨ੍ਹਾਂ ਨੂੰ ਰੂਫ ਰਾਈਟਜ਼ ਦੇ ਦਿੱਤੇ ਜਾਣ ਤਾਂ ਉਹ ਸਰਕਾਰ ਵੱਲੋਂ ਫਿਕਸ ਰੇਟ ਦੇ ਦੇਣਗੇ। ਇਸ ਨਾਲ

ਸਰਕਾਰ ਨੂੰ ਰੈਵੇਨਿਊ ਆਵੇਗਾ ਅਤੇ ਇਹ ਜਗ੍ਹਾ ਵੀ ਸ਼ੋਅਰੂਮ ਵਾਲਿਆ ਦੇ ਕੰਮ ਆ ਜਾਵੇਗੀ। ਇਸ ਨਾਲ ਲੋਕ ਵੀ ਖੁਸ਼ ਹੋਣਗੇ ਅਤੇ ਸਰਕਾਰ ਨੂੰ ਆਮਦਨ ਹੋਵੇਗੀ। ਲੋਕਾਂ ਦੀਆਂ ਮੁਸ਼ਕਿਲਾਂ ਨੂੰ ਦੇਖਦੇ ਹੋਏ ਕਮੇਟੀ ਨੇ ਸਿਫਾਰਸ਼ ਕੀਤੀ ਕਿ ਸਥਾਨਕ ਸਰਕਾਰ ਵਿਭਾਗ ਸ਼ੋਅਰੂਮਾਂ ਦੀਆਂ ਛੱਤਾਂ ਸਬੰਧਤ ਖਰੀਦਦਾਰਾਂ ਨੂੰ ਵੇਚਣ ਸਬੰਧੀ ਵਨ ਟਾਈਮ ਸੈਟਲਮੈਂਟ ਪਾਲਿਸੀ ਤਿਆਰ ਕਰਨੀ ਚਾਹੀਦੀ ਹੈ ਤਾਂ ਕਿ ਸ਼ੋਅਰੂਮ ਦੇ ਖਰੀਦਦਾਰ ਉਨ੍ਹਾਂ ਦਾ ਇਸਤੇਮਾਲ ਕਰ ਸਕਣ ਅਤੇ ਸਰਕਾਰ ਨੂੰ ਵੱਧ ਤੋਂ ਵੱਧ ਰੈਵੇਨਿਊ ਪ੍ਰਾਪਤ ਹੋ ਸਕੇ।

ਸਪੀਕਰ ਸਾਹਿਬ, ਜਦੋਂ ਇੰਪਰੂਵਮੈਂਟ ਟਰੱਸਟ ਜਾਂ ਕਾਰਪੋਰੇਸ਼ਨ ਦੇ ਫਲੈਟਸ ਵੇਚੇ ਜਾਂਦੇ ਹਨ ਤਾਂ ਲੋਕ ਜੀ.ਪੀ.ਏ. ਉੱਤੇ ਫਲੈਟਸ ਖਰੀਦ ਲੈਂਦੇ ਹਨ ਅਤੇ ਕਈ ਵਾਰੀ ਕੋਈ ਰਜਿਸਟਰੀ ਨਹੀਂ ਕਰਵਾ ਸਕਦਾ। ਹੋਰ ਚਾਰ ਪੰਜ ਸਾਲ ਸਾਲ ਪ੍ਰਾਪਰਟੀ ਦਾ ਰੇਟ ਵੀ ਵੱਧ ਜਾਂਦਾ ਹੈ। owner abroad ਚਲਾ ਜਾਂਦਾ ਹੈ। ਪੈਸੇ ਦੀ ਡਿਮਾਂਡ ਹੋਰ ਕਰਦਾ ਹੈ ਪਰੰਤੂ ਇਸ ਵਿੱਚ ਸਫਰ ਜੀ.ਪੀ.ਏ. ਹੋਲਡਰ ਹੁੰਦਾ ਹੈ, ਜਿਸ ਨੇ ਫਲੈਟ ਲਿਆ ਹੁੰਦਾ ਹੈ। ਉਹ ਖੱਜਲ ਹੁੰਦਾ ਹੈ। ਸੋ ਉਸ ਲਈ ਵਨ ਟਾਈਮ ਸੈਟਲਮੈਂਟ ਲਿਆ ਕੇ ਲੋਕਾਂ ਨੂੰ ਰਜਿਸਟਰੀਆਂ ਕਰਵਾ ਦੇਈਏ ਅਤੇ ਇਸ ਲਈ ਅਖਬਾਰਾਂ ਵਿੱਚ ਐਡ ਦੇ ਕੇ ਜਨਰਲ ਪਬਲਿਕ ਤੋਂ ਓਬਜੈਕਸ਼ਨ ਮੰਗ ਲਏ ਜਾਣ।

**1645/Rajneet Kaur**

ਇਸ ਤੋਂ ਬਾਅਦ ਜੀ.ਪੀ.ਏ. ਹੋਲਡਰ ਤੋਂ ਅਸੀਂ ਐਫੀਡੈਵਿਟ ਲੈ ਲਈਏ ਕਿ ਇਸ ਵਿੱਚ ਕੋਈ ਗੜਬੜ ਹੋਵੇਗੀ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਇਸ ਨਾਲ ਮੈਨੂੰ ਲਗਦਾ ਹੈ ਕਿ ਲੋਕਾਂ ਨੂੰ ਵੀ ਰਾਹਤ ਮਿਲੇਗੀ ਅਤੇ ਖਜ਼ਾਨੇ ਵਿੱਚ ਵੀ ਭਰਪੂਰ ਪੈਸਾ ਆਉਣ ਦੀ ਉਮੀਦ ਹੈ। ਜੇਕਰ ਇਨ੍ਹਾਂ ਤਿੰਨਾਂ ਵਾਸਤੇ ਵਨ ਟਾਈਮ ਸੈਟਲਮੈਂਟ ਪਾਲਿਸੀ ਬਣਾਈ ਜਾਵੇ ਤਾਂ ਮਸਲੇ ਹੱਲ ਹੋ ਸਕਦੇ ਹਨ। ਇਸ ਨਾਲ ਟਰੱਸਟਾਂ ਤੋਂ ਵੀ ਸਰਕਾਰ ਨੂੰ ਭਾਰੀ ਰੈਵੇਨਿਊ ਆਵੇਗਾ।

ਸਪੀਕਰ ਸਾਹਿਬ, ਪੂਰੇ ਪੰਜਾਬ ਨੂੰ ਪਤਾ ਹੈ ਕਿ ਲੁਧਿਆਣੇ ਦੇ ਸਿਟੀ ਸੈਂਟਰ ਦਾ ਮਸਲਾ ਲੰਮੇ ਸਮੇਂ ਤੋਂ ਪੈਂਡਿੰਗ ਪਿਆ ਹੈ। ਇਸ ਦਾ ਜਲਦ ਹੀ amicably ਢੰਗ ਨਾਲ ਹੱਲ ਕੱਢਿਆ ਜਾਣਾ ਜ਼ਰੂਰੀ ਹੈ। ਸਰਕਾਰਾਂ ਦਾ ਪਹਿਲਾਂ ਹੀ ਇਸ ਪ੍ਰਾਜੈਕਟ ਵਿੱਚ ਪੈਸਾ ਜ਼ਾਇਆ ਹੋ ਚੁੱਕਾ ਹੈ। ਇਸ ਲਈ ਲੋਕ ਹਿੱਤ ਨੂੰ ਅਤੇ ਸਰਕਾਰੀ ਖਜ਼ਾਨੇ ਨੂੰ ਧਿਆਨ ਵਿੱਚ ਰੱਖਦੇ ਹੋਏ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਮਾਣਯੋਗ ਮੁੱਖ ਮੰਤਰੀ, ਪੰਜਾਬ ਦੀ ਪ੍ਰਧਾਨਗੀ ਵਿੱਚ ਇੱਕ ਹਾਈ ਪਾਵਰਡ ਕਮੇਟੀ ਨਿਯੁਕਤ ਕੀਤੀ ਜਾਵੇ ਜਿਸ ਵਿੱਚ ਮਾਣਯੋਗ ਵਿੱਤ ਮੰਤਰੀ, ਮੁੱਖ ਸਕੱਤਰ, ਪੰਜਾਬ, ਪ੍ਰਮੁੱਖ ਸਕੱਤਰ, ਸਥਾਨਕ ਸਰਕਾਰਾਂ ਵਿਭਾਗ, ਐਡਵੋਕੇਟ ਜਨਰਲ, ਪੰਜਾਬ ਮੈਂਬਰ ਹੋਣ ਤਾਂ ਕਿ ਦੂਸਰੀ ਧਿਰ ਨਾਲ amicably ਹੱਲ ਕੱਢਿਆ ਜਾ ਸਕੇ ਤੇ ਇਹ ਜਗ੍ਹਾ ਛੁਡਾਈ ਜਾ ਸਕੇ। ਜਿੰਨੀ ਵੀ ਕੰਪਨਸੇਸ਼ਨ ਦੇਣੀ ਬਣਦੀ ਹੈ, ਪੰਜਾਬ ਵਿੱਚ ਅਲੱਗ ਅਲੱਗ ਥਾਵਾਂ ਤੇ ਪਈਆਂ ਥੋੜ੍ਹੇ ਥੋੜ੍ਹੇ ਚੰਕ ਵਿੱਚ ਐਡਜਸਟਮੈਂਟ ਕਰਵਾ ਦਿੱਤੀ ਜਾਵੇ। ਕਿਉਂਕਿ 30-32 ਏਕੜ ਦੀ ਇਹ ਜਗ੍ਹਾ ਬਹੁਤ ਬੜੀ ਪ੍ਰੋਮੀਨੈਂਟ ਜਗ੍ਹਾ ਹੈ। ਕੱਲ੍ਹ ਨੂੰ ਇੱਥੇ ਕੋਈ ਹਸਪਤਾਲ ਜਾਂ ਕੋਈ ਸ਼ਹਿਰ ਵਾਸਤੇ ਕਾਲਜ ਬਣਾਇਆ ਜਾ ਸਕਦਾ ਹੈ।

ਸਪੀਕਰ ਸਾਹਿਬ, ਕਈ ਵਾਰ ਲੋਕ ਭਲਾਈ ਦੇ ਕੰਮ ਇਹ ਕਰਕੇ ਲਟਕ ਜਾਂਦੇ ਹਨ ਕਿ ਐਸਟੀਮੇਟ ਪਾਸ ਨਹੀਂ ਹੁੰਦੇ। ਇਸ ਲਈ ਕਮੇਟੀ ਨੇ ਲੋਕ ਹਿੱਤ ਵਿੱਚ ਸਿਫਾਰਸ਼ ਕੀਤੀ ਹੈ ਕਿ 69 ਸੈਕਸ਼ਨ ਏ ਦੇ ਤਹਿਤ ਵੱਖ ਵੱਖ ਟਰੱਸਟਾਂ ਦੇ ਜਿੰਨੇ ਵੀ ਐਸਟੀਮੇਟ ਬਣੇ ਹਨ, ਉਹ ਰੋਕੇ ਨਹੀਂ ਜਾਣੇ ਚਾਹੀਦੇ ਅਤੇ ਜਲਦੀ ਪਾਸ ਕੀਤੇ ਜਾਣ ਤਾਂ ਕਿ ਲੋਕ ਭਲਾਈ ਦੇ ਕੰਮ ਸਮੇਂ ਸਿਰ ਨੇਪਰੇ ਚੜ੍ਹ ਸਕਣ।

ਸਪੀਕਰ ਸਾਹਿਬ, ਕਮੇਟੀ ਨੇ ਇਹ ਵੀ ਮਹਿਸੂਸ ਕੀਤਾ ਹੈ ਕਿ ਵਿਭਾਗ ਦੇ ਕਈ ਕੇਸ ਅਦਾਲਤਾਂ ਵਿੱਚ ਚੱਲ ਰਹੇ ਹਨ ਅਤੇ ਉਨ੍ਹਾਂ ਦੀ ਸਹੀ ਢੰਗ ਨਾਲ ਪੈਰਵਾਈ ਨਹੀਂ ਹੁੰਦੀ। ਜਿਸ ਕਾਰਨ ਵਿਭਾਗ ਕੇਸ ਹਾਰ ਜਾਂਦਾ ਹੈ, ਵਕੀਲਾਂ ਨੂੰ ਤਾਂ ਫੀਸ ਮਿਲ ਜਾਂਦੀ ਹੈ ਪਰ ਵਿਭਾਗ ਨੂੰ ਕੋਈ ਵੀ ਲਾਭ ਨਹੀਂ ਮਿਲਦਾ। ਇਸ ਕਰਕੇ ਸਪੀਕਰ ਸਾਹਿਬ, ਕਮੇਟੀ ਨੇ ਵਿਭਾਗ ਨੂੰ ਇਹ ਵੀ ਸਿਫਾਰਸ਼ ਕਰਦਾ ਹੈ ਕਿ ਜਿਹੜੇ ਵੀ ਵਕੀਲ ਪੈਨਲ ਤੇ ਰੱਖੇ ਹੋਏ ਹੁੰਦੇ ਹਨ, ਉਨ੍ਹਾਂ ਦਾ ਰਿਕਾਰਡ ਚੈੱਕ ਕੀਤਾ ਜਾਵੇ, ਉਨ੍ਹਾਂ ਨੇ ਕਿੰਨੇ ਕੇਸ ਜਿੱਤੇ ਹਨ ਅਤੇ ਕਿੰਨੇ ਹਾਰੇ ਹਨ। ਜਿਹੜੇ ਵਕੀਲ ਸਾਰੇ ਕੇਸ ਹਾਰਦੇ ਹਨ, ਉਨ੍ਹਾਂ ਨੂੰ ਡੀ-ਪੈਨਲ ਕੀਤਾ ਜਾਵੇ।

ਵੱਖ ਵੱਖ ਲੋਕਲ ਬਾਡੀਜ਼ ਦੇ ਕੰਮਕਾਜ ਦੇ ਨਿਰੀਖਣ ਦੌਰਾਨ ਕੁਝ ਹੋਰ ਮਹੱਤਵਪੂਰਨ ਗੱਲਾਂ ਕਮੇਟੀ ਦੇ ਧਿਆਨ ਵਿੱਚ ਆਈਆਂ ਹਨ। ਕਮੇਟੀ ਨੇ ਮਹਿਸੂਸ ਕੀਤਾ ਹੈ ਕਿ ਵਿਭਾਗ ਵੱਲੋਂ ਆਡਿਟ ਆਬਜੈਕਸ਼ਨ ਜਾਂ ਕਮੇਟੀ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਦੇ ਜਵਾਬ ਸਮੇਂ ਸਿਰ ਨਹੀਂ ਭੇਜੇ ਜਾਂਦੇ। ਖਾਸ ਕਰਕੇ ਗਬਨ ਨਾਲ ਸਬੰਧਤ ਆਡਿਟ ਪੈਰਿਆਂ ਤੇ ਸਮਾਂ ਰਹਿੰਦੇ ਕਾਰਵਾਈ ਵੀ ਨਹੀਂ ਹੁੰਦੀ। ਗਬਨ ਆਦਿ ਦੇ ਕੇਸ ਫਿਰ ਲਮਕਾਅ ਅਵਸਥਾ ਵਿੱਚ ਪੈ ਜਾਂਦੇ ਹਨ ਅਤੇ ਕਾਰਵਾਈ ਵਿੱਚ ਦੇਰੀ ਹੋਣ ਕਾਰਨ ਦੋਸ਼ੀ ਮੁਲਾਜ਼ਮ ਬਚ ਨਿਕਲਦੇ ਹਨ, ਕਈ ਰਿਟਾਇਰ ਹੋ ਜਾਂਦੇ ਹਨ ਅਤੇ ਕਈ ਸਵਰਗਵਾਸ ਹੋ ਜਾਂਦੇ ਹਨ, ਇਨ੍ਹਾਂ ਹਾਲਾਤਾਂ ਵਿੱਚ ਵਿਭਾਗ ਵੱਲੋਂ ਗਬਨ ਹੋਈ ਸਰਕਾਰੀ ਰਕਮ ਦੀ ਰਿਕਵਰੀ ਮੁਸ਼ਕਿਲ ਹੋ ਜਾਂਦੀ ਹੈ।

ਕਮੇਟੀ ਨੇ ਐਗਜ਼ਾਮੀਨੇਸ਼ਨ ਦੌਰਾਨ ਇਹ ਮਹਿਸੂਸ ਕੀਤਾ ਕਿ ਪੰਜਾਬ ਵਿੱਚ ਕਾਫੀ ਨਗਰ ਨਿਗਮਾਂ ਤੇ ਟਰੱਸਟਾਂ ਵੱਲੋਂ ਪ੍ਰਾਪਰਟੀ ਟੈਕਸ ਦਾ ਟਾਰਗੇਟ ਬਹੁਤ ਹੀ ਘੱਟ ਰੱਖਿਆ ਹੈ। ਉੱਥੋਂ ਪ੍ਰਾਪਰਟੀ ਟੈਕਸ ਦੀ ਰਿਕਵਰੀ ਇੱਕ ਤਾਂ ਜਲਦੀ ਕੀਤੀ ਜਾਵੇ ਅਤੇ ਇਹ ਟਾਰਗੇਟ ਹੋਰ ਵਧਾਇਆ ਜਾਵੇ।

**ਮਾਣਯੋਗ ਸਪੀਕਰ :** ਸਭਾਪਤੀ ਜੀ, ਸਾਰੀ ਰਿਪੋਰਟ ਹੀ ਪੜ੍ਹਨੀ ਹੈ? ਪਲੀਜ਼, ਇਸ ਨੂੰ ਬਰੀਫ ਰੱਖਿਆ ਕਰੋ ਜੀ, ਇਹ ਸਿਰਫ ਦੋ ਜਾਂ ਚਾਰ ਮਿੰਟ ਲਈ ਹੀ ਹੋਵੇ। ਇਹ ਰਿਪੋਰਟ ਤੁਸੀਂ ਪੇਸ਼ ਕਰਨੀ ਹੁੰਦੀ ਹੈ, ਬਾਅਦ ਵਿੱਚ ਸਾਰੇ ਆਨਰੇਬਲ ਮੈਂਬਰ ਨੇ ਡਿਸਕਸ ਕਰਨੀ ਹੁੰਦੀ ਹੈ।

**ਸ੍ਰੀ ਗੁਰਪ੍ਰੀਤ ਬੱਸੀ ਗੋਗੀ:** ਨਹੀਂ ਜੀ, ਬਸ ਐਂਡ ਤੇ ਹੀ ਲਿਆ ਰਿਹਾ ਹਾਂ ਜੀ। ਇਹ ਲਾਸਟ ਹੈ ਜੀ।

ਸਪੀਕਰ ਸਾਹਿਬ, ਕਮੇਟੀ ਨੇ ਇਹ ਵੀ ਮਹਿਸੂਸ ਕੀਤਾ ਹੈ ਕਿ ਲੋਕਲ ਬਾਡੀਜ਼ ਦੇ ਵੱਖ ਵੱਖ ਸਟਾਫ ਨੂੰ need based ਟ੍ਰੇਨਿੰਗ ਦੀ ਵੀ ਲੋੜ ਹੈ। ਜੇਕਰ ਸਟਾਫ ਹੀ ਟਰੇਂਡ ਨਹੀਂ ਹੋਵੇਗਾ ਤਾਂ ਉਹ ਅਸਰਦਾਰ ਢੰਗ ਨਾਲ ਪਬਲਿਕ

ਸਰਵਿਸ ਨਹੀਂ ਕਰ ਸਕਣਗੇ। ਜੇਕਰ ਉਹ ਆਪਣੀ ਕਾਰਜ ਕੁਸ਼ਲਤਾ ਨਾਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲੋਕਾਂ ਨੂੰ ਆਪਣੀਆਂ ਸੇਵਾਵਾਂ ਦਿੰਦੇ ਹਨ ਤਾਂ ਵਿਭਾਗ ਨੂੰ ਆਪਣੀਆਂ ਸਕੀਮਾਂ ਅਤੇ ਸੇਵਾਵਾਂ ਲੋਕਾਂ ਨੂੰ ਦੇਣ ਵਿੱਚ ਸਹੂਲਤ ਮਿਲੇਗੀ ਅਤੇ ਲੋਕਾਂ ਦੇ ਕੰਮ ਸਮੇਂ ਸਿਰ ਅਤੇ ਤੇਜ਼ੀ ਨਾਲ ਮੁਕੰਮਲ ਹੋਣਗੇ। ਇਸ ਲਈ ਕਮੇਟੀ ਨੇ ਸਿਫਾਰਸ਼ ਕੀਤੀ ਕਿ ਲੋਕਲ ਬਾਡੀਜ਼ ਵਿੱਚ ਵੱਖ ਵੱਖ ਕੈਟਾਗਿਰੀਆਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਘੱਟੋ ਘੱਟ ਤਿੰਨ ਮਹੀਨੇ ਦੀ need based ਟ੍ਰੇਨਿੰਗ ਲਾਜ਼ਮੀ ਕੀਤੀ ਜਾਵੇ ਤਾਂ ਜੋ ਵਿਭਾਗ ਦੇ ਸਾਰੇ ਅਧਿਕਾਰੀ/ਕਰਮਚਾਰੀ ਐਫੀਸ਼ੈਂਟਲੀ ਆਪਣੀਆਂ ਸੇਵਾਵਾਂ ਲੋਕਾਂ ਨੂੰ ਦੇ ਸਕਣ।

ਸਪੀਕਰ ਸਾਹਿਬ, ਅੰਤ ਵਿੱਚ ਮੈਂ ਵਿਧਾਨ ਸਭਾ ਦੇ ਕਮੇਟੀ ਦੇ ਸਟਾਫ ਮੈਂਬਰਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਕਮੇਟੀ ਦੀ ਮਦਦ ਕੀਤੀ। ਮੈਂ ਵਿਸ਼ੇਸ਼ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਕਮੇਟੀ ਦੇ ਅਫਸਰ ਈਸ਼ਵਰ ਦੱਤ ਸ਼ਰਮਾ ਦਾ ਜਿਸ ਨੇ ਬੜੀ ਮਿਹਨਤ, ਲਗਨ ਅਤੇ ਐਫੀਸ਼ਿਐਂਟਲੀ ਕਮੇਟੀ ਦੇ ਕੰਮ ਕਾਜ ਨੂੰ ਸੰਭਾਲਿਆ। ਕਮੇਟੀ ਨੂੰ ਆਊਟਸਟੈਂਡਿੰਗ ਸੇਵਾਵਾਂ ਦਿੱਤੀਆਂ। ਸਾਡੀ ਸਾਰੀ ਕਮੇਟੀ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਵਿਧਾਨ ਸਭਾ ਵਿੱਚ ਅਜਿਹੇ ਮਿਹਨਤੀ ਅਫਸਰ ਵੀ ਹਨ। ਅੰਤ ਵਿੱਚ ਮੈਂ ਈਸ਼ਵਰ ਦੱਤ ਸ਼ਰਮਾ ਜੀ ਦਾ, ਦਵਿੰਦਰ ਸਿੰਘ ਜੀ ਦਾ, ਸਤੀਸ਼ ਕੁਮਾਰ ਜੀ ਦਾ, ਪ੍ਰਦੀਪ ਕੌਰ ਜੀ ਦਾ, ਰਾਜ ਕੁਮਾਰ ਜੀ ਦਾ, ਰਾਜਕਰਨ ਰਾਣਾ ਜੀ ਦਾ ਅਤੇ ਸਾਰੇ ਹਾਊਸ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਧੰਨਵਾਦ। (ਥੰਪਿੰਗ)

**1645/Rajneet Kaur/Rajneesh kumar**
**1650/Kuldeep kaur**

**ਮਾਣਯੋਗ ਸਪੀਕਰ:** ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ, ਸਭਾਪਤੀ, ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤਵਿਧੀਆਂ ਸਬੰਧੀ ਕਮੇਟੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤਵਿਧੀਆਂ ਸਬੰਧੀ ਕਮੇਟੀ (ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ):** ਮਾਣਯੋਗ ਸਪੀਕਰ ਸਾਹਿਬ, ਮੈਂ ਕਮੇਟੀ ਵੱਲੋਂ ਅਧਿਕਾਰ ਦਿੱਤੇ ਜਾਣ ਤੇ ਸਾਲ 2023-24 ਦੀ ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਦੀ ਰਿਪੋਰਟ ਅਜ਼ੀਮ ਸਦਨ ਵਿੱਚ ਰੱਖਦਾ ਹਾਂ।

**ਮਾਣਯੋਗ ਸਪੀਕਰ:** ਤੁਹਾਨੂੰ ਬੋਲਣ ਲਈ 5 ਮਿੰਟ ਦਾ ਸਮਾਂ ਦਿੱਤਾ ਜਾਂਦਾ ਹੈ। 5 ਮਿੰਟ ਵਿੱਚ ਤੁਸੀਂ ਆਪਣੀ ਗੱਲ ਰੱਖਣੀ ਹੈ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ:** ਥੋੜ੍ਹੇ ਜਿਹੇ 5 ਮਿੰਟ ਹੋਰ ਦੇ ਦਿਓ ਜੀ। ਬਹੁਤ ਹੀ ਮਹੱਤਵਪੂਰਨ ਹੈ।

**ਮਾਣਯੋਗ ਸਪੀਕਰ:** ਹਾਊਸ ਵਿੱਚ ਹੋਣ ਵਾਲੀ ਹਰ ਗੱਲ ਮਹੱਤਵਪੂਰਨ ਹੁੰਦੀ ਹੈ। Please be brief and do it within 5 minutes.

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ:** ਸਪੀਕਰ ਸਾਹਿਬ, ਸਹਿਕਾਰਤਾ ਸਰਕਾਰ ਦੀ ਰੀੜ੍ਹ ਦੀ ਹੱਡੀ ਹੈ ਅਤੇ ਇਹ ਖਾਸ ਕਰਕੇ ਕਿਸਾਨੀ ਨਾਲ ਜੁੜੀ ਹੋਈ ਹੈ। ਸਭ ਤੋਂ ਵੱਡਾ ਮਸਲਾ ਇਸ ਵਿੱਚ ਇਹ ਆਇਆ ਕਿ ਕਰੋੜਾਂ ਰੁਪਏ ਦੇ ਘਪਲੇ ਹੋਏ ਹਨ। ਜਦੋਂ ਅਸੀਂ ਪੁੱਛਿਆ ਕਿ ਇਸ ਤੇ ਕਾਰਵਾਈ ਕੀ ਹੋਈ ਹੈ ਤਾਂ ਤੁਸੀਂ ਹੈਰਾਨ ਹੋ ਜਾਵੋਗੇ ਕਿ ਡਿਪਾਰਟਮੈਂਟ ਲਿਖ ਦਿੰਦਾ ਹੈ ਕਿ ਇਨਕੁਆਇਰੀ ਕਰਕੇ ਪਰਚਾ ਦਰਜ ਕੀਤਾ ਜਾਵੇ। 3-4 ਸਾਲ ਪਰਚੇ ਦਰਜ ਨਹੀਂ ਹੋਏ। ਜੇ ਪਰਚਾ ਦਰਜ ਹੋ ਜਾਂਦਾ ਹੈ ਤਾਂ ਚਲਾਨ ਪੇਸ਼ ਨਹੀਂ ਹੁੰਦਾ। ਚਲਾਨ ਪੇਸ਼ ਹੋਣ ਤੋਂ ਬਾਅਦ ਗਵਾਹੀਆਂ ਨਹੀਂ ਹੁੰਦੀਆਂ। ਮੇਰੇ ਕਹਿਣ ਦਾ ਮਤਲਬ ਹੈ ਕਿ ਇਹ ਸਾਡਾ ਕਰੋੜਾਂ ਰੁਪਿਆ ਲੁੱਟ ਕੇ ਲੈ ਗਏ ਅਤੇ ਕੋਈ ਕਾਰਵਾਈ ਨਹੀਂ ਹੋਈ। ਇੱਕ ਹੋਰ ਹੁੰਦਾ ਹੈ ਕਿ ਜੇ ਗਡਾਊਨਾਂ ਵਿੱਚੋਂ ਕਰੋੜਾਂ ਰੁਪਏ ਦਾ ਕਣਕ ਜਾਂ ਚੌਲ ਚੁੱਕਿਆ ਜਾਂਦਾ ਹੈ ਤਾਂ ਪਰਚਾ ਸੇਵਾਦਾਰ ਅਤੇ ਚੌਂਕੀਦਾਰ ਤੇ ਦਰਜ ਹੁੰਦਾ ਹੈ। ਵੱਡੇ ਅਫਸਰਾਂ ਦੀ ਕੋਈ ਜਵਾਬਦੇਹੀ ਨਹੀਂ ਹੈ। ਸੋ, ਕਹਿਣ ਦਾ ਮਤਲਬ ਹੈ ਕਿ ਜੇ ਅੱਜ ਕੋਆਪਰੇਟਿਵ ਨੂੰ ਸਭ ਤੋਂ ਵੱਧ ਲੁੱਟਿਆ ਗਿਆ ਹੈ ਤਾਂ ਉਹ ਘੁਟਾਲਿਆਂ ਰਾਹੀਂ ਲੁੱਟਿਆ ਗਿਆ ਹੈ। ਮੈਂ ਅੱਜ ਸਦਨ ਵਿੱਚ ਕਹਿੰਦਾ ਹਾਂ ਕਿ ਜੇ ਉਸ ਵਿੱਚ ਕਾਰਵਾਈ ਨਹੀਂ ਹੋਈ ਤਾਂ ਸਬੰਧਿਤ ਅਫਸਰ ਜ਼ਿੰਮੇਵਾਰ ਹੈ ਜਾਂ ਜਿਸ ਕੋਲ ਐਫ.ਆਈ.ਆਰ. ਜਾਂਦੀ ਹੈ ਅਤੇ ਪਰਚਾ ਦਰਜ ਨਹੀਂ ਹੁੰਦਾ, ਉਹ ਜ਼ਿੰਮੇਵਾਰ ਹੈ। ਅਸੀਂ ਸਿਫਾਰਸ਼ ਕੀਤੀ ਹੈ ਕਿ ਜਦੋਂ ਡਿਪਾਰਟਮੈਂਟ ਨੇ ਇਨਕੁਆਇਰੀ ਕਰਕੇ ਭੇਜ ਦਿੱਤੀ ਅਤੇ ਐਫ.ਆਈ.ਆਰ. ਦੇ ਵਿੱਚ ਡਿਲੇਅ ਕਿਉਂ ਹੁੰਦਾ ਹੈ ਜਾਂ ਉਸ ਵਿੱਚ ਚਲਾਨ ਪੇਸ਼ ਕਰਨ ਵਿੱਚ ਦੇਰੀ ਕਿਉਂ ਹੁੰਦੀ ਹੈ? ਉਸ ਦੀ ਅਰੈਸਟ ਕਿਉਂ ਨਹੀਂ ਹੁੰਦੀ ਕਿਉਂਕਿ ਰੈੱਡ ਕਾਰਨਰ ਨੋਟਿਸ ਜਾਰੀ ਨਹੀਂ ਕੀਤੇ ਜਾਂਦੇ ਅਤੇ ਉਹ ਭੱਜ ਜਾਂਦੇ ਹਨ। ਸਪੀਕਰ ਸਾਹਿਬ, ਦੂਜਾ ਪੁਆਇੰਟ ਇਹ ਧਿਆਨ ਵਿੱਚ ਆਇਆ ਕਿ ਜਿਹੜੀ ਪੰਜਾਬ ਐਗਰੀਕਲਚਰ ਡਿਵੈਲਪਮੈਂਟ ਬੈਂਕ (ਪੀ.ਏ.ਡੀ.ਬੀ.) ਹੈ, ਉਸ ਵਿੱਚ ਅਸੀਂ ਦੇਖਿਆ ਕਿ 5000 ਐਂਟਰੀਆਂ ਡਿਲੀਟ ਹੋ ਗਈਆਂ। ਲੋਕ ਮੌਰਟਗੇਜ ਕਰਾ ਕੇ ਲੋਨ ਲੈ ਗਏ, ਲੋਨ ਤੋਂ ਬਾਅਦ ਰੈਵੇਨਿਊ ਡਿਪਾਰਟਮੈਂਟ ਵਿੱਚ ਐਂਟਰੀ ਨਹੀਂ ਹੈ ਜਾਂ ਤਾਂ ਉਨ੍ਹਾਂ ਨੇ ਜ਼ਮੀਨ ਸੇਲ ਕਰ ਦਿੱਤੀ ਜਾਂ ਰੀ-ਲੋਨ ਲੈ ਲਿਆ। 5000 ਐਂਟਰੀਆਂ ਡਿਲੀਟ ਹੋਣ ਦਾ ਮਤਲਬ ਹੈ ਕਿ 5000 ਏਕੜ ਜਿਹੜੀ ਸਾਡੀ ਲੈਂਡ ਪੰਜਾਬ ਐਗਰੀਕਲਚਰ ਡਿਵੈਲਪਮੈਂਟ ਬੈਂਕ (ਪੀ.ਏ.ਡੀ.ਬੀ.) ਕੋਲ ਮੌਰਟਗੇਜ ਸੀ, ਉਹ ਪਾਸੇ ਚਲੀ ਗਈ। ਜਦੋਂ ਅਸੀਂ ਚੈੱਕ ਕੀਤਾ ਤਾਂ ਦੇਖਿਆ ਕਿ ਕਿਸੇ ਦੀ ਜ਼ਿੰਮੇਵਾਰੀ ਫਿਕਸ ਨਹੀਂ ਕੀਤੀ ਗਈ। ਹੁਣ ਡਿਪਾਰਟਮੈਂਟ ਨੂੰ ਲੱਗਿਆ ਕਿ ਕੁਝ ਕਰਨਾ ਚਾਹੀਦਾ ਹੈ। ਉਹ ਕਹਿੰਦੇ ਕਿ ਅਸੀਂ 1000 ਐਂਟਰੀ ਪਾ ਲਈ ਹੈ। ਅਸੀਂ ਕਿਹਾ ਕਿ 1000 ਐਂਟਰੀਆਂ ਵਿੱਚੋਂ ਜ਼ਮੀਨ ਕਿੰਨਿਆਂ ਕੋਲ ਹੈ? ਕੀ ਉਸ ਜ਼ਮੀਨ ਦੇ ਮਾਲਕ ਹਨ? 500 ਅਜਿਹੀਆਂ ਐਂਟਰੀਆਂ ਸਨ, ਜਿਸ ਦੇ ਮਾਲਕਾਂ ਨੇ ਜ਼ਮੀਨ ਵੇਚ ਦਿੱਤੀ। ਇਸ ਤਰ੍ਹਾਂ ਪੰਜਾਬ ਐਗਰੀਕਲਚਰ ਡਿਵੈਲਪਮੈਂਟ ਬੈਂਕ ਕਿਵੇਂ ਬਚੇਗੀ? ਸਾਡੇ ਬੈਂਕ ਕਿਵੇਂ ਬਚਣਗੇ? ਫਿਰ ਅਸੀਂ ਪੁੱਛਿਆ ਕਿ ਕਿੰਨੇ ਡਿਫਾਲਟਰ ਹਨ? ਹੈਰਾਨੀ ਦੀ ਗੱਲ ਹੈ। ਸਪੀਕਰ ਸਾਹਿਬ, ਮੈਂ ਤੁਹਾਨੂੰ ਡਾਟਾ ਦਿੰਦਾ ਹਾਂ। ਚਲੋ, ਅਸੀਂ ਮੰਨਦੇ ਹਾਂ ਕਿ ਕਿਸੇ ਕਾਰਨ ਕਰਕੇ ਫਸਲ ਨਹੀਂ ਹੋਈ ਅਤੇ ਕਿਸਾਨੀ ਤਾਂ ਡੁੱਬ ਗਈ। ਜੇ ਸਾਡੇ ਗੌਰਮਿੰਟ ਇੰਪਲਾਈ ਹਨ, ਉਨ੍ਹਾਂ ਤੋਂ ਕਰੋੜਾਂ ਰੁਪਿਆ ਲੈਣਾ ਹੈ। ਉਨ੍ਹਾਂ ਤੋਂ ਰਿਕਵਰੀ ਕਿਉਂ ਨਹੀਂ ਹੋਈ? ਹੈਰਾਨੀ ਹੁੰਦੀ ਹੈ।

ਉਨ੍ਹਾਂ ਦੀ ਤਨਖਾਹ ਵੀ ਹੈ, ਪੈਨਸ਼ਨ ਵੀ ਹੈ। ਉਹ ਰਿਕਵਰੀ ਵੀ ਨਹੀਂ ਕੀਤੀ ਗਈ। ਉਹ ਪੈਸਾ ਵੀ ਕਿਤੇ ਨਾ ਕਿਤੇ ਜਾ ਕੇ ਰਲੀ ਮਿਲਭੁਗਤ ਨਾਲ ਪਾਸੇ ਚਲਾ ਗਿਆ।

ਇਸ ਤੋਂ ਇਲਾਵਾ ਮੇਰੇ ਤੋਂ ਪਹਿਲਾਂ ਸਦਨ ਵਿੱਚ ਗੱਲ ਆਈ ਸੀ। ਸਪੀਕਰ ਸਾਹਿਬ 31000 ਕਰੋੜ ਰੁਪਏ ਦਾ ਮਾਮਲਾ ਸੀ। 12000 ਕਰੋੜ ਮੂਲ ਰਕਮ ਸੀ ਜਿਹੜੀ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫ.ਸੀ.ਆਈ.) ਨੇ ਪੰਜਾਬ ਤੋਂ ਲੈਣੀ ਸੀ। ਜਿਹੜੀ ਆਪਾਂ ਸੀ.ਸੀ.ਐਲ. ਲਿਮਟ ਲੈਂਦੇ ਹਾਂ, ਉਸ ਦਾ ਫਰਕ ਆਉਂਦਾ ਸੀ। 12000 ਕਰੋੜ ਮੂਲ ਅਤੇ 19000 ਕਰੋੜ ਰੁਪਏ ਵਿਆਜ ਲਗਾ ਕੇ 31000 ਕਰੋੜ ਰੁਪਏ ਤੇ ਸਾਈਨ ਕਰਵਾ ਲਏ। ਮੈਂ ਡਿਪਾਰਟਮੈਂਟ ਤੋਂ ਪੁੱਛਿਆ ਕਿ 12000 ਕਰੋੜ ਰੁਪਏ ਦੀ ਕੋਈ ਪੰਜਾਬ ਸਰਕਾਰ ਨੂੰ ਲੈਟਰ ਲਿਖੀ ਹੈ ਜਾਂ ਨਹੀਂ ਲਿਖੀ? ਕੋਈ ਲੈਟਰ ਨਹੀਂ ਆਈ। ਜਿਸ ਦਿਨ 31000 ਕਰੋੜ ਤੇ ਸਾਈਨ ਕਰ ਦਿੱਤੇ, ਉਸ ਦਿਨ ਜੇ ਕਰਨੇ ਵੀ ਸੀ ਤਾਂ ਮੂਲ ਰਕਮ 12000 ਕਰੋੜ ਰੁਪਏ ਤੇ ਸਾਈਨ ਕਰਨੇ ਸਨ। ਉਸ ਦਾ ਵੀ ਹਿਸਾਬ ਕਰਨਾ ਸੀ ਤੇ ਉੱਪਰ 20 ਸਾਲ ਦਾ ਐਗਰੀਮੈਂਟ ਕਰਕੇ 270 ਕਰੋੜ ਰੁਪਿਆ ਅਸੀਂ ਕਿਸ਼ਤ ਦੇ ਰਹੇ ਹਾਂ ਜਿਹੜੇ ਐਫ.ਸੀ.ਆਈ. ਨੂੰ, ਸੈਂਟਰ ਸਰਕਾਰ ਨੂੰ ਜਾਂਦੀ ਹੈ। ਜਿਸ ਵਿੱਚੋਂ ਮੂਲ ਸਿਰਫ 180-190 ਕਰੋੜ ਰੁਪਏ ਤਾਂ ਹੁਣ ਤੱਕ ਖਰਚਾ ਜਾ ਰਿਹਾ ਹੈ, ਜਿਸ ਦਾ ਅਸੀਂ 63000 ਕਰੋੜ ਰੁਪਿਆ ਪੇਅ ਕਰਾਂਗੇ। ਸਾਡੇ ਮਾਣਯੋਗ ਫਾਇਨਾਂਸ ਮਨਿਸਟਰ ਸਾਹਿਬ ਬੈਠੇ ਹਨ। ਜਦੋਂ ਇਹ ਰੌਲਾ ਪਿਆ, ਲੈਟਰ ਨਿਕਲੇ ਤਾਂ ਐਫ.ਸੀ.ਆਈ ਨੇ ਆਪ ਮੰਨਿਆ ਹੈ। ਮੇਰੇ ਕੋਲ ਇੱਕ ਲੈਟਰ ਹੈ, ਹਿਸਾਬ ਹੋਇਆ ਕਿ ਇੱਕ ਕਮੇਟੀ ਬਣੀ ਸੀ ਅਤੇ ਉਸ ਕਮੇਟੀ ਵਿੱਚ ਕਿਹਾ ਗਿਆ ਸੀ ਕਿ ਤੁਹਾਡੇ ਅਸੀਂ ਇੰਨੇ ਪੈਸੇ ਦੇਣੇ ਹਨ। ਮੈਂ ਉਹ ਲੈਟਰ ਸਦਨ ਵਿੱਚ ਰੱਖਣਾ ਚਾਹੁੰਦਾ ਹਾਂ। ਜਿੰਨਾ ਤਾਂ ਐਫ.ਸੀ.ਆਈ. ਨੇ ਕਮੇਟੀ ਬਣਾ ਕੇ ਮੰਨ ਲਿਆ ਕਿ ਅਸੀਂ ਪੰਜਾਬ ਸਰਕਾਰ ਦਾ 6155 ਕਰੋੜ ਰੁਪਿਆ ਦੇਣਾ ਹੈ। ਇੱਕ ਕਮੇਟੀ ਬਣੀ ਸੀ ਕਿ ਸੈਂਟਰ ਨੇ ਮੰਨਿਆ ਹੈ ਕਿ ਉਨ੍ਹਾਂ ਨੇ ਪੰਜਾਬ ਸਰਕਾਰ ਦਾ 6155 ਕਰੋੜ ਰੁਪਿਆ ਦੇਣਾ ਹੈ। ਉਹ 6155 ਕਰੋੜ ਰੁਪਿਆ ਵੀ ਅੱਜ ਨਹੀਂ ਦਿੱਤਾ ਜਾ ਰਿਹਾ। ਜਿਹੜੀ ਕਿ ਸੈਂਟਰ ਨੇ ਆਪਣੀ ਇੱਕ ਕਮੇਟੀ ਬਣਾ ਕੇ ਮੰਨਿਆ ਸੀ।

**1650/Kuldeep kaur/Monika sharma**
**1655/Pawan sharma**

ਸੋ, ਮੇਰਾ ਕਹਿਣ ਦਾ ਮਤਲਬ ਹੈ ਕਿ ਸੁਸਾਇਟੀਆਂ ਵਿੱਚ ਪਿੱਛੇ ਜਿਹੇ ਕਿਹਾ ਗਿਆ ਸੀ ਕਿ ਅਸੀਂ ਟਰੈਕਟਰ, ਸੰਦ ਆਦਿ ਦੇ ਦਿੱਤੇ। ਜਦੋਂ ਕਮੇਟੀ ਨੇ ਪੁੱਛਿਆ ਕਿ ਜਿਹੜੇ ਟਰੈਕਟਰ ਜਾਂ ਸੰਦ ਸੁਸਾਇਟੀਆਂ ਨੂੰ ਦਿੱਤੇ ਗਏ ਹਨ, ਕੀ ਉਸ ਦਾ ਕੋਈ ਫਾਇਦਾ ਹੋਇਆ ਤਾਂ ਤੁਸੀਂ ਹੈਰਾਨ ਹੋ ਜਾਵੋਗੇ ਕਿ 90 ਪ੍ਰਤੀਸ਼ਤ ਸੁਸਾਇਟੀਆਂ ਨੂੰ ਸੰਦਾਂ ਤੋਂ ਕੋਈ ਕਮਾਈ ਨਹੀਂ ਹੋਈ, ਉਲਟਾ ਸਾਡੀਆਂ ਸੁਸਾਇਟੀਆਂ ਦਾ ਖਰਚਾ ਵਧਿਆ ਅਤੇ ਸੰਦ ਬੇਕਾਰ ਹੋ ਗਏ। ਇੱਕ ਅਦਾਰਾ ਹਾਊਸਫੈੱਡ ਹੈ।

ਸਪੀਕਰ ਸਾਹਿਬ, ਹਾਊਸਫੈੱਡ ਅਦਾਰਾ ਸਾਲ 2012 ਤੋਂ ਬੰਦ ਪਿਆ ਹੈ, ਕੋਈ ਲੇਣ-ਦੇਣ ਨਹੀਂ ਹੈ ਪਰ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਖਰਚਾ 5 ਕਰੋੜ 40 ਲੱਖ ਰੁਪਏ ਆ ਰਿਹਾ ਹੈ। ਇਹ ਇੱਕ ਚਿੱਟਾ ਹਾਥੀ ਸਾਬਿਤ ਹੋ ਰਿਹਾ ਹੈ। ਇੱਕ

ਹੋਰ ਗੱਲ ਮੈਂ ਠੇਕੇਦਾਰੀ ਸਿਸਟਮ ਬਾਰੇ ਦੱਸਦਾ ਹਾਂ ਚਾਹੇ ਮਾਰਕਫੈੱਡ ਹੈ ਜਾਂ ਅਸੀਂ ਟਰਾਂਸਪੋਰਟ ਦੀ ਟੈਂਡਰਿੰਗ ਕਰਦੇ ਹਾਂ, ਉਸ ਵਿੱਚ ਸ਼ਰਤ ਲਗਾ ਦਿੰਦੇ ਹਨ ਕਿ 5 ਕਰੋੜ ਜਾਂ 50 ਕਰੋੜ ਦੀ ਟਰਨ ਓਵਰ ਹੋਵੇ ਅਤੇ ਪੰਜ ਸਾਲ ਦਾ ਤਜ਼ਰਬਾ ਹੋਵੇ। ਨਵਿਆਂ ਨੂੰ ਮੌਕਾ ਕਦੋਂ ਮਿਲੇਗਾ? ਅਸੀਂ ਸਿਫਾਰਸ਼ ਕੀਤੀ ਹੈ ਕਿ ਉਸ ਵਿੱਚ 10-15 ਪਰਸੈਂਟ ਨਵਿਆਂ ਨੂੰ ਮੌਕਾ ਦਿੱਤਾ ਜਾਵੇ ਤਾਂ ਹੀ ਉਨ੍ਹਾਂ ਕੋਲ ਤਜ਼ਰਬਾ ਆਵੇਗਾ। ਜੇ ਅਸੀਂ ਮੌਕਾ ਹੀ ਨਹੀਂ ਦੇਵਾਂਗੇ ਤਾਂ ਤਜ਼ਰਬਾ ਕਿੱਥੋਂ ਆਵੇਗਾ? ਪੁਰਾਣੇ ਬੰਦੇ ਵਾਰ ਵਾਰ ਟੈਂਡਰ ਲਗਾ ਕੇ ਟੈਂਡਰ ਲੈ ਜਾਂਦੇ ਹਨ।

ਮੈਂ ਮੁੱਖ ਮੰਤਰੀ ਸਾਹਿਬ ਜੀ ਅਤੇ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਪਿਛਲੇ ਸਮੇਂ ਦੌਰਾਨ ਪੀ.ਆਈ.ਡੀ.ਬੀ ਨੂੰ 600 ਕਰੋੜ ਰੁਪਿਆ ਦਿੱਤਾ। ਉਸ ਦੇ ਨਾਲ ਕੁਝ ਨਾ ਕੁਝ ਬਕਾਏ (ਮੁਲਾਜ਼ਮਾਂ ਸਬੰਧੀ) ਸਨ, ਉਹ ਦਿੱਤੇ ਪਰ ਹੁਣ ਪੀ.ਆਈ.ਡੀ.ਬੀ. ਦਾ ਲੈਣ-ਦੇਣ ਬਿਲਕੁਲ ਬੰਦ ਪਿਆ ਹੈ। ਜੇ ਅਸੀਂ ਲੈਣ-ਦੇਣ ਹੀ ਨਹੀਂ ਕਰਾਂਗੇ ਤਾਂ ਪੀ.ਆਈ.ਡੀ.ਬੀ. ਵੀ ਬਚੇਗੀ ਨਹੀਂ, ਉਹ ਵੀ ਇੱਕ ਚਿੱਟਾ ਹਾਥੀ ਸਾਬਤ ਹੋ ਰਹੀ ਹੈ।

ਸਪੀਕਰ ਸਾਹਿਬ, ਇਸ ਦੇ ਨਾਲ ਮੈਂ ਇੱਕ ਗੱਲ ਹੋਰ ਕਹਿਣਾ ਚਾਹੁੰਦਾ ਹਾਂ ਅਤੇ ਜਿਹੜੀ ਮੇਨ ਗੱਲ ਹੈ ਕਿ ਸਾਡੇ ਮੁੱਖ ਮੰਤਰੀ ਸਾਹਿਬ ਨੇ ਕਿਹਾ ਕਿ ਮਾਰਕਫੈੱਡ ਅਤੇ ਵੇਰਕਾ ਸਾਡੇ ਆਂਗਣਵਾੜੀ ਸੈਂਟਰਾਂ ਨੂੰ ਰਾਸ਼ਨ ਸਪਲਾਈ ਕਰੇਗਾ। ਇਹ ਬਹੁਤ ਵਧੀਆ ਫੈਸਲਾ ਸੀ ਅਤੇ ਇਸ ਨਾਲ ਪੰਜਾਬ ਸਰਕਾਰ ਦਾ ਪੈਸਾ ਪੰਜਾਬ ਸਰਕਾਰ ਦੇ ਅਦਾਰੇ ਨੂੰ ਆਉਣਾ ਸੀ। ਉਸ ਵਿੱਚ ਵੀ ਅਫਸਰਾਂ ਨੇ ਇੱਕ lacuna ਰੱਖ ਲਿਆ ਕਿ ਪੰਜੀਰੀ ਵੇਰਕਾ ਤੋਂ ਲੈਣ ਦੀ ਬਜਾਇ ਪ੍ਰਾਈਵੇਟ ਬੰਦਿਆਂ ਤੋਂ ਲੈਂਦੇ ਸੀ। ਜਦੋਂ ਕਮੇਟੀ ਨੇ ਪੁੱਛਿਆ ਕਿ ਤੁਸੀਂ ਵੇਰਕਾ ਤੋਂ ਪੰਜੀਰੀ ਕਿਉਂ ਨਹੀਂ ਲੈਂਦੇ, ਕੀ ਵੇਰਕਾ ਦੀ ਪੰਜੀਰੀ ਮਾੜੀ ਹੈ ਤਾਂ ਉਹ ਕਹਿੰਦੇ ਕਿ ਉਹ ਮਹਿੰਗੀ ਪੈਂਦੀ ਹੈ। ਮੈਂ ਕਿਹਾ ਕਿ ਕੇਲਿਆਂ ਵਾਲਾ ਰੇਹੜੀ ਲਗਾ ਲੈਂਦਾ ਹੈ ਅਤੇ ਗਲੇ ਕੇਲੇ 10 ਰੁਪਏ ਦਰਜਨ ਦਿੰਦਾ ਹੈ ਅਤੇ ਜੇਕਰ ਚੰਗੇ ਕੇਲੇ ਵਾਲਾ 50 ਰੁਪਏ ਲੈਂਦਾ ਹੈ ਤਾਂ ਕੀ ਅਸੀਂ ਕੁਆਲਿਟੀ ਦੇਖਣੀ ਹੈ ਜਾਂ ਨਹੀਂ? ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਸਰਕਾਰ ਚੰਗੇ ਕੰਮ ਕਰਨ ਵਿੱਚ ਲੱਗੀ ਹੋਈ ਹੈ ਪਰ ਪਿਛਲੇ ਸਮੇਂ ਦੀਆਂ ਜੋ ਚੋਰ ਮੋਰੀਆਂ ਹਨ ਜਾਂ ਜਿਸ ਤਰ੍ਹਾਂ ਕੋਆਪ੍ਰੇਟਿਵ ਅਦਾਰਿਆਂ ਨੂੰ ਲੁੱਟਿਆ ਗਿਆ ਹੈ, ਕੋਆਪ੍ਰੇਟਿਵ ਸੁਸਾਇਟੀਆਂ ਦੀ ਜਿਹੜੀ ਰਿਪੋਰਟ ਆਈ ਹੈ, ਉਸ ਨੂੰ ਦੇਖ ਕੇ ਤੁਸੀਂ ਹੈਰਾਨ ਰਹਿ ਜਾਵੋਗੇ ਕਿ ਧੰਨ ਹੈ! ਫਿਰ ਵੀ ਇਹ ਅਦਾਰੇ ਬਚੇ ਹੋਏ ਹਨ।

ਸ਼ੂਗਰਫੈੱਡ ਅਦਾਰੇ ਸਬੰਧੀ ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਕਿਸਾਨਾਂ ਦੀ ਪਿਛਲੀ ਸਾਰੀ ਹੀ ਬਕਾਇਆ ਰਾਸ਼ੀ ਦੇ ਦਿੱਤੀ। ਇਹ ਪਹਿਲੀ ਵਾਰੀ ਹੋਇਆ ਹੈ ਕਿ ਬਕਾਏ ਦਿੱਤੇ ਗਏ ਹਨ। ਉੱਥੇ A2Z ਕੰਪਨੀ ਸੀ, ਉਸ ਦੇ ਨਾਲ ਐਗਰੀਮੈਂਟ ਕਰ ਲਿਆ ਕਿ ਤੁਸੀਂ Cogeneration plants ਲਗਾਉਣੇ ਹਨ। ਕੰਪਨੀ ਵੀ ਭੱਜ ਗਈ। ਉਸ ਤੋਂ ਕਰੀਬ 25 ਕਰੋੜ ਰੁਪਏ ਲੈਣ ਵਾਲੇ ਹਨ। ਕੇਸ Arbitrator ਕੋਲ ਪਿਆ ਹੈ। ਕੋਈ ਕਾਰਵਾਈ ਨਹੀਂ ਹੋ ਰਹੀ ਹੈ? ਸੋ, ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਕਿੰਨੇ ਕਰੋੜਾਂ ਰੁਪਏ ਸਬੰਧੀ ਫਾਈਲਾਂ Arbitrators ਕੋਲ ਫੈਸਲਿਆਂ ਵਿੱਚ, ਸਿਵਲ ਕੋਰਟ ਦੇ ਫੈਸਲਿਆਂ ਲਈ ਫਸੀਆਂ ਪਈਆਂ ਹਨ ਪਰ ਜਦੋਂ ਅਸੀਂ ਰਿਕਵਰੀ ਸਬੰਧੀ ਪੁੱਛਦੇ ਹਾਂ ਤਾਂ 10-10 ਜਾਂ 8-8 ਸਾਲ ਦੀਆਂ ਫਾਈਲਾਂ ਪੈਂਡਿੰਗ ਪਈਆਂ ਹਨ। ਸੋ, ਅਸੀਂ ਇਹ ਰਿਪੋਰਟ ਪੇਸ਼ ਕਰਦੇ ਹਾਂ, ਜਿਸ ਵਿੱਚ ਅਸੀਂ ਸੁਝਾਅ ਦਿੱਤੇ

ਹਨ। ਜੇ ਸੁਝਾਅ ਲਾਗੂ ਹੁੰਦੇ ਹਨ ਤਾਂ ਕੋਆਪ੍ਰੇਟਿਵ ਅਦਾਰਾ ਫਿਰ ਆਪਣੇ ਪੈਰਾਂ ਤੇ ਖੜ੍ਹੇ ਹੋਵੇਗਾ। ਕਮੇਟੀ ਵਿੱਚ ਜਿੰਨੇ ਵੀ ਸਾਡੇ ਮੈਂਬਰ ਸਾਹਿਬਾਨ ਹਨ, ਚਾਹੇ ਵਿਰੋਧੀ ਧਿਰ ਦੇ ਹਨ, ਉਨ੍ਹਾਂ ਦਾ ਮੈਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ 22 ਮੀਟਿੰਗਾਂ ਵਿੱਚ ਸਾਡਾ ਸਾਥ ਦਿੱਤਾ। ਜਿਹੜਾ ਵਿਧਾਨ ਸਭਾ ਦਾ ਸਟਾਫ ਹੈ, ਅਧੀਨ ਸਕੱਤਰ ਸ਼੍ਰੀ ਈਸ਼ਵਰ ਦੱਤ ਸ਼ਰਮਾ ਜੀ ਦਾ ਵੀ ਮੈਂ ਧੰਨਵਾਦ ਕਰਦਾ ਹਾਂ ਅਤੇ ਮੈਂ ਰਿਪੋਰਟ ਸਦਨ ਵਿੱਚ ਪੇਸ਼ ਕਰਦਾ ਹਾਂ। ਬਹੁਤ ਬਹੁਤ ਧੰਨਵਾਦ ਜੀ।

--------------

**ਮਾਣਯੋਗ ਸਪੀਕਰ**: ਧੰਨਵਾਦ ਜੀ। ਸਭਾਪਤੀ, ਬੁੱਢਾ ਦਰਿਆ ਅਤੇ ਘੱਗਰ ਦਰਿਆ ਨਾਲ ਸਬੰਧਿਤ ਮਾਮਲਿਆਂ ਤੇ ਕਮੇਟੀ ਦੀ ਅੰਤਰਿਮ ਰਿਪੋਰਟ ਪੇਸ਼ ਕਰਨਗੇ।

**ਸਭਾਪਤੀ, ਬੁੱਢਾ ਦਰਿਆ ਅਤੇ ਘੱਗਰ ਦਰਿਆ ਨਾਲ ਸਬੰਧਿਤ ਮਾਮਲਿਆਂ ਸਬੰਧੀ ਕਮੇਟੀ (ਸਰਦਾਰ ਦਲਜੀਤ ਸਿੰਘ ਗਰੇਵਾਲ ਭੋਲਾ)**: ਮਾਣਯੋਗ ਸਪੀਕਰ ਸਾਹਿਬ, ਮੈਂ ਬੁੱਢਾ ਦਰਿਆ ਅਤੇ ਘੱਗਰ ਦਰਿਆ ਦੇ ਮਸਲਿਆਂ ਸਬੰਧੀ ਕਮੇਟੀ ਦੁਆਰਾ ਇਹ ਅਧਿਕਾਰ ਦਿੱਤੇ ਜਾਣ ਤੇ ਕਮੇਟੀ ਦੀ ਸਾਲ 2023-24 ਦੀ ਅੰਤਰਿਮ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ।

ਮਾਣਯੋਗ ਸਪੀਕਰ ਸਾਹਿਬ, ਜਿਸ ਤਰ੍ਹਾਂ ਕਿ ਸਦਨ ਵਾਕਫ ਹੈ ਕਿ ਮਿਤੀ 28.06.2022 ਨੂੰ ਸ਼੍ਰੀ ਮਦਨ ਲਾਲ ਬੱਗਾ, ਐਮ.ਐਲ.ਏ. ਜੀ ਵੱਲੋਂ ਜ਼ੀਰੋ ਆਵਰ ਦੌਰਾਨ ਬੁੱਢੇ ਨਾਲੇ, ਜੋ ਕਿ ਹੁਣ ਬੁੱਢੇ ਦਰਿਆ ਵਜੋਂ ਜਾਣਿਆ ਜਾਂਦਾ ਹੈ, ਵਿੱਚ ਹੋ ਰਹੇ ਪਾਣੀ ਦੇ ਪ੍ਰਦੂਸ਼ਣ ਵੱਲ ਧਿਆਨ ਦਿਵਾਇਆ ਸੀ ਅਤੇ ਸਰਦਾਰ ਗੁਰਪ੍ਰੀਤ ਸਿੰਘ ਬਾਨਾਂਵਾਲੀ, ਐਮ.ਐਲ.ਏ. ਵੱਲੋਂ ਮਿਤੀ 30.06.2022 ਨੂੰ ਪੁੱਛੇ ਗਏ ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 16 ਤੇ ਘੱਗਰ ਦਰਿਆ ਦੇ ਗੰਦੇ ਪਾਣੀ ਦੇ ਸਬੰਧ ਵਿੱਚ ਮਾਣਯੋਗ ਸਪੀਕਰ ਸਾਹਿਬ ਵੱਲੋਂ ਸਦਨ ਦੀ ਸਹਿਮਤੀ ਨਾਲ ਮਿਤੀ 09.07.2022 ਨੂੰ ਇਸ ਕਮੇਟੀ ਦਾ ਗਠਨ ਕੀਤਾ ਸੀ,

**1655/Pawan sharma/Monika sharma**
**1700/Jaspal Singh**

ਮਾਣਯੋਗ ਸਪੀਕਰ ਸਾਹਿਬ, ਆਪ ਜੀ ਵੱਲੋਂ ਸਦਨ ਦੀ ਸਹਿਮਤੀ ਨਾਲ ਮਿਤੀ 9.7.2022 ਨੂੰ ਇਸ ਕਮੇਟੀ ਦਾ ਗਠਨ ਕੀਤਾ ਗਿਆ। ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਕਿ ਆਪ ਜੀ ਨੇ ਏਨੀ ਮਹੱਤਵਪੂਰਨ ਕਮੇਟੀ ਦਾ ਮੈਨੂੰ ਸਭਾਪਤੀ ਨਿਯੁਕਤ ਕੀਤਾ। ਹੁਣ ਤੱਕ ਇਸ ਕਮੇਟੀ ਨੇ ਕੁੱਲ ਮਿਲਾ ਕੇ 30 ਮੀਟਿੰਗਾਂ ਕੀਤੀਆਂ ਗਈਆਂ ਹਨ, ਜਿਸ ਵਿੱਚ ਕੁਝ ਚੰਡੀਗੜ੍ਹ, ਕੁਝ ਮੌਕੇ ਉਤੇ ਅਧਿਐਨ ਕਰਨ ਲਈ ਲੁਧਿਆਣਾ, ਡੇਰਾਬੱਸੀ, ਖਨੌਰੀ ਆਦਿ ਥਾਵਾਂ ਉਤੇ ਇਸ ਦੀਆਂ ਬੈਠਕਾਂ ਕੀਤੀਆਂ ਗਈਆਂ ਹਨ। ਮਾਣਯੋਗ ਸਪਕੀਰ ਸਾਹਿਬ, ਮੈਂ ਕਮੇਟੀ ਵੱਲੋਂ ਅਤੇ ਆਪਣੇ ਖੁਦ ਵੱਲੋਂ ਆਪ ਜੀ ਦਾ ਤਹਿ ਦਿਲੋਂ ਧੰਨਵਾਦੀ ਹਾਂ ਕਿ ਆਪ ਜੀ ਨੇ ਸਮੇਂ ਸਮੇਂ ਉਤੇ ਕਮੇਟੀ ਦੀਆਂ ਮੀਟਿੰਗਾਂ ਵਿਚ ਸ਼ਿਰਕਤ ਕਰਕੇ ਲੁਧਿਆਣੇ ਵਿਖੇ ਵੀ ਮੌਕੇ ਉਤੇ ਅਧਿਐਨ ਦੌਰਾਨ ਕਮੇਟੀ ਨੂੰ ਗਾਈਡ ਕੀਤਾ ਅਤੇ ਆਪਣੇ ਵੱਡਮੁੱਲੇ ਵਿਚਾਰਾਂ ਨਾਲ ਨਿਵਾਜਿਆ। ਕਮੇਟੀ ਨੂੰ ਪਦਮਸ਼੍ਰੀ

ਸੰਤ ਬਲਬੀਰ ਸਿੰਘ ਸੀਚੇਵਾਲ ਜੀ, ਮੈਂਬਰ, ਰਾਜ ਸਭਾ ਵੱਲੋਂ ਆਪਣੇ ਤਜਰਬੇ ਦੇ ਅਧਾਰ ਉਤੇ ਵੱਡਮੁੱਲੇ ਸੇਵਾਵਾਂ ਤੇ ਵਿਚਾਰਾਂ ਨਾਲ ਨਿਵਾਜਿਆ, ਇਸ ਦੇ ਲਈ ਕਮੇਟੀ ਉਨ੍ਹਾਂ ਦਾ ਵੀ ਧੰਨਵਾਦ ਕਰਦੀ ਹੈ। ਪਲਿਊਸ਼ਨ ਭਾਵੇਂ ਕਿਸੇ ਵੀ ਤਰ੍ਹਾਂ ਦਾ ਹੋਵੇ, ਇਹ ਮਨੁੱਖ ਜਾਤੀ ਲਈ ਬਹੁਤ ਹਾਨੀਕਾਰਕ ਹੈ, ਇਸ ਲਈ ਕਮੇਟੀ ਵਲੋਂ ਨਾ ਚਾਹੁੰਦੇ ਹੋਏ ਵੀ ਕੁਝ ਅਹਿਮ ਕਦਮ ਉਠਾਏ ਗਏ ਤੇ ਸਖਤ ਹਦਾਇਤਾਂ ਵਿਭਾਗਾਂ ਨੂੰ ਆਪਣੇ ਕੰਮ ਕਾਰ ਲਈ ਕੀਤੀਆਂ ਗਈਆਂ ਪਰ ਇਸ ਪ੍ਰਦੂਸ਼ਣ ਦੀ ਮੁਕਤੀ ਲਈ ਜ਼ਰੂਰੀ ਸੀ ਕਿਉਂਕਿ health is wealth ਜਾਨ ਹੈ ਤਾਂ ਜਹਾਨ ਹੈ। ਇਨ੍ਹਾਂ ਦਾ ਕੁਝ ਫੈਕਟਰੀਆਂ ਉਤੇ ਜੁਰਮਾਨੇ ਵੀ ਲਗਾਏ ਗਏ ਅਤੇ ਕੁਝ ਦੀਆਂ ਗਰੰਟੀਆਂ ਜ਼ਬਤ ਕਰਵਾਈਆਂ ਗਈਆਂ ਅਤੇ ਕੁਝ ਨੂੰ ਤਾਲੇ ਵੀ ਲਗਾਏ ਗਏ। ਕਮੇਟੀ ਵਲੋਂ ਕੀਤੀ ਗਈ ਇਹ ਹਦਾਇਤ ਤੋਂ ਵਿਭਾਗ ਦੇ ਕਾਰਵਾਈ ਕਰਦੇ ਹੋਏ ਬੁੱਢੇ ਦਰਿਆ ਦੇ ਤਕਰੀਬਨ 70 ਫੀਸਦੀ ਨਿਸ਼ਾਨਦੇਹੀ ਕਰਵਾਈ ਗਈ ਜੋ ਕਿ ਬਲੀਵਾਲ ਤੋਂ ਮੋਗਾ ਤੱਕ 50 ਕਿਲੋਮੀਟਰ ਜ਼ਮੀਨ ਜਿਹੜੀ ਪੁਰਾਣੇ ਦਰਿਆ ਦੀ ਦੱਬੀ ਹੋਈ ਸੀ, ਉਹ ਖਾਲੀ ਕਰਵਾਈ ਗਈ, ਉਸ ਦੇ ਉਤੇ ਨਿਸ਼ਾਨਦੇਹੀ ਕਰਵਾ ਕੇ ਉਸ ਤੇ ਪਿੱਲਰ ਵੀ ਲਗਾਏ ਗਏ ਹਨ ਤਾਂ ਕਿ ਉਹ ਬੁੱਢਾ ਦਰਿਆ ਹੋਰ ਦੂਰ ਤੱਕ ਚੱਲ ਸਕੇ ਤੇ ਉਥੇ ਹੋਰ ਗਰੀਨਰੀ ਵੀ ਹੋ ਸਕੇ, ਦਰੱਖਤ ਵੀ ਲਗਾਏ ਜਾ ਸਕਣ, ਪਾਣੀ ਦੇ ਨਾਲ ਨਾਲ ਹਵਾ ਵੀ ਸਹੀ ਹੋ ਸਕੇ। ਕਮੇਟੀ ਦੀ ਹਦਾਇਤ ਤੇ ਨਗਰ ਨਿਗਮ, ਲੁਧਿਆਣਾ ਦੇ ਅਧਿਕਾਰੀਆਂ ਵਲੋਂ ਬੁੱਢੇ ਦਰਿਆ ਦੇ ਕੰਡੇ ਤੇ ਉਤੇ ਉਸਾਰੀਆਂ ਕੁਝ ਨਜਾਇਜ਼ ਦੁਕਾਨਾਂ ਤੇ ਰਕਬੇ ਨੂੰ ਖਾਲੀ ਕਰਵਾਇਆ ਗਿਆ। ਬਾਕੀ ਨਜਾਇਜ਼ ਦੁਕਾਨਾਂ ਨੂੰ ਵੀ ਖਾਲੀ ਕਰਵਾਇਆ ਜਾ ਰਿਹਾ ਹੈ। ਕਮੇਟੀ ਵੱਲੋਂ ਲੁਧਿਆਣਾ ਵਿਖੇ 40 ਐਮ.ਐਲ.ਡੀ.ਜਿਹੜਾ ਸੀ.ਟੀ.ਪੀ. ਮੌਕੇ ਉਤੇ ਮੁਆਇਨੇ ਦੌਰਾਨ ਬੰਦ ਪਾਇਆ ਗਿਆ ਇਸ ਲਈ ਕਮੇਟੀ ਦੀ ਹਦਾਇਤ ਉਤੇ ਪੰਜਾਬ ਪ੍ਰਦੂਸ਼ਣ ਬੋਰਡ ਦੇ ਅਧਿਕਾਰੀਆਂ ਵੱਲੋਂ ਸੀ.ਟੀ.ਪੀ. ਨੂੰ 75 ਲੱਖ ਰੁਪਏ ਜੁਰਮਾਨਾ ਲਗਾਇਆ ਗਿਆ ਅਤੇ ਮਾਨਯੋਗ ਸਪੀਕਰ ਸਾਹਿਬ ਜੀ ਆਪਣੀ ਕਾਰਵਾਈ ਦੌਰਾਨ ਕਮੇਟੀ ਦੇ ਧਿਆਨ ਵਿਚ ਆਇਆ ਕਿ ਬੁੱਢੇ ਦਰਿਆ ਦੇ ਲੱਠੇ ਨਹੀਂ ਮਿਲ ਰਹੇ ਕਿਉਂਕਿ ਬੁੱਢੇ ਦਰਿਆ ਦੀ ਜਿਹੜੀ ਨਿਸ਼ਾਨਦੇਹੀ ਹੈ, ਕਬਜ਼ੇ ਬਹੁਤ ਹੋਏ ਹੋਏ ਹਨ ਤੇ ਵਾਰ ਵਾਰ ਪੁੱਛਣ ਉਤੇ ਉਹ ਕਹਿੰਦੇ ਕਿ ਲੱਠੇ ਹੀ ਗੁੰਮ ਹੋ ਗਏ ਪਰ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਤੇ ਮੈਨੂੰ ਆਪ ਜੀ ਨੂੰ ਦੱਸਦਿਆਂ ਇਹ ਬਹੁਤ ਖ਼ਸ਼ੀ ਮਹਿਸੂਸ ਹੋ ਰਹੀ ਹੈ, ਜੋ ਕਿ ਕਮੇਟੀ ਦੇ ਪੁਰਜੋਰ ਕੋਸ਼ਿਸ਼ ਦੇ ਸਦਕਾ ਨਗਰ ਨਿਗਮ ਵੱਲੋਂ 6.1.2023 ਨੂੰ ਮੀਟਿੰਗ ਵਿਚ ਲੱਠੇ ਪੇਸ਼ ਕਰ ਦਿੱਤੇ ਗਏ ਹਨ ਤੇ ਉਸ ਦੇ ਤਹਿਤ ਅੱਜ ਨਿਸ਼ਾਨਦੇਹੀ ਚੱਲ ਰਹੀ ਹੈ। ਸੋ, ਮੈਂ ਸਮਝਦਾ ਹਾਂ ਕਿ ਇਹ ਕਮੇਟੀ ਦੀ ਬਹੁਤ ਵੱਡੀ ਉਪਲਬਧੀ ਹੈ। ਕਮੇਟੀ ਆਪਣਾ ਕੰਮ ਬਹੁਤ ਹੀ ਸੁਚਾਰੂ ਰੂਪ ਨਾਲ ਚਲਾ ਰਹੀ ਹੈ ਅਤੇ ਕਮੇਟੀ ਨੂੰ ਉਮੀਦ ਹੈ ਕਿ ਜਲਦੀ ਹੀ ਇਸ ਦੀ ਪੂਰਨ ਰਿਪੋਰਟ ਵੀ ਇਸ ਸਦਨ ਵਿਚ ਪੇਸ਼ ਕਰਾਂਗੇ। ਕਮੇਟੀ ਨੇ ਕੁਝ ਵੱਖ ਵੱਖ ਵਿਭਾਗਾਂ ਨੂੰ ਅਹਿਮ ਸਿਫਾਰਸ਼ਾਂ ਕੀਤੀਆਂ ਹਨ, ਜਿਸ ਦੇ ਨਾਲ ਕਮੇਟੀ ਦੇ ਮੰਤਵ ਤੇ ਮਨੋਰਥ ਨੂੰ ਪੂਰਾ ਕੀਤਾ ਜਾ ਸਕੇ। ਕਮੇਟੀ ਜਲ ਸਰੋਤ ਵਿਭਾਗ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਸਥਾਨਕ ਸਰਕਾਰਾਂ ਵਿਭਾਗ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਮਾਲ ਵਿਭਾਗ, ਪੰਜਾਬ ਦੇ Mine And Water Conservation ਵਿਭਾਗ, ਮਿਉਂਸਿਪਲ ਕਾਰਪੋਰੇਸ਼ਨ, ਲੁਧਿਆਣਾ

ਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਸਾਇੰਸ ਅਤੇ ਤਕਨਾਲੋਜੀ ਤੇ ਵਾਤਾਵਰਣ ਵਿਭਾਗ ਵੱਲੋਂ ਕਮੇਟੀ ਨੂੰ ਦਿੱਤੇ ਗਏ ਵੱਡਮੁੱਲੇ ਸਹਿਯੋਗ ਲਈ ਸਬੰਧਤ ਅਫਸਰ ਸਾਹਿਬਾਨਾਂ ਦਾ ਅਤੇ ਉਨ੍ਹਾਂ ਦੇ ਅਮਲੇ ਦਾ ਧੰਨਵਾਦ ਕਰਦੀ ਹੈ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਠੀਕ ਹੈ, ਠੀਕ ਹੈ।

**ਸਰਦਾਰ ਦਲਜੀਤ ਸਿੰਘ ਗਰੇਵਾਲ ਭੋਲਾ:** ਅੰਤ ਵਿੱਚ ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ:** ਹੋ ਗਿਆ ਜੀ, ਹੋ ਗਿਆ। ਉਹ ਧੰਨਵਾਦ ਤੁਸੀਂ ਜਦੋਂ ਫਾਈਨਲ ਕਰੋਗੇ ਤਾਂ ਉਦੋਂ ਹੋ ਜਾਵੇਗਾ। ਬੈਠੋ ਜੀ, ਬੈਠੋ, ਬੈਠੋ। ਇਹ ਬੜੀ ਇੰਪਾਰਟੈਂਟ ਕਮੇਟੀ ਹੈ, ਇਸ ਦੀ ਅਜੇ ਇੰਟੈਰਿਮ ਰਿਪੋਰਟ ਹੈ, ਜਦੋਂ ਪੂਰੀ ਹੋਵੇਗੀ ਤਾਂ ਉਦੋਂ ਤੁਸੀਂ ਸਾਰਾ ਧੰਨਵਾਦ ਕਰ ਲੈਣਾ। ਅਜੇ ਆਪਾਂ ਧੰਨਵਾਦ ਨਹੀਂ ਕਰਨਾ। ਇਹ ਬੜਾ ਵੱਡਾ ਹੈ, ਬੁੱਢੇ ਨਾਲੇ ਦਾ ਮਸਲਾ ਬੜਾ ਵੱਡਾ ਹੈ, ਆਪਾਂ ਇਸ ਦਾ ਹੱਲ ਕਰਾਂਗੇ। ਧੰਨਵਾਦ,ਧੰਨਵਾਦ ਜੀ।

**1700/Jaspal Singh/Shubham jain**
**1705/Beant kaur**

## MOTION REGARDING CONSTITUTION OF ELECTED COMMITTEES FOR THE YEAR 2024-25

**ਮਾਨਯੋਗ ਸਪੀਕਰ:** ਸਾਲ 2024-25 ਲਈ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਸਰਦਾਰ ਬਲਕਾਰ ਸਿੰਘ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

"ਕਿਉਂ ਜੋ ਸਾਲ 2024-25 ਲਈ-

1. ਲੋਕ ਲੇਖਾ ਕਮੇਟੀ ;
2. ਅਨੁਮਾਨ ਕਮੇਟੀ ;
3. ਸਰਕਾਰੀ ਕਾਰੋਬਾਰ ਕਮੇਟੀ ; ਅਤੇ
4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਚੋਣਾਂ 31 ਮਾਰਚ, 2024 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ ; ਅਤੇ

ਕਿਉਂ ਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭ ਨੂੰ ਸਦਨ ਵਿੱਚ ਵੱਖ ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2024-25 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

"ਕਿਉਂ ਜੋ ਸਾਲ 2024-25 ਲਈ-

1. ਲੋਕ ਲੇਖਾ ਕਮੇਟੀ ;
2. ਅਨੁਮਾਨ ਕਮੇਟੀ ;
3. ਸਰਕਾਰੀ ਕਾਰੋਬਾਰ ਕਮੇਟੀ ; ਅਤੇ
4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਚੋਣਾਂ 31 ਮਾਰਚ, 2024 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ ; ਅਤੇ

ਕਿਉਂ ਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭ ਨੂੰ ਸਦਨ ਵਿੱਚ ਵੱਖ ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2024-25 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

"ਕਿਉਂ ਜੋ ਸਾਲ 2024-25 ਲਈ -

1. ਲੋਕ ਲੇਖਾ ਕਮੇਟੀ ;
2. ਅਨੁਮਾਨ ਕਮੇਟੀ ;
3. ਸਰਕਾਰੀ ਕਾਰੋਬਾਰ ਕਮੇਟੀ ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਚੋਣਾਂ 31 ਮਾਰਚ, 2024 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ ; ਅਤੇ

ਕਿਉਂ ਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭ ਨੂੰ ਸਦਨ ਵਿੱਚ ਵੱਖ ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2024-25 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

--------

**CONSENT OF THE HOUSE REGARDING POSTPONING THE MOVING OF THE PUNJAB STATE ELECTION COMMISSION (AMENDMENT) BILL, 2024**

**ਮਾਨਯੋਗ ਸਪੀਕਰ** : ਮੈਂ ਸਮੂਹ ਮਾਣਯੋਗ ਮੈਂਬਰ ਸਾਹਿਬਾਨਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਰਾਜ ਚੋਣ ਕਮਿਸ਼ਨ (ਸੋਧ) ਬਿਲ, 2024 ਅੱਜ ਪ੍ਰਾਪਤ ਹੋਇਆ ਹੈ, ਜੋ ਨਿਯਮਾਂ ਰਾਹੀਂ ਸਰਕੂਲੇਟ ਕੀਤਾ ਗਿਆ ਹੈ। ਮੈਂ ਚਾਹੁੰਦਾ ਹਾਂ ਕਿ ਮਾਣਯੋਗ ਮੈਂਬਰ ਸਾਹਿਬਾਨ ਇਸ ਨੂੰ ਪੜ੍ਹ ਲੈਣ। ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਸ ਬਿਲ ਤੇ ਕੱਲ੍ਹ ਨੂੰ ਵਿਚਾਰ ਕਰ ਲਿਆ ਜਾਵੇ ਅਤੇ ਇਹ ਆਈਟਮ ਕੱਲ ਲਈ ਜਾਵੇਗੀ।

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

***ਮਾਣਯੋਗ ਸਪੀਕਰ ਵੱਲੋ ਉਪਰੋਕਤ ਪ੍ਰਸਤਾਵ ਸਦਨ ਵੱਲੋਂ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

----

**ਮਾਨਯੋਗ ਸਪੀਕਰ** : ਸਦਨ ਮੰਗਲਵਾਰ, ਮਿਤੀ 12 ਮਾਰਚ, 2024 ਦੇ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ।

*5.09 ਵਜੇ ਸ਼ਾਮ) (*ਇਸ ਉਪਰੰਤ ਸਦਨ ਮੰਗਲਵਾਰ, ਮਿਤੀ 12 ਮਾਰਚ, 2024 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

**1705/Beant kaur/Shubham jain**